Punjabi Parwaz

# ਪੰਜਾਬੀ ਪਰਵਾਜ਼

ਅੰਕ 43ਵਾਂ (ਸ਼ਿਕਾਗੋ): 4 ਜਨਵਰੀ ਤੋਂ 17 ਜਨਵਰੀ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com

www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ...

## *ਕਦੀ ਆਪਣੇ ਲਈ ਅਤੇ ਕਦੀ ਨਿਓਟਿਆਂ-ਨਿਆਸਰਿਆਂ ਲਈ

**ਜਸਵੀਰ ਸਿੰਘ ਸ਼ੀਰੀ**



ਪਿਛਲੇ ਮਹੀਨੇ ਕੁ ਵਿੱਚ ਹੀ, ਜਦੋਂ ਤੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠੇ ਹਨ, ਪੰਜਾਬ, ਖਾਸ ਕਰਕੇ ਪੇਂਡੂ ਪੰਜਾਬ ਉਨ੍ਹਾਂ ਦੇ ਸਾਹਾਂ ਵਿੱਚ ਸਾਹ ਲੈਣ ਲੱਗਿਆ ਹੈ। ਇਹੋ ਇਸ ਖਿੱਤੇ ਦੀ ਫਿਤਰਤ ਹੈ। ਪੰਜਾਬ ਦਾ ਪੇਂਡੂ ਖੇਤਰ ਹੀ ਹੁਣ ਅਸਲ ਪੰਜਾਬ ਹੈ, ਕਿਉਂਕਿ ਸ਼ਹਿਰੀ ਮਜ਼ਦੂਰ ਅਤੇ ਮਾਲਕ ਦੋਨੇ ਗੈਰ-ਪੰਜਾਬੀ/ਗੈਰ-ਸਿੱਖ ਹਨ। ਬੀਤੇ ਦਿਨੀਂ ਜਦੋਂ ਲੁਧਿਆਣੇ ਦੀਆਂ ਸਨਅਤਾਂ ਦਾ ਗੰਦਾ ਪਾਣੀ ਕੁਝ ਸਮਾਜਿਕ ਕਾਰਕੁੰਨ ਅਤੇ ਵਾਤਾਵਰਣ ਪ੍ਰੇਮੀ ਬੁੱਢੇ ਦਰਿਆ ਵਿੱਚ ਪੈਣੋਂ ਬੰਦ ਕਰਨ ਲੱਗੇ ਸਨ ਤਾਂ ਇਹ ਪੰਜਾਬ ਦਾ ਸ਼ਹਿਰੀ ਮਾਲਕ+ਪਰਵਾਸੀ ਲਾਣਾ ਹੀ ਸੀ ਜਿਹੜਾ ਪੰਜਾਬ ਦੇ ਪਾਣੀਆਂ ਦੇ ਰਾਖਿਆਂ ਦੇ ਖਿਲਾਫ ਚੜ੍ਹ ਕੇ ਆ ਗਿਆ ਸੀ। ਇਹ ਜੰਗ ਹਾਲੇ ਮੁੱਕੀ ਨਹੀਂ। ਮੁੱਕਣੀ ਵੀ ਨਹੀਂ, ਜਦੋਂ ਤੱਕ ਇਹ ਕਹਾਣੀ ਸਿਰੇ ਨਹੀਂ ਲਗਦੀ। ਕੇਂਦਰੀ ਹਾਕਮ ਦੁਖੀ ਹਨ ਕਿ ਪੰਜਾਬ ਹਮੇਸ਼ਾਂ ਮੁਹਿੰਮਾਂ 'ਤੇ ਚੜ੍ਹਿਆ ਰਹਿੰਦਾ ਹੈ। ਪੰਜਾਬ ਨੇ ਮੁਹਿੰਮਾਂ 'ਤੇ ਚੜ੍ਹਿਆ ਰਹਿਣਾ, ਕਦੀ ਆਪਣੇ ਲਈ, ਕਦੀ ਨਿਤਾਣਿਆਂ-ਨਿਆਸਰਿਆਂ ਲਈ। ਮੁਹਿੰਮਾਂ ਦੀ ਗੁੜ੍ਹਤੀ ਇਸ ਧਰਤੀ ਨੂੰ ਜੰਮਦਿਆਂ ਹੀ ਮਿਲ ਗਈ ਸੀ। ਇਹ ਹੁਣ ਇਸ ਦੇ ਖਮੀਰ ਵਿੱਚ ਮੌਜੂਦ ਹੈ, ਮੌਜੂਦ ਰਹੇਗੀ।

1992-1993 ਵਿੱਚ ਖਾੜਕੂ ਸਿੱਖ ਲਹਿਰ ਦੇ ਨਿਵਾਣਾ ਵੱਲ ਚਲੇ ਜਾਣ ਤੋਂ ਬਾਅਦ ਹਰ ਸਿਆਸੀ ਅਸਫਲਤਾ ਨੂੰ 'ਅਤਿਵਾਦ' ਦੇ ਸਿਰ ਮੜ੍ਹ ਕੇ ਖਹਿੜਾ ਛੁਡਾ ਲਿਆ ਜਾਂਦਾ ਸੀ। ਹੁਣ ਤਾਂ ਉਨ੍ਹਾਂ ਘਟਨਾਵਾਂ ਨੂੰ ਥੰਮ੍ਹਿਆਂ ਵੀ 30-32 ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ! ਕੀ ਸੁਆਰ ਦਿੱਤਾ ਇੱਥੇ ਰਾਜ ਕਰਦੀਆਂ ਰਹੀਆਂ ਪਾਰਟੀਆਂ ਤੇ ਸਿਆਸਤਦਾਨਾਂ ਨੇ? ਹਾਲੇ ਤੱਕ ਵੀ ਸਾਡੇ ਤੋਂ ਨਾ ਆਪਣੀ ਆਰਥਿਕਤਾ ਲੀਹ 'ਤੇ ਲਿਆਂਦੀ ਗਈ ਹੈ, ਨਾ ਵਿਦਿਅਕ ਢਾਂਚਾ ਅਤੇ ਨਾ ਹੀ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਪੰਜਾਬ ਵਿੱਚ ਰਹੀਆਂ ਤੇ ਹੁਣ ਰਾਜ ਕਰ ਰਹੀਆਂ ਸਰਕਾਰਾਂ ਸਫਲ ਹੋ ਸਕੀਆਂ ਹਨ। ਸਗੋਂ ਸਥਿਤੀ ਅੱਗੇ ਨਾਲੋਂ ਵੀ ਵਿਗੜ ਗਈ ਹੈ। ਸਮੱਸਿਆਵਾਂ ਹੋਰ ਗੁੰਝਲਦਾਰ ਹੋ ਗਈਆਂ ਹਨ। ਕਦੀ ਅਸੀਂ ਨਹਿਰੀ ਪਾਣੀ-ਬਿਜਲੀ 'ਤੇ ਆਪਣੇ ਹੱਕ ਲਈ ਲੜਦੇ ਸਾਂ, ਉਹ ਤਾਂ ਨਹੀਂ ਮਿਲੇ, ਪਰ ਹੁਣ ਸਾਡੇ ਕੋਲ ਬਚਦੇ-ਖੁਚਦੇ ਪਾਣੀ ਵੀ ਖਤਮ ਹੋਣ ਕੰਢੇ ਹਨ। ਦਰਿਆਵਾਂ ਵਿੱਚ ਵਗਦਾ ਮਾੜਾ ਮੋਟਾ ਪਾਣੀ ਪ੍ਰਦੂਸ਼ਤ ਹੋ ਗਿਆ ਹੈ। ਧਰਤੀ ਹੇਠਲਾ ਪਤਾਲ ਨੂੰ ਜਾ ਲੱਗਾ ਹੈ। ਕੇਂਦਰ ਸਰਕਾਰ ਸਾਰੇ ਕੁਝ ਨੂੰ ਜਿਉਂ ਦਾ ਤਿਉਂ ਛੱਡ ਕੇ ਭੱਜਣ ਲਈ ਤਿਆਰ ਹੈ। ਪੰਜਾਬ ਦੇ ਸਿਆਸਤਦਾਨ ਪੰਜਾਬ ਦੀ ਮਿੱਟੀ (ਰੇਤਾ) ਵੇਚ ਕੇ ਵਿਦੇਸ਼ਾਂ ਵਿੱਚ ਆਪਣੇ ਲਈ ਸੁਰੱਖਿਅਤ ਟਿਕਾਣੇ, ਜਾਇਦਾਦਾਂ ਬਣਾ ਰਹੇ ਹਨ। ਹੋਰ ਵੇਚਣ ਲਈ ਹੁਣ ਬਚਿਆ ਵੀ ਕੀ ਹੈ? ਜਦੋਂ ਸੰਕਟ ਗਹਿਰਾ ਹੋਇਆ ਧਰਤੀ, ਪਾਣੀ ਆਬੋ-ਹਵਾ ਨੇ ਜੀਣੋਂ ਜਵਾਬ ਦੇ ਦਿੱਤਾ, ਸਾਰਾ ਸਿਆਸੀ ਕੋੜਮਾ ਜਹਾਜੇ ਚੜ੍ਹ ਜਾਵੇਗਾ। ਇਹੋ ਜਿਹੇ ਹਾਲਤਾਂ ਵਿੱਚ ਧਮਾਤੜ/ਜਵਾਨੀ ਕਿਧਰ ਨੂੰ ਜਾਵੇ? ਗੈਂਗਸਟਰ ਨਾ ਬਣੇ ਤਾਂ ਕੀ ਕਰੇ? ਕਿਸਾਨੀ ਸਰਕਾਰਾਂ ਦੇ ਸਿਰ ਚੜ੍ਹ ਕੇ ਨਾ ਮਰੇ ਤਾਂ ਹੋਰ ਕੀ ਕਰੇ? ਪੰਜਾਬ ਸਰਕਾਰ ਵਾਂਗ 'ਕੱਟੜ ਇਮਾਨਦਾਰ' ਹੋ ਜਾਵੇ?

ਇਨ੍ਹਾਂ ਸਮੱਸਿਆਵਾਂ ਦਾ ਸਾਡੀ ਪੰਜਾਬ ਸਰਕਾਰ ਕੋਲ, ਕੇਂਦਰ ਕੋਲ ਹੱਲ ਇਹ ਹੈ ਕਿ ਜਦੋਂ ਬੇਰੁਜ਼ਗਾਰੀ, ਆਰਥਕ ਅਵਾਜ਼ਾਰੀ, ਅਨਪੜ੍ਹਤਾ ਨਾਲ ਘੁਲਦੇ ਮੁੰਡੇ ਗਲਤੀ ਨਾਲ ਹਥਿਆਰ ਚੁੱਕ ਲੈਣ ਤਾਂ ਉਨ੍ਹਾਂ ਨੂੰ ਪੁਲਿਸ ਮੁਕਾਬਲੇ ਬਣਾ ਕੇ ਮਾਰ ਸੁੱਟੋ? ਮੁੰਡੇ ਵੀ ਗਰੀਬੀ ਨਾਲ ਘੁਲਦੇ ਘਰਾਂ ਦੇ? ਜਿਨ੍ਹਾਂ ਦਾ ਕੋਈ ਮੁਜ਼ਰਮਾਨਾ ਪਿੱਛੋਕੜ ਵੀ ਨਹੀਂ।

ਕੁੱਝ ਦਿਨ ਪਹਿਲਾਂ ਆਰ.ਐਸ.ਐਸ. ਦੇ ਮੁੱਖੀ ਮੋਹਨ ਭਾਗਵਤ ਨੇ ਭਾਜਪਾ ਨਾਲੋਂ ਥੋੜ੍ਹਾ ਫਰਕ ਪਾਉਂਦਿਆਂ ਬਿਆਨ ਦਿੱਤਾ ਸੀ ਕਿ ਦੇਸ਼ ਬਹੁਤ ਰੰਗ-ਬਰੰਗਾ ਤੇ ਬਹੁ-ਸੱਭਿਆਚਾਰੀ ਹੈ ਅਤੇ ਸਾਨੂੰ ਇਸ ਖਿਚੜੀ ਨੂੰ ਨਾਲ ਲੈ ਕੇ ਹੀ ਚਲਣਾ ਪਏਗਾ। ਪਰ ਇੱਕ ਦੋ ਦਿਨ ਬਾਅਦ ਹਕੂਮਤ ਦਾ ਅਸਲ ਰੰਗ ਉਘੜ ਆਇਆ। ਜਿਨ੍ਹਾਂ ਦੀ ਸਾਰੀ ਰਾਸ ਲੀਲ੍ਹਾ ਹੀ ਭੇਦਭਾਵ/ਊਚ ਨੀਚ 'ਤੇ ਖੜ੍ਹੀ ਹੈ, ਉਹ ਸਦਭਾਵਨਾ ਸਿੱਖਾ ਰਹੇ ਹਨ। ਇਹ ਭੇਦ ਭਾਵ ਤਾਂ ਗੈਂਗਸਟਰਾਂ ਤੱਕ ਉਤਰ ਆਇਆ ਹੈ। ਇਕਨਾਂ (ਗੈਂਗਸਟਰਾਂ) ਦੀ ਜੁਆਈਆਂ ਵਾਂਗ ਸੇਵਾ ਕਰਦੇ ਹੋ, ਪੁਲਿਸ ਹਿਰਾਸਤਾਂ ਵਿੱਚ ਇੰਟਰਵਿਊਆਂ ਕਰਵਾਉਂਦੇ ਹੋ, ਦੂਜਿਆਂ ਦੇ ਗੋਲੀਆਂ ਮਾਰਦੇ ਹੋ? ਗੈਂਗਸਟਰ ਦੇਸ਼ ਭਗਤ ਤੇ ਦੇਸ਼ ਧਰੋਹੀ ਕਦੋਂ ਦੇ ਹੋ ਗਏ? ਇਹ ਤਰੀਕਾ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦਾ ਹੈ? ਅਖੇ ਯੂ.ਪੀ. ਵਿੱਚ ਆਣ ਕੇ ਤਸੀਂ ਸੁਰੱਖਿਅਤ ਨਹੀਂ ਰਹਿ ਸਕਦੇ? ਪੰਜਾਬ ਵਿੱਚ ਅਸੀਂ ਸੁਰੱਖਿਅਤ ਹਾਂ? ਮਰਨ ਵਰਤ ਰੱਖ ਸਕਦੇ ਹਾਂ ਜਾਂ ਖੁਦਕਸ਼ੀ ਕਰ ਸਕਦੇ ਹਾਂ। ਆਸੇ-ਪਾਸੇ ਗਏ ਤਾਂ ਭਗਵੇਂ ਮੀਰ ਮੰਨੂ ਦੇ ਬੁਲਡੋਜ਼ਰ ਤੋਂ ਵੀ ਬਚ ਨਹੀਂ ਸਕਦੇ, ਕਿੱਥੇ ਬਚ ਸਕਦੇ ਹਾਂ ਅਸੀਂ? "ਵੀਰ ਬਾਲ ਦਿਵਸ" ਦੇ ਮੌਕੇ 'ਤੇ ਪੰਜਾਬ ਦੇ ਗਰੀਬ/ਦਲਿਤ ਪਰਿਵਾਰਾਂ ਦੇ ਮੁੰਡਿਆਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਕੇ ਕਿਹੜਾ ਸਖਤ ਸੁਨੇਹਾ ਦਿੱਤਾ ਜਾ ਰਿਹਾ ਸਾਨੂੰ? ਸਾਹਿਬਜ਼ਾਦਿਆਂ ਨੂੰ ਦਿੱਤੇ ਗਏ ਸੁਨੇਹੇ ਨਾਲੋਂ ਵੀ ਸਖ਼ਤ ਹੈ ਤੁਹਾਡਾ ਇਹ ਸੁਨੇਹਾ?


ਪੰਜਾਬ ਨਾਲ, ਪੰਜਾਬੀ ਨਾਲ, ਪੰਜਾਬ ਦੀ ਧਰਤੀ ਤੇ ਆਬੋ ਹਵਾ ਨਾਲ, ਲੋਕਾਂ ਨਾਲ, ਰੁੱਖਾਂ ਤੇ ਫਿਜ਼ਾਵਾਂ ਨਾਲ ਮੁਹੱਬਤ ਕਰਨ ਵਾਲੇ ਲੋਕਾਂ, ਬੱਚੇ-ਖੁਚੇ ਬੱਧੀਮਾਨਾਂ/ਸਿਆਸਤ ਦਾ ਮੱਸ ਰੱਖਣ ਵਾਲੀ ਅਕਲ ਨੂੰ ਅਪੀਲ ਹੈ ਕਿ ਕਰ ਲਓ ਕੋਈ ਬੰਨ੍ਹ ਸੁੱਬ ਜੇ ਹੁੰਦਾ ਤੇ! ਤੁਹਾਡੇ ਪੈਰਾਂ ਹੇਠੋਂ ਜ਼ਮੀਨ ਖੁੱਸਣ ਵਾਲੀ ਹੈ, ਲਬਾਂ ਤੋਂ ਪਾਣੀ ਸੁੱਕ ਜਾਣਾ ਅਤੇ ਸਾਹਾਂ ਜੋਗ ਆਸਮਾਨ ਨਹੀਂ ਬਚਣਾ। ਜੇ ਇਸ ਤੋਂ ਵੀ ਬਚ ਗਏ ਤਾਂ ਹੜ੍ਹਾਂ ਨੇ ਡੋਬ ਦੇਣਾ। ਸਾਡੀ ਜ਼ਮੀਨ ਸਿੰਜਣ ਲਈ ਤੇ ਦਰਿਆਵਾਂ 'ਚ ਪਾਣੀ ਹੁਣ ਰਿਹਾ ਨਹੀਂ, ਡੋਬਣ ਵੇਲੇ

⇒ ਬਾਕੀ ਸਫਾ 3 ਉਤੇ ਪੜ੍ਹੋ









# ਡਾ. ਮਨਮੋਹਨ ਸਿੰਘ

## ਤੁਰ ਗਿਆ ਮੰਝਧਾਰ 'ਚੋਂ ਬੇੜੀ ਧੂਹ ਲਿਆਉਣ ਵਾਲਾ ਮਲਾਹ



ਪੰਜਾਬੀ ਪਰਵਾਜ਼ ਬਿਊਰੋ

ਨੱਬਵਿਆਂ ਦੇ ਸ਼ੁਰੂ ਵਿੱਚ ਦੇਸ਼ ਨੂੰ ਆਰਥਿਕ ਸੰਕਟ ਵਿੱਚੋਂ ਉਭਾਰਨ ਵਿੱਚ ਕੇਂਦਰੀ ਭੂਮਿਕਾ ਅਦਾ ਕਰਨ ਵਾਲੇ ਦੇਸ਼ ਦੇ ਵਿੱਤ ਮੰਤਰੀ ਅਤੇ ਬਾਅਦ ਵਿੱਚ ਦੋ ਵਾਰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ ਡਾ. ਮਨਮੋਹਨ ਸਿੰਘ ਬੀਤੇ 26 ਦਸੰਬਰ 2024 ਦੀ ਸ਼ਾਮ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਉਮਰ ਵਧਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਨਾਲ ਜੂਝ ਰਹੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਮੌਕੇ ਮੁਲਕ ਉਨ੍ਹਾਂ ਦੀ ਦੇਸ਼ ਦੀ ਆਰਥਕ ਅਤੇ ਸਿਆਸੀ ਜ਼ਿੰਦਗੀ ਨੂੰ ਲੀਹ 'ਤੇ ਲਿਆਉਣ ਲਈ ਦਿੱਤੇ ਗਏ ਯੋਗਦਾਨ ਨੂੰ ਯਾਦ ਕਰ ਰਿਹਾ ਹੈ।

ਜਨਵਰੀ 2014 ਵਿੱਚ ਆਪਣੇ ਦੂਜੇ ਕਾਰਜਕਾਲ ਦੇ ਅੰਤ ਮੌਕੇ ਮਰਹੂਮ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਨੇ ਆਪਣੀ ਵਿਰਾਸਤ ਬਾਰੇ ਕਿਹਾ ਸੀ, "ਮੈਂ ਇਮਾਨਦਾਰੀ ਨਾਲ ਵਿਸ਼ਵਾਸ ਕਰਦਾ ਹਾਂ ਕਿ ਮੌਜੂਦਾ ਮੀਡੀਆ ਦੇ ਮੁਕਾਬਲੇ ਇਤਿਹਾਸ ਮੇਰੇ ਪ੍ਰਤੀ ਵਧੇਰੇ ਦਯਿਆਵਾਨ ਹੋਵੇਗਾ।" ਅਸਲ ਵਿੱਚ ਇਹ ਉਹ ਸਮਾਂ ਸੀ, ਜਦੋਂ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਦੂਸਰੇ ਕਾਰਜਕਾਲ ਦੇ ਅੰਤ ਵਿੱਚ ਕਥਿਤ ਭ੍ਰਿਸ਼ਟਾਚਾਰ ਅਤੇ ਕਈ ਹੋਰ ਕਾਰਨਾਂ ਕਰਕੇ ਮੀਡੀਆ ਉਨ੍ਹਾਂ ਦਾ ਤੀਬਰ ਆਲੋਚਕ ਬਣਿਆ ਹੋਇਆ ਸੀ। ਪਰ ਹੁਣ, ਉਨ੍ਹਾਂ ਦੇ ਆਪਣੇ ਦੌਰ ਨਾਲੋਂ ਮੀਡੀਆ ਵਿਸ਼ਲੇਸ਼ਣ ਕਾਫੀ ਜ਼ਿਆਦਾ ਸੰਤੁਲਨ ਹੋ ਗਏ ਹਨ; ਕਿਉਂਕਿ ਹਿੰਦੁਸਤਾਨੀ ਰਾਜਨੀਤਿਕ ਇਤਿਹਾਸ ਨੇ ਮੋਦੀ ਸਰਕਾਰ ਦੇ ਦਸ ਸਾਲਾਂ ਦਾ ਸਮਾਂ ਵੀ ਵੇਖ ਲਿਆ ਹੈ। ਇਸ ਦੀਆਂ ਬਹੁਤ ਸਾਰੀਆਂ ਨਾਕਾਮੀਆਂ ਨੇ ਪਿਛਲੀਆਂ ਆਮ ਚੋਣਾਂ ਵਿੱਚ ਨਰਿੰਦਰ ਮੋਦੀ ਦੀ ਚੋਣ ਡਗਰ ਵੀ ਮੁਸ਼ਕਲ ਬਣਾ ਦਿੱਤੀ ਸੀ। ਵਿਰੋਧੀ ਧਿਰਾਂ ਦਾ ਗੱਠਜੋੜ ਜੇ ਕੁਝ ਸਮਾਂ ਪਹਿਲਾਂ ਹੋ ਗਿਆ ਹੁੰਦਾ ਅਤੇ ਵਧੇਰੇ ਸੰਗਠਿਤ ਹੁੰਦਾ ਤਾਂ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਮਾਣ ਸ਼ਾਇਦ ਹੀ ਮਿਲ ਸਕਦਾ। ਭਾਵੇਂ ਕਿ ਦੋਹਾਂ ਪਾਰਟੀਆਂ ਦੀ ਵਿਚਾਰਧਾਰਾ ਅਤੇ ਦੋਨੋ ਪ੍ਰਧਾਨ ਮੰਤਰੀਆਂ ਦਾ ਕੰਮ ਕਰਨ ਦਾ ਤੌਰ ਤਰੀਕਾ ਬਹੁਤ ਜ਼ਿਆਦਾ ਵੱਖਰਾ ਹੈ, ਫਿਰ ਵੀ ਇਸ ਦਾ ਤੁਲਨਾਤਮਕ ਅਧਿਅਨ ਦੇਸ਼ ਦੇ ਅਰਥ-ਸ਼ਾਸਤਰੀਆਂ ਨੂੰ ਗਹਿਰੇ ਸਬਕ ਦੇਵੇਗਾ। ਇਹ ਵੀ ਪਤਾ ਲੱਗੇਗਾ ਕਿ ਕਿਸ ਦੀ ਇਤਿਹਾਸਕ ਵਿਰਾਸਤ (ਲੀਗੇਸੀ) ਇਸ ਦੇਸ਼ ਦੀ ਸਿਵਲ, ਰਾਜਨੀਤਿਕ ਅਤੇ ਆਰਥਕ ਜ਼ਿੰਦਗੀ ਲਈ ਵਧੇਰੇ ਲਾਹੇਵੰਦ ਰਹੀ ਹੈ।

ਦੇਸ਼, ਡਾ. ਮਨਮੋਹਨ ਸਿੰਘ ਨੂੰ ਸਭ ਤੋਂ ਵੱਧ ਉਸ ਵਿੱਤੀ ਅਗਵਾਈ ਲਈ ਯਾਦ ਕਰੇਗਾ, ਜਦੋਂ ਨਰਸਿਮਾਹ ਰਾਓ ਸਰਕਾਰ ਵਿੱਚ ਵਿੱਤ ਮੰਤਰੀ ਦਾ ਅਹੁਦਾ ਸੰਭਾਲਦਿਆਂ ਉਨ੍ਹਾਂ ਨੇ ਹਿੰਦੁਸਤਾਨ ਨੂੰ ਸੰਭਾਵਿਤ ਆਰਥਿਕ ਡੋਬੇ ਵਿੱਚੋਂ ਬਾਹਰ ਕੱਢ ਲਿਆ ਸੀ। ਜ਼ਰੂਰੀ ਵਸਤਾਂ ਦੀ ਦਰਾਮਦ ਲਈ ਲੋੜੀਂਦੇ ਵਿਦੇਸ਼ੀ ਸਿੱਕੇ ਦਾ ਭੰਡਾਰ ਸਿਰਫ ਇੱਕ ਮਹੀਨੇ ਜੋਗਾ ਰਹਿ ਗਿਆ ਸੀ ਅਤੇ ਦੇਸ਼ ਨੂੰ ਆਪਣੇ ਸੋਨੇ ਦੇ ਭੰਡਾਰ (ਗੋਲਡ ਰਿਜ਼ਰਵ) ਇੰਗਲੈਂਡ ਕੋਲ ਗਹਿਣੇ ਰੱਖਣੇ ਪੈ ਗਏ ਸਨ। ਅਸਲ ਵਿੱਚ 1980 ਵਿੱਚ ਆਣ ਕੇ 1947 ਤੋਂ ਬਾਅਦ ਅਪਣਾਇਆ ਗਿਆ ਯੋਜਨਾਬੱਧ ਆਰਥਕ ਵਿਕਾਸ ਦਾ ਮਾਡਲ ਥਕਾਵਟ ਮਹਿਸੂਸ ਕਰਨ ਲੱਗ ਪਿਆ ਸੀ। ਇਸ ਦੌਰ ਵਿੱਚ ਵਿਕਾਸ ਦਾ ਮੁੱਖ ਇੰਜਣ ਪਬਲਿਕ ਸੈਕਟਰ ਸੀ, ਜਿਹੜਾ ਆਸ ਅਨੁਸਾਰ ਸਰਮਾਇਆ ਜੁਟਾਉਣ ਵਿੱਚ ਅਸਮਰੱਥ ਰਹਿ ਰਿਹਾ ਸੀ, ਜਦਕਿ ਪ੍ਰਾਈਵੇਟ ਸੈਕਟਰ ਦਾ ਗਲ਼ਾ ਕੋਟਾ-ਲਾਈਸੈਂਸ ਰਾਜ ਨੇ ਘੁੱਟ ਰੱਖਿਆ ਸੀ। ਇਸ ਤਰ੍ਹਾਂ ਆਰਥਕ ਵਿਕਾਸ ਦੇ ਦੋਨੋ ਪ੍ਰਮੁੱਖ ਖੇਤਰ ਕਿਸੇ ਡੂੰਘੀ ਮਰਜ਼ ਦਾ ਸ਼ਿਕਾਰ ਹੋ ਗਏ ਵਿਖਾਈ ਦਿੰਦੇ ਸਨ।

ਇਸ ਸਾਰੀ ਸਥਿਤੀ ਨੂੰ ਉਥਾਨ ਮੁਖੀ ਵੇਗ 1991 ਦੇ ਬਜਟ ਨਾਲ ਮਿਲਿਆ, ਜਿਸ ਵਿੱਚ ਵਿੱਤ ਮੰਤਰੀ ਸ. ਮਨਮੋਹਨ ਸਿੰਘ ਨੇ ਸਨਅਤੀ ਖੇਤਰ ਨੂੰ ਡੀਰੈਗੂਲੇਸ਼ਨ ਅਤੇ ਸਮੁੱਚੇ ਆਰਥਕ ਚਲਨ ਨੂੰ ਉਦਾਰੀਕਰਣ ਦੇ ਰਾਹ ਪਾਇਆ। ਇਹ ਵੱਖਰੀ ਗੱਲ ਹੈ ਕਿ ਇਸ ਤੋਪੇ-ਤੋੜ ਉਦਾਰੀਕਰਣ ਦੀਆਂ ਆਪਣੀਆਂ ਸਮੱਸਿਆਵਾਂ ਵੀ ਹੁਣ ਸਾਹਮਣੇ ਆ ਗਈਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸੰਬੋਧਨ ਹੋਏ ਬਿਨਾ ਆਰਥਿਕ ਵਿਕਾਸ ਨੂੰ ਪੂਰੀ ਮਨੁੱਖ ਜਾਤੀ, ਕੁਦਰਤ ਅਤੇ ਕਾਇਨਾਤ ਦੀ ਸਰਬਉੱਚ ਰਜ਼ਾ ਦੇ ਅਨਕੂਲ ਨਹੀਂ ਕੀਤਾ ਜਾ ਸਕਦਾ; ਪਰ ਜਿਸ ਵੇਲੇ ਡਾ. ਮਨਮੋਹਨ ਸਿੰਘ ਨੇ ਭਾਰਤੀ ਆਰਥਿਕਤਾ ਨੂੰ ਪੈਰਾਂ ਸਿਰ ਕਰਨ ਦੇ ਯਤਨ ਅਰੰਭੇ, ਉਦੋਂ ਉਨ੍ਹਾਂ ਕੋਲੋਂ ਮੌਜੂਦਾ ਸਮੇਂ ਵਿੱਚ ਪੈਦਾ ਹਈਆਂ ਸਮੱਸਿਆਵਾਂ ਦੇ ਅਗਾਊਂ ਹੱਲ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਉਨ੍ਹਾਂ ਨੇ ਆਪਣੇ ਸਮੇਂ ਦੀ ਇਤਿਹਾਸਕ ਲੋੜ ਨੂੰ ਭਰਵਾਂ ਹੁੰਘਾਰਾ ਭਰਿਆ। ਉਸ ਵਕਤ ਉਹ ਕੁਝ ਹੀ ਸੰਭਵ ਸੀ, ਜੋ ਉਨ੍ਹਾਂ ਨੇ ਕੀਤਾ।

ਉਸ ਵਕਤ ਉਨ੍ਹਾਂ ਦੇ ਇਹੋ ਜਿਹੇ ਕਦਮਾਂ ਦਾ ਪਾਰਟੀ ਦੇ ਬਾਹਰੋਂ (ਖਾਸ ਕਰਕੇ ਖੱਬੇ ਪੱਖੀਆਂ ਪਾਰਟੀਆਂ ਅਤੇ ਬੁੱਧੀਜੀਵੀਆਂ ਵੱਲੋਂ) ਅਤੇ ਪਾਰਟੀ ਦੇ ਅੰਦਰੋਂ ਜ਼ੋਰਦਾਰ ਵਿਰੋਧ ਹੋ ਰਿਹਾ ਸੀ। ਇਸ ਵਿਰੋਧ ਨੂੰ ਖੁੰਢਾ ਕਰਨ ਲਈ ਭਾਵੇਂ ਸ. ਮਨਮੋਹਨ ਸਿੰਘ ਨੇ ਮੱਥੇ ਵਾਲਾ ਬੋਰਡ (ਸਰਕਾਰੀ ਦੁਕਾਨ ਦੇ) ਮਿਕਸਡ ਆਰਥਿਕਤਾ ਵਾਲਾ ਹੀ ਲਗਾਈ ਰੱਖਿਆ, ਪਰ ਅਮਲੀ ਤੌਰ 'ਤੇ ਉਨ੍ਹਾਂ ਨੇ ਲਿਬਰਲ ਆਰਥਿਕਤਾ ਨੂੰ ਪੂਰੀ ਗਤੀ ਨਾਲ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸ. ਮਨਮੋਹਨ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਇਸ ਖੁੱਲ੍ਹ ਖੇਡ ਨੇ ਇੱਕ ਵਾਰ ਤਾਂ ਭਾਵੇਂ ਪ੍ਰਾਈਵੇਟ ਆਰਥਿਕ ਉਦਮ ਨੂੰ ਭਰਵੀਂ ਗਤੀ ਦਿੱਤੀ ਅਤੇ ਦੇਸ਼ ਦੀ ਆਰਥਿਕ ਵਿਕਾਸ ਗਤੀ (ਜੀ.ਡੀ.ਪੀ.) ਦੋ ਹਿੰਦਸਿਆਂ ਨੂੰ ਵੀ ਛੂਹ ਗਈ, ਪਰ ਇਸ ਗਰੋਥ ਵਿੱਚ ਦੇਸ਼ ਦੇ ਮੈਨੂਫੈਕਚਰਿੰਗ ਸੈਕਟਰ ਦਾ ਹਿੱਸਾ ਨਾਂਹ ਦੇ ਬਰਾਬਰ ਹੀ ਰਿਹਾ। ਆਈ.ਟੀ. ਤੇ ਸਰਵਿਸ ਸੈਕਟਰ ਨੇ ਉਂਝ ਤੇਜ਼ੀ ਨਾਲ ਵਿਕਾਸ ਕੀਤਾ, ਪਰ ਮੈਨੂਫੈਕਚਰਿੰਗ ਸੈਕਟਰ ਵਿੱਚ ਪਛੜ ਜਾਣ ਕਾਰਨ ਵਿਕਾਸ ਦੇ ਬਾਵਜੂਦ ਲੋਕਾਂ ਨੂੰ ਰੁਜ਼ਗਾਰ ਬੇਹੱਦ ਨਿਗੁਣਾ ਮਿਲਿਆ।

ਭਾਰਤ ਦੇ ਮੁਕਾਬਲੇ ਚੀਨ ਨੇ ਮੈਨੂਫੈਕਚਰਿੰਗ ਸੈਕਟਰ ਨੂੰ ਤਰਜ਼ੀਹ ਦਿੱਤੀ ਅਤੇ ਬਾਅਦ ਵਿੱਚ ਰਿਸਰਚ ਅਤੇ ਡਿਵੈਲਪਮੈਂਟ ਦੇ ਸੈਕਟਰ ਨੂੰ ਵੀ ਤੇਜ਼ੀ ਨਾਲ ਵਿਕਸਤ ਕਰ ਲਿਆ। ਇਸੇ ਲਈ ਆਰਥਕ ਵਿਕਾਸ ਦੇ ਨਾਲ ਨਾਲ ਚੀਨ ਨੇ ਰੁਜ਼ਗਾਰ ਨੂੰ ਵੀ ਵੱਡੀ ਪੱਧਰ 'ਤੇ ਪੈਦਾ ਕੀਤਾ। ਇਸ ਦੇ ਮੁਕਾਬਲੇ ਸਾਡੇ ਇਧਰ ਸਟਾਕ ਐਕਸਚੇਂਜ ਸਮੇਤ ਕੁਝ ਕੁ ਪੂੰਜੀਦਾਰਾਂ ਦੀਆਂ ਝੋਲੀਆਂ ਤਾਂ ਭਾਵੇਂ ਤੇਜ਼ੀ ਨਾਲ ਭਰ ਰਹੀਆਂ ਹਨ, ਪਰ ਆਮ ਜਨ ਸਧਾਰਨ ਕੋਲੋਂ ਰੁਜ਼ਗਾਰ ਦੇ ਮੌਕੇ ਅਤੇ ਪੈਸਾ ਤੇਜ਼ੀ ਨਾਲ ਖੁੱਸਦਾ ਜਾ ਰਿਹਾ ਹੈ। ਬੇਰੁਜ਼ਗਾਰਾਂ ਦੀ ਫੌਜ ਆਏ ਦਿਨ ਵਧ ਰਹੀ ਹੈ। ਉਂਝ ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਰ ਆਏ ਦਿਨ ਆਖ ਰਹੇ ਹਨ ਕਿ ਭਾਰਤ ਦੁਨੀਆਂ ਦੀ ਤੀਜੇ ਨੰਬਰ ਦੀ ਆਰਥਿਕਤਾ ਬਣਨ ਜਾ ਰਿਹਾ ਹੈ। ਇਸ ਪ੍ਰਾਪਤੀ ਦੇ ਸਮਾਨੰਤਰ ਲੋਕਾਂ ਕੋਲੋਂ ਉਨ੍ਹਾਂ ਦੀ ਖੁਸ਼ੀ (ਹੈਪੀਨੈਸ) ਅਤੇ ਸੰਤੁਸ਼ਟੀ ਖੁੱਸ ਗਈ ਹੈ। ਪਰ ਕੈਪੀਟਾ ਇਨਕਮ ਦੇ ਹਿਸਾਬ ਨਾਲ ਭਾਰਤ ਦਾ ਸਥਾਨ 125 ਦੇਸ਼ਾਂ ਤੋਂ ਨੀਚੇ ਹੈ। ਇੱਥੋਂ ਤੱਕ ਕਿ ਗੁਆਂਢੀ ਮੁਲਕ ਬੰਗਲਾ ਦੇਸ਼ ਨਾਲੋਂ ਵੀ ਅਸੀਂ ਪਰ ਕੈਪੀਟਾ ਇਨਕਮ ਦੇ ਹਿਸਾਬ ਨਾਲ ਪਿੱਛੇ ਹਾਂ। ਇਸ ਮੁਲਕ ਦੀ ਅਮੀਰ ਕਲਾਸ ਦੁਨੀਆਂ ਦੇ ਕੁਝ ਚੁਣਵੇਂ ਅਮੀਰਾਂ ਵਿੱਚ ਸ਼ੁਮਾਰ ਹੋਣ ਲੱਗੀ ਹੈ, ਪਰ ਪ੍ਰਤੀ ਵਿਅਕਤੀ ਆਮਦਨੀ ਦੇ ਹਿਸਾਬ ਨਾਲ ਬੰਗਲਾ ਦੇਸ਼ ਜਿਹੇ ਮੁਲਕਾਂ ਦਾ ਵੀ ਮੁਕਾਬਲਾ ਨਹੀਂ ਕਰ ਪਾ ਰਹੇ।

ਉਂਝ ਇਹ ਸੱਚ ਹੈ ਕਿ ਮੁਲਕ ਦੇ ਵੱਡੀ ਗਿਣਤੀ ਵਿੱਚ ਲੋਕ ਅਤਿ ਗਰੀਬੀ (ਐਕਸਟਰੀਮ ਪਾਵਰਟੀ) ਵਾਲੀ ਹਾਲਤ ਵਿੱਚੋਂ ਜ਼ਰੂਰ ਬਾਹਰ ਨਿਕਲੇ ਹਨ। ਇਸ ਦਾ ਵੱਡਾ ਸਿਹਰਾ ਵੀ ਡਾ. ਮਨਮੋਹਨ ਸਿੰਘ ਵਾਲੇ ਕਾਰਜਕਾਲ ਨੂੰ ਹੀ ਜਾਂਦਾ ਹੈ। ਉਹ ਆਪਣੇ ਵੱਲੋਂ ਸ਼ੁਰੂ ਕੀਤੀ ਗਈ ਉਦਾਰੀਕਰਨ ਦੀ ਮੁਹਿੰਮ ਨੂੰ 'ਕੈਪੀਟੇਲਿਜ਼ਮ ਵਿਦ ਹਿਊਮਨ ਫੇਸ' ਦਾ ਨਾਂ ਦਿਆ ਕਰਦੇ ਸਨ। ਉਨ੍ਹਾਂ ਦੇ ਸਮੇਂ ਵਿੱਚ ਹੀ ਕੇਂਦਰ ਸਰਕਾਰ ਵੱਲੋਂ ਰਾਈਟ ਆਫ ਐਜੂਕੇਸ਼ਨ ਵਾਲਾ ਕਾਨੂੰਨ ਬਣਿਆ। ਇਸ ਨਾਲ ਗਰੀਬ ਤੋਂ ਗਰੀਬ ਬੱਚੇ ਲਈ ਸਿੱਖਿਆ ਦਾ ਹੱਕ ਕਾਨੂੰਨੀ ਅਧਿਕਾਰ ਬਣ ਗਿਆ। ਇਸ ਤੋਂ ਇਲਾਵਾ 2013 ਵਿੱਚ ਨੈਸ਼ਨਲ ਫੂਡ ਸਿਕਿਉਰਿਟੀ ਐਕਟ ਬਣਿਆ। ਇੰਜ ਖੁਰਾਕ ਦਾ ਅਧਿਕਾਰ ਵੀ ਬੁਨਿਆਦੀ ਕਾਨੂੰਨੀ ਹੱਕ ਬਣ ਗਿਆ। ਪੱਛੜੀਆਂ ਸ਼੍ਰੇਣੀਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਲੈਂਡ ਐਕੁਇਜ਼ੀਸ਼ਨ ਐਕਟ 2013 ਲਿਆਂਦਾ ਗਿਆ। ਪੇਂਡੂ ਗਰੀਬਾਂ ਨੂੰ ਯਕੀਨੀ ਰੁਜ਼ਗਾਰ ਦੇਣ ਲਈ ਮਨਰੇਗਾ ਸਕੀਮ ਲਿਆਂਦੀ ਗਈ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਕਥਨਾਂ ਅਨੁਸਾਰ ਲਿਬਰਲ ਆਰਥਿਕਤਾ ਦੇ ਦਰਮਿਆਨ ਕਰੋੜਾਂ ਗਰੀਬ ਦੇਸ਼ ਵਾਸੀਆਂ ਦੇ ਬੁਨਿਆਦੀ ਅਧਿਕਾਰਾਂ ਨੂੰ ਕਾਨੂੰਨੀ ਤੌਰ 'ਤੇ ਸੁਰੱਖਿਅਤ ਕਰਨ ਦੀ ਪੂਰੀ ਵਾਹ ਲਾਈ।

ਡਾ. ਮਨਮੋਹਨ ਸਿੰਘ ਦੇ ਚਲਾਣੇ 'ਤੇ ਦੇਸ਼ ਦੇ ਅੰਦਰੋਂ ਅਤੇ ਬਾਹਰੋਂ ਬਹੁਤ ਸਾਰੇ ਸ਼ੋਕ ਸੰਦੇਸ਼ ਆ ਰਹੇ ਹਨ। ਉਨ੍ਹਾਂ ਬਾਰੇ ਬੋਲਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਮਨਮੋਹਨ ਸਿੰਘ ਨੇ ਦੇਸ਼ ਦੀ ਆਰਥਿਕਤਾ 'ਤੇ ਡੂੰਘੀ ਛਾਪ ਛੱਡੀ ਹੈ। ਉਨ੍ਹਾਂ ਨੇ ਆਪਣੇ ਪ੍ਰਧਾਨ ਮੰਤਰੀ ਕਾਲ ਵਿੱਚ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਭਰਪੂਰ ਉਪਰਾਲੇ ਕੀਤੇ।" ਇਸੇ ਦੌਰਾਨ ਰਾਹੁਲ ਗਾਂਧੀ ਨੇ ਕਿਹਾ, "ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ ਹਮੇਸ਼ਾ ਸਾਨੂੰ ਪ੍ਰੇਰਤ ਕਰਦੀ ਰਹੇਗੀ। ਇਸ ਮੁਲਕ ਨੂੰ ਪਿਆਰ ਕਰਨ ਵਾਲੇ ਲੋਕਾਂ ਵਿੱਚ ਉਨ੍ਹਾਂ ਦਾ ਕੱਦ ਹਮੇਸ਼ਾ ਉੱਚਾ ਰਹੇਗਾ।" ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬੀਬੀ ਮਮਤਾ ਬੈਨਰਜੀ ਨੇ ਉਨ੍ਹਾਂ ਦੇ ਯੋਗਦਾਨ ਦੀ ਚਰਚਾ ਕਰਦਿਆਂ ਕਿਹਾ, "ਉਹ ਬਹੁਤ ਘੱਟ ਬੋਲਣ ਵਾਲੇ ਆਗੂ ਸਨ ਅਤੇ ਉਨ੍ਹਾਂ ਦੀ ਸਮਾਜ ਭਲਾਈ ਸਕੀਮਾਂ ਨੇ ਕਰੋੜਾਂ ਭਾਰਤੀਆਂ ਨੂੰ ਜੀਣ ਜੋਗੀਆਂ ਜੀਵਨ ਹਾਲਤਾਂ ਪ੍ਰਦਾਨ ਕੀਤੀਆਂ।" ਤਾਮਿਲਮਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕਿਹਾ ਕਿ ਉਨ੍ਹਾਂ ਨੇ ਗੱਲਾਂ ਦਾ ਕੜਾਹ ਘੱਟ ਕੀਤਾ, ਪਰ ਪ੍ਰਾਪਤੀਆਂ ਜ਼ਿਆਦਾ ਕੀਤੀਆਂ। ਉਹ ਬਿਆਨਬਾਜ਼ੀ ਨਾਲੋਂ ਕੰਮ ਕਰਨ ਵਿੱਚ ਵਧੇਰੇ ਵਿਸ਼ਵਾਸ਼ ਰੱਖਦੇ ਸਨ। ਇੱਥੇ ਇਹ ਯਾਦ ਕਰਨਾ ਵੀ ਕੁਥਾਂ ਨਹੀਂ ਹੋਏਗਾ ਕਿ ਇੱਕ ਵਾਰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਸੀ, "ਜਦੋਂ ਮਨਮੋਹਨ ਸਿੰਘ ਬੋਲਦੇ ਹਨ ਤਾਂ ਸਾਰੀ ਦੁਨੀਆਂ ਸੁਣਦੀ ਹੈ।" ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਅੱਜ ਦੀ ਦੁਨੀਆਂ ਨੇ ਆਪਣਾ ਇੱਕ ਰਹਿਬਰ ਗੁਆ ਲਿਆ ਹੈ।

## 7 ਫ਼ੈਸਲੇ: ਜਿਨ੍ਹਾਂ ਨੇ ਭਾਰਤ ਦੀ ਦਿਸ਼ਾ ਤੇ ਦਸ਼ਾ ਬਦਲੀ

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦੇਹਾਂਤ ਤੋਂ ਬਾਅਦ ਦੇਸ਼ ਭਰ ਵਿੱਚ ਲੋਕ ਉਨ੍ਹਾਂ ਦੇ ਯੋਗਦਾਨ 'ਤੇ ਗੱਲ ਕਰ ਰਹੇ ਹਨ। ਵਿੱਤ ਮੰਤਰੀ ਹੁੰਦਿਆਂ ਉਨ੍ਹਾਂ ਦੀਆਂ ਦੱਸੀਆਂ ਨੀਤੀਆਂ ਨੇ ਦੇਸ਼ ਵਿੱਚ ਲਾਇਸੈਂਸ ਰਾਜ ਨੂੰ ਖਤਮ ਕਰ ਉਦਾਰੀਕਰਨ ਦਾ ਇੱਕ ਅਜਿਹਾ ਦਰਵਾਜ਼ਾ ਖੋਲ੍ਹ ਦਿੱਤਾ ਸੀ, ਜਿਸ ਨੇ ਭਾਰਤ ਨੂੰ ਨਾ ਸਿਰਫ਼ ਗੰਭੀਰ ਆਰਥਿਕ ਸੰਕਟ ਤੋਂ ਬਚਾਇਆ, ਬਲਕਿ ਦੇਸ਼ ਦੀ ਦਸ਼ਾ ਅਤੇ ਦਿਸ਼ਾ- ਦੋਵੇਂ ਬਦਲ ਦਿੱਤੀਆਂ। ਉਨ੍ਹਾਂ ਪ੍ਰਧਾਨ ਮੰਤਰੀ ਵਜੋਂ ਦਸ ਸਾਲ ਦੇ ਕਾਰਜਕਾਲ ਵਿੱਚ ਕਈ ਅਜਿਹੇ ਵੱਡੇ ਫ਼ੈਸਲੇ ਲਏ, ਜੋ ਮੀਲ ਦਾ ਪੱਥਰ ਸਾਬਿਤ ਹੋਏ:

**ਸੂਚਨਾ ਦਾ ਅਧਿਕਾਰ ਯਾਨੀ ਆਰ. ਟੀ. ਆਈ.:** ਡਾ. ਮਨਮੋਹਨ ਸਿੰਘ ਦੇ ਕਾਰਜਕਾਲ 'ਚ 12 ਅਕਤੂਬਰ 2005 ਨੂੰ ਭਾਰਤ ਵਿੱਚ ਸੂਚਨਾ ਦਾ ਅਧਿਕਾਰ ਯਾਨੀ ਆਰ.ਟੀ.ਆਈ. ਲਾਗੂ ਹੋਇਆ। ਇਹ ਕਾਨੂੰਨ ਭਾਰਤੀ ਨਾਗਰਿਕਾਂ ਨੂੰ ਸਰਕਾਰੀ ਅਧਿਕਾਰੀਆਂ ਅਤੇ ਸੰਸਥਾਨਾਂ ਤੋਂ ਸੂਚਨਾ ਮੰਗਣ ਦਾ ਹੱਕ ਦਿੰਦਾ ਹੈ। ਇਸ ਅਧਿਕਾਰ ਨਾਲ ਨਾਗਰਿਕਾਂ ਨੂੰ ਜਾਣਕਾਰੀ ਦੇ ਆਧਾਰ 'ਤੇ ਫ਼ੈਸਲੇ ਕਰਨ ਦਾ ਮੌਕਾ ਅਤੇ ਇੱਛਾ ਦੇ ਮੁਤਾਬਕ ਸੱਤਾ ਦਾ ਇਸਤੇਮਾਲ ਕਰਨ ਵਾਲਿਆਂ ਤੋਂ ਸਵਾਲ ਕਰਨ ਦਾ ਮੌਕਾ ਮਿਲਿਆ। ਆਰ.ਟੀ.ਆਈ. ਦਾ ਅਸਰ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਸਾਬਿਤ ਹੋਇਆ ਹੈ। ਇਸ ਨਾਲ ਨਾ ਸਿਰਫ ਲਾਲ ਫੀਤਾਸ਼ਾਹੀ ਬਲਕਿ ਅਫਸਰਸ਼ਾਹੀ ਦੇ ਟਾਲ-ਮਟੋਲ ਭਰੇ ਰਵੱਈਏ ਨੂੰ ਦੂਰ ਕਰਨ ਵਿੱਚ ਮਦਦ ਮਿਲੀ, ਸਗੋਂ ਬੁਨਿਆਦੀ ਸੇਵਾਵਾਂ, ਜ਼ਮੀਨ, ਖਣਨ, 2ਜੀ ਅਤੇ ਕੋਇਲਾ ਬਲਾਕ ਵੰਡ ਵਿੱਚ ਹੋਏ ਕਥਿਤ ਘੁਟਾਲਿਆਂ ਨੂੰ ਸਭ ਦੇ ਸਾਹਮਣੇ ਲਿਆਉਣ ਵਿੱਚ ਮਦਦ ਮਿਲੀ।

**ਕੰਮ ਦੀ ਗਾਰੰਟੀ:** ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਸਾਲ 2005 ਵਿੱਚ 'ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ' (ਨਰੇਗਾ) ਬਣਾਇਆ, ਜਿਸ ਨੂੰ 2 ਫਰਵਰੀ 2006 ਵਿੱਚ ਲਾਗੂ ਕੀਤਾ ਗਿਆ। ਇਸ ਯੋਜਨਾ ਤਹਿਤ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੇ ਹਰ ਪਰਿਵਾਰ ਨੂੰ ਸਾਲ ਵਿੱਚ ਘੱਟੋ-ਘੱਟ 100 ਦਿਨ ਮਜ਼ਦੂਰੀ ਦੀ ਗਾਰੰਟੀ ਦਿੱਤੀ ਗਈ। ਸਾਲ 2009-10 ਵਿੱਚ ਇਸ ਯੋਜਨਾ ਦਾ ਨਾਮ ਬਦਲ ਕੇ 'ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ' (ਮਨਰੇਗਾ) ਕਰ ਦਿੱਤਾ ਗਿਆ। ਸਾਲ 2006-07 ਵਿੱਚ ਨਰੇਗਾ ਦਾ ਬਜਟ 11 ਹਜ਼ਾਰ 300 ਕਰੋੜ ਸੀ, ਜੋ ਸਾਲ 2023-24 ਵਿੱਚ ਵਧ ਕੇ 86 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ।

**ਕਿਸਾਨਾਂ ਦੀ ਕਰਜ਼ ਮੁਆਫ਼ੀ:** ਸਾਲ 2008 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਦੇਸ਼ ਭਰ ਦੇ ਕਿਸਾਨਾਂ ਦਾ ਕਰਜ਼ ਮੁਆਫ਼ ਕਰਨ ਦਾ ਫ਼ੈਸਲਾ ਕੀਤਾ। ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਮੁਤਾਬਕ ਕਰਜ਼ ਮੁਆਫ਼ੀ ਅਤੇ ਕਰਜ਼ ਰਾਹਤ ਪੈਕੇਜ ਦੀ ਅਨੁਮਾਨਿਤ ਲਾਗਤ 71 ਹਜ਼ਾਰ 680 ਕਰੋੜ ਰੁਪਏ ਸੀ। ਇਸ ਵੱਡੇ ਪੈਕੇਜ ਦਾ ਮਕਸਦ 3.69 ਕਰੋੜ ਛੋਟੇ ਅਤੇ ਹਾਸ਼ੀਏ 'ਤੇ ਆਏ ਕਿਸਾਨਾਂ ਨੂੰ ਰਾਹਤ ਦੇਣਾ ਸੀ। ਇਸ ਕਰਜ਼ ਮੁਆਫ਼ੀ ਨੂੰ ਕਾਂਗਰਸ ਦੇ ਨੇਤਾਵਾਂ ਨੇ 2009 ਦੀਆਂ ਆਮ ਚੋਣਾਂ ਵਿੱਚ ਵੀ ਖੂਬ ਪ੍ਰਚਾਰਿਆ।

**ਪਰਮਾਣੂ ਸਮਝੌਤਾ:** ਸਾਲ 2008 ਵਿੱਚ ਭਾਰਤ ਅਤੇ ਅਮਰੀਕਾ ਵਿਚਾਲੇ ਪਰਮਾਣੂ ਸਹਿਯੋਗ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ। ਸ਼ੀਤ ਯੁੱਧ ਦੇ ਬਾਅਦ ਤੋਂ ਅਮਰੀਕਾ ਦਾ ਝੁਕਾਅ ਪਾਕਿਸਤਾਨ ਵੱਲ ਸੀ, ਪਰ ਇਸ ਸਮਝੌਤੇ ਦੇ ਬਾਅਦ ਭਾਰਤ ਅਤੇ ਅਮਰੀਕਾ ਨੇ ਰਿਸ਼ਤਿਆਂ ਨੇ ਇਤਿਹਾਸਕ ਮੋੜ ਲੈ ਲਿਆ। ਇਸ ਸਮਝੌਤੇ ਤਹਿਤ ਭਾਰਤ ਨੂੰ ਆਪਣੀ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ

⇒ ਬਾਕੀ ਸਫਾ 16 ਉਤੇ ਪੜ੍ਹੋ

# ਸਫਲ ਰਿਹਾ ਕਿਸਾਨਾਂ ਦਾ 'ਪੰਜਾਬ ਬੰਦ'

ਪੰਜਾਬੀ ਪਰਵਾਜ਼ ਬਿਊਰੋ

ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਵੱਲੋਂ ਜੋ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ, ਉਸ ਨੂੰ ਵਿਆਪਕ ਹੁੰਘਾਰਾ ਮਿਲਣ ਦੀਆਂ ਖ਼ਬਰਾਂ ਹਨ। ਕੁਝ ਕੁ ਇਲਾਕਿਆਂ ਵਿੱਚ ਇਸ ਬੰਦ ਦੀ ਕਾਲ ਨੂੰ ਰਲਵਾਂ-ਮਿਲਵਾਂ ਹੁੰਘਾਰਾ ਮਿਲਿਆ ਹੈ; ਪਰ ਬਹੁਤੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਮੁਕੰਮਲ ਬੰਦ ਰਿਹਾ ਹੈ। ਕਈ ਥਾਵਾਂ 'ਤੇ ਕਿਸਾਨ ਕਾਰਕੁੰਨ ਦੁਕਾਨਾਂ ਬੰਦ ਕਰਾਉਂਦੇ ਅਤੇ ਵਾਹਨ ਰੋਕਦੇ ਵੀ ਵੇਖੇ ਗਏ। ਪੰਜਾਬ ਵੱਲ ਆਉਣ ਜਾਣ ਵਾਲੀ ਰੇਲ ਆਵਾਜਾਈ ਮੁਕੰਮਲ ਤੌਰ 'ਤੇ ਬੰਦ ਰਹੀ। ਸੜਕਾਂ 'ਤੇ ਕੋਈ ਟਾਵਾਂ-ਟਾਵਾਂ ਵਾਹਨ ਹੀ ਵਿਖਾਈ ਦਿੱਤਾ। ਬੰਦ ਦੀ ਕਾਲ ਸਵੇਰੇ 7 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਦਿੱਤੀ ਗਈ ਸੀ।

ਉਧਰ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਕਾਰਨ ਖਨੌਰੀ ਵਿਖੇ ਪੰਜਾਬ ਪੁਲਿਸ ਦੀ ਨਕਲੋ ਹਰਕਤ ਤੇਜ਼ ਹੋ ਗਈ ਹੈ। ਸੁਪਰੀਮ ਕੋਰਟ ਨੇ ਇੱਕ ਸੁਣਵਾਈ ਵਿੱਚ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਕਿਸੇ ਵੀ ਕੀਮਤ 'ਤੇ ਜਗਜੀਤ ਸਿੰਘ ਡੱਲੇਵਾਲ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਜਾਵੇ। ਯਾਦ ਰਹੇ, ਸ. ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਸਵਾ ਮਹੀਨਾ ਹੋ ਚੁੱਕਾ ਹੈ। ਉਨ੍ਹਾਂ ਦੀ ਦੇਖ-ਰੇਖ ਕਰ ਰਹੇ ਡਾਕਟਰਾਂ ਦਾ ਆਖਣਾ ਹੈ ਕਿ ਕਿਸਾਨ ਆਗੂ ਨੂੰ ਪਾਣੀ ਪਚਣਾ ਵੀ ਬੰਦ ਹੋ ਗਿਆ ਹੈ। ਉਨ੍ਹਾਂ ਦੇ ਮਹੱਤਵਪੂਰਣ ਅੰਗਾਂ 'ਤੇ ਵੀ ਇਸ ਲੰਮੀ ਭੁੱਖ ਹੜਤਾਲ ਦਾ ਅਸਰ ਪੈ ਰਿਹਾ ਹੈ। ਹਾਲ ਹੀ ਵਿੱਚ ਸ. ਡੱਲੇਵਾਲ ਨੂੰ ਪੰਜਾਬ ਦੇ ਐਡੀਸ਼ਨਲ ਡੀ.ਜੀ.ਪੀ. ਜਸਕਰਨ ਸਿੰਘ ਮਿਲੇ ਸਨ। ਉਨ੍ਹਾਂ ਕਿਸਾਨ ਆਗੂ ਨੂੰ ਮੈਡੀਕਲ ਸਹਾਇਤ ਲੈਣ ਲਈ ਮਨਾਉਣ ਦਾ ਯਤਨ ਕੀਤਾ, ਪਰ ਸ. ਡੱਲੇਵਾਲ ਨੇ ਮਨ੍ਹਾਂ ਕਰਦਿਆਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਦੇਣ ਦੀ ਉਨ੍ਹਾਂ ਦੀ ਮੁੱਖ ਮੰਗ ਨੂੰ ਸਵੀਕਾਰ ਨਹੀਂ ਕਰਦੀ, ਉਦੋਂ ਤੱਕ ਉਹ ਆਪਣਾ ਮਰਨ ਵਰਤ ਜਾਰੀ ਰੱਖਣਗੇ। ਉਨ੍ਹਾਂ ਫਿਰ ਕਿਹਾ ਕਿ ਪੰਜਾਬ ਦੀ ਅਫਸਰਸ਼ਾਹੀ ਅਤੇ ਪੰਜਾਬ ਸਰਕਾਰ ਨੂੰ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਮੰਗ ਸਵੀਕਾਰ ਕਰਨ ਲਈ ਕੇਂਦਰ 'ਤੇ ਦਬਾਅ ਪਾਉਣਾ ਚਾਹੀਦਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਬੀਤੇ ਐਤਵਾਰ ਜਸਟਿਸ ਸੂਰੀਯਾ ਕਾਂਤ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਦੀ ਅਗਵਾਈ ਵਿੱਚ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਹਰ ਹਾਲਤ ਵਿੱਚ ਸ. ਡੱਲੇਵਾਲ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਉਨ੍ਹਾਂ ਨੂੰ ਕੇਂਦਰ ਸਰਕਾਰ ਦੀ ਕੋਈ ਮਦਦ ਲੈਣੀ ਪੈਂਦੀ ਹੈ ਤਾਂ ਲੈ ਲਈ ਜਾਵੇ। ਪੰਜਾਬ ਸਰਕਾਰ ਨੇ ਸ. ਡੱਲੇਵਾਲ ਦੀ ਸਿਹਤ ਦਾ 24 ਘੰਟੇ ਧਿਆਨ ਰੱਖਣ ਲਈ ਡਾਕਟਰਾਂ ਦੀ ਇੱਕ ਟੀਮ ਦਾ ਗੱਠਨ ਪਹਿਲਾਂ ਹੀ ਕੀਤਾ ਹੋਇਆ ਹੈ। ਇਸ ਮੈਡੀਕਲ ਟੀਮ ਤੋਂ ਮਿਲੀ ਜਾਣਕਾਰੀ ਅਨੁਸਾਰ ਸ. ਡੱਲੇਵਾਲ ਦੇ ਬਲੱਡ ਪ੍ਰੈਸ਼ਰ ਵਿੱਚ ਕਾਫੀ ਉਤਰਾਅ-ਚੜ੍ਹਾਅ ਵੇਖੇ ਜਾ ਰਹੇ ਹਨ। ਇਸ ਦੌਰਾਨ ਸੰਘਰਸ਼ਸ਼ੀਲ ਕਿਸਾਨਾਂ ਨੇ ਚਾਰ ਮਾਰਚ ਨੂੰ ਖਨੌਰੀ ਵਿਖੇ ਇੱਕ ਕਿਸਾਨ ਮਹਾਂਪੰਚਾਇਤ ਵੀ ਸੱਦ ਲਈ ਹੈ।



ਯਾਦ ਰਹੇ, ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਸਾਲ 2024 ਦੇ ਫਰਵਰੀ ਮਹੀਨੇ ਵਿੱਚ ਕਿਸਾਨਾਂ ਨੇ 'ਦਿੱਲੀ ਚਲੋ' ਦੇ ਨਾਂ ਹੇਠ ਇੱਕ ਮਾਰਚ ਆਰੰਭ ਕੀਤਾ ਸੀ, ਪਰ ਹਰਿਆਣਾ ਦੀ ਪੁਲਿਸ ਅਤੇ ਨੀਮ ਸੁਰੱਖਿਆ ਦਸਤਿਆਂ ਨੇ ਉਨ੍ਹਾਂ ਨੂੰ ਹਰਿਆਣਾ ਵਿੱਚ ਪ੍ਰਵੇਸ਼ ਨਹੀਂ ਸੀ ਕਰਨ ਦਿੱਤਾ। ਇਸ ਦੌਰਾਨ ਹੋਈਆਂ ਝੜਪਾਂ, ਅੱਥਰੂ ਗੈਸ ਦੇ ਗੋਲਿਆਂ ਅਤੇ ਚੱਲੀਆਂ ਰਬੜ ਦੀਆਂ ਅਤੇ ਸਿੱਧੀਆਂ ਗੋਲੀਆਂ ਵਿੱਚ ਕਾਫੀ ਗਿਣਤੀ ਵਿੱਚ ਕਿਸਾਨ ਜ਼ਖਮੀ ਹੋ ਗਏ ਸਨ। ਮਾਲਵੇ ਦੇ ਇੱਕ ਨੌਜਵਾਨ ਕਿਸਾਨ ਸ਼ੁੱਭਕਰਨ ਸਿੰਘ ਦੀ ਮੌਤ ਵੀ ਹੋ ਗਈ ਸੀ। ਇਸ ਤੋਂ ਇਲਾਵਾ ਕਈ ਕਿਸਾਨਾਂ ਦੀ ਅੱਖਾਂ ਦੀ ਜੋਤ ਵੀ ਚਲੀ ਗਈ ਸੀ। ਹਰਿਆਣਾ ਪੁਲਿਸ ਨੇ ਖਨੌਰੀ ਬਾਰਡਰ 'ਤੇ ਪੰਜਾਬ ਵਾਲੇ ਪਾਸੇ ਪ੍ਰਵੇਸ਼ ਕਰ ਕੇ ਵੱਡੀ ਗਿਣਤੀ ਵਿੱਚ ਟਰੈਕਟਰਾਂ ਅਤੇ ਹੋਰ ਵਾਹਨਾਂ ਦੀ ਭੰਨਤੋੜ ਕਰ ਦਿੱਤੀ ਸੀ। ਇਸ ਦੌਰਾਨ ਹਰਿਆਣਾ ਪੁਲਿਸ ਦੋ ਨੌਜਵਾਨਾਂ ਨੂੰ ਚੁੱਕ ਕੇ ਲੈ ਗਈ ਸੀ ਅਤੇ ਉਨ੍ਹਾਂ ਨੂੰ ਬੋਰੀਆਂ ਵਿੱਚ ਪਾ ਕੇ ਬੇਰਹਿਮੀ ਨਾਲ ਕੁਟਿਆ ਗਿਆ ਸੀ। ਇਨ੍ਹਾਂ ਵਿੱਚੋਂ ਇੱਕ ਦੀ ਹਾਲਤ ਬੇਹੱਦ ਗੰਭੀਰ ਸੀ ਅਤੇ ਉਸ ਨੂੰ ਪੀ.ਜੀ.ਆਈ. ਵਿੱਚ ਦਾਖਲ ਰੱਖਿਆ ਗਿਆ ਸੀ। ਇਸ ਵਾਰ ਨੌਜਵਾਨਾਂ ਨੂੰ ਅੱਗੇ ਕਰਨ ਦੀ ਥਾਂ ਸ. ਡੱਲੇਵਾਲ ਨੇ ਖੁਦ ਆਪ ਕੁਰਬਾਨੀ ਦੇਣ ਦਾ ਫੈਸਲਾ ਕੀਤਾ ਅਤੇ ਮਰਨ ਵਰਤ ਸ਼ੁਰੂ ਕਰ ਦਿੱਤਾ। ਉਹ ਇਹ ਗੱਲ ਵਾਰ-ਵਾਰ ਕਹਿ ਰਹੇ ਹਨ ਕਿ ਲੋਕਾਂ ਦੇ ਪੁੱਤ ਮਰਾਉਣ ਨਾਲੋਂ ਉਹ ਆਪ ਮਰਨਾ ਪਸੰਦ ਕਰਨਗੇ।

ਯਾਦ ਰਹੇ, ਸੁਪਰੀਮ ਕੋਰਟ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕਿਸਾਨਾਂ ਨਾਲ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਹੋਰ ਮੰਗ 'ਤੇ ਕੋਈ ਗੱਲਬਾਤ ਅੱਗੇ ਤੋਰਨ ਦੀ ਬਜਾਏ ਉਨ੍ਹਾਂ ਦਾ ਮਰਨ ਵਰਤ ਖੁਲ੍ਹਵਾਉਣ ਦਾ ਯਤਨ ਕਰ ਰਹੇ ਹਨ। ਕਿਸਾਨ ਆਗੂਆਂ ਅਤੇ ਕਿਸਾਨ ਮਾਹਿਰਾਂ ਦਾ ਆਖਣਾ ਹੈ ਕਿ ਸਰਕਾਰ ਨੂੰ ਜ਼ਬਰਦਸਤੀ ਸ. ਡੱਲੇਵਾਲ ਦਾ ਵਰਤ ਖੁਲ੍ਹਵਾਉਣ ਦੀ ਥਾਂ ਕਿਸਾਨ ਮਸਲਿਆਂ 'ਤੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ। ਦੋਹਾਂ ਕਿਸਾਨ ਫੋਰਮਾਂ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਨੂੰ ਜਿੱਡੀ ਵੱਡੀ ਪੱਧਰ 'ਤੇ ਹੁੰਘਾਰਾ ਮਿਲਿਆ ਹੈ, ਉਸ ਤੋਂ ਪੰਜਾਬ ਅਤੇ ਕੇਂਦਰ ਸਰਕਾਰ, ਦੋਵੇਂ ਚਿੰਤਤ ਹੋ ਗਈਆਂ ਹਨ। ਇਸ ਹਾਲਤ ਵਿੱਚ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਸ. ਡੱਲੇਵਾਲ ਨੂੰ ਜ਼ਬਰਦਸਤੀ ਇਲਾਜ ਦੇਣ ਦਾ ਯਤਨ ਵੀ ਕਰ ਸਕਦੀਆਂ ਹਨ।

## ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ

***ਸਫਾ ਇੱਕ ਦੀ ਬਾਕੀ...***

ਜ਼ਰੂਰ ਆ ਜਾਂਦਾ। ਪੰਜਾਬ ਦੇ ਪਾਣੀ ਦੇ ਕੁਦਰਤੀ ਵਹਾਅ ਨੂੰ ਕੱਟਵੇਂ ਹਾਈਵੇ ਬਣਾਏ ਜਾ ਰਹੇ, ਬਣਾਏ ਜਾਣਗੇ। ਇਨ੍ਹਾਂ ਨਾਲ ਪੰਜਾਬ ਨੇ ਕਈ ਹਿੱਸਿਆਂ ਵਿੱਚ ਵੰਡਿਆ ਜਾਣਾ। ਇਨ੍ਹਾਂ ਹਿੱਸਿਆਂ ਨੇ ਬਾਰਸ਼ ਦੇ ਮੌਸਮ ਵਿੱਚ ਹੜ੍ਹਾਂ ਲਈ 'ਡੈਥ ਚੈਂਬਰ' ਬਣ ਜਾਇਆ ਕਰਨਾ। ਸੋ ਜੇ ਤ੍ਰੇਲ ਨਾਲ ਤੇਹ ਬੁਝਾ ਕੇ, ਉਧਾਰੇ ਸਾਹਾਂ ਦੇ ਅਸਰੇ ਬਚ ਵੀ ਗਏ ਤਾਂ ਹੜ੍ਹ ਦਾ ਪਾਣੀ ਤੁਹਾਨੂੰ ਡੋਬਣ ਲਈ ਕਾਫੀ ਹੋਵੇਗਾ। ਜਿਹੜਾ (ਹਾਈਵੇ) ਵਿਕਾਸ ਪੰਜਾਬ ਵਿੱਚ ਹੁਣ ਹੋ ਰਿਹਾ, ਇਹਦਾ 100 ਫੀਸਦੀ ਸਿੱਟਾ ਇਹੋ ਹੀ ਨਿਕਲੇਗਾ। ਮੇਰੀ ਇਸ ਲਿਖਤ ਨੂੰ ਇਸਟਾਮ 'ਤੇ ਲਿਖਾ ਕੇ ਰੱਖਣਾ। ਇਹ ਝੂਠ ਸਿੱਧ ਹੋਇਆ ਤਾਂ ਮੇਰੀ ਮੜ੍ਹੀ 'ਤੇ ਕਰੋੜ ਜੁੱਤੀ ਮਾਰਨਾ ਤੇ ਇੱਕ ਗਿਣਨਾ। ਜਿਨ੍ਹਾਂ ਲੋਕਾਂ ਦੀ ਆਪਣੇ ਤੇ ਆਪਣੇ ਆਲੇ-ਦੁਆਲੇ ਦੇ ਵਿਕਾਸ ਵਿੱਚ ਰਜ਼ਾ ਸ਼ਾਮਲ ਨਾ ਹੋਵੇ, ਉਨ੍ਹਾਂ ਨਾਲ ਇਵੇਂ ਹੋਇਆ ਕਰਦੀ ਹੈ। ਬ੍ਰਹਮ ਪੁੱਤਰ ਦਰਿਆ 'ਤੇ ਚੀਨ ਬੰਨ੍ਹ ਬਣਾ ਰਿਹਾ, ਭਾਰਤੀ ਹਾਕਮ ਤੜਫ ਉੱਠੇ ਹਨ, ਅਖੇ ਪਾਣੀ ਰੋਕ ਕੇ, ਇੱਕ ਦਮ ਛੱਡ ਕੇ ਸਾਨੂੰ ਪਿਆਸੇ ਮਾਰਨਗੇ ਜਾਂ ਹੜ੍ਹਾਂ ਵਿੱਚ ਡੋਬਣਗੇ। ਤੁਸੀਂ ਕੰਜਰੋ ਪੰਜਾਬ ਨਾਲ ਹਰ ਸਾਲ ਇਹੋ ਸਲੂਕ ਕਰਦੇ ਹੋ, ਅਸੀਂ ਕੀ ਕਰੀਏ? ਕੀਹਦੇ ਕੋਲ ਪਿੱਟੀਏ? ਜਿਸ ਰਾਜ ਦੀ ਅੱਧੀ ਆਬਾਦੀ ਹਰ ਆਏ ਸਾਲ ਪਾਣੀ ਵਿੱਚ ਡੁੱਬ ਜਾਵੇ, ਉਸ ਤੋਂ ਕਿਸ ਵਿਕਾਸ ਦੀ ਆਸ ਕੀਤੀ ਜਾ ਸਕਦੀ ਹੈ? ਫਿਰ ਵੀ ਸਾਡੇ ਜ਼ੇਰੇ ਵੇਖ, ਜਿਉਣ 'ਤੇ ਲੜਨ ਦੀ ਜਿੱਦ ਨਹੀਂ ਛੱਡਦੇ। ਹੁਣ ਸਾਡਾ ਡੱਲੇਵਾਲ ਇਸ ਸਿਦਕ ਦੀ ਮਿਸਾਲ ਬਣਿਆ ਬੈਠਾ। ਕੱਲ੍ਹ ਨੂੰ ਕੋਈ ਹੋਰ ਹੋਵੇਗਾ। ਕਿੰਨੀ ਲੰਮੀ ਏ ਵੇਖ ਕਤਾਰ ਸਾਡੀ... ਮੀਰ ਮੰਨੂ ਦੀ ਦਾਤਰੀ ਵੱਢਦੀ ਵੱਢਦੀ ਥੱਕ ਗਈ।




# ਗੁਜਰਾਤ ’ਚ ਜੜ੍ਹਾਂ ਬਣਾਉਣ ਵੱਲ ਹੈ ਨਵੇਂ ਭਾਰਤੀ ਸਰਮਾਏ ਦਾ ਮੁਹਾਣ

**ਜਸਵੀਰ ਸਿੰਘ ਮਾਂਗਟ**

***ਕੌਮੀਅਤਾਂ/ਕੌਮੀ ਦਾਬੇ ਦਾ ਮਸਲਾ ਹੋਰ ਕਲੇਸ਼ਪੂਰਨ ਹੋ ਜਾਏਗਾ ਭਾਰਤ ’ਚ**
***ਕੱਚਾ ਮਾਲ ਪੈਦਾ ਕਰਨ ਜੋਗੇ ਰਹਿ ਜਾਣਗੇ ਪੰਜਾਬ ਵਰਗੇ ਰਾਜ**

ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਵੱਲੋਂ ਸ਼ੁਰੂ ਕੀਤਾ ਗਿਆ ਮਰਨ ਵਰਤ ਇੱਕ ਮਹੀਨਾ ਪਾਰ ਕਰ ਗਿਆ ਹੈ। ਜਿਹੜੇ ਲੋਕ ਪਹਿਲਾਂ ਇਸ ਨੂੰ ਹਲਕੇ ਵਿੱਚ ਲੈ ਰਹੇ ਸਨ, ਉਨ੍ਹਾਂ ਨੇ ਵੀ ਹੁਣ ਇਸ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਡੱਲੇਵਾਲ ਦੇ ਸਿਰੜ/ਸਿਦਕ ਨੇ ਇੱਕ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਹਲਚਲ ਜ਼ਰੂਰ ਪੈਦਾ ਕਰ ਦਿੱਤੀ ਹੈ। ਮਿਸਾਲ ਵਜੋਂ ਪੰਜਾਬ ਸਰਕਾਰ ਦੇ ਮੰਤਰੀਆਂ ਅਤੇ ਆਗੂਆਂ ਦੇ ਇੱਕ ਸਮੂਹਿਕ ਵਫਦ ਨੇ ਲੰਘੀ 25 ਦਸੰਬਰ ਨੂੰ ਮਰਨ ਵਰਤ ‘ਤੇ ਬੈਠੇ ਆਗੂ ਦਾ ਹਾਲ-ਚੱਲ ਪੁੱਛਿਆ ਅਤੇ ਉਨ੍ਹਾਂ ਨੂੰ ਆਪਣਾ ਮਰਨ ਵਰਤ ਛੱਡ ਕੇ ਮੈਡੀਕਲ ਟਰੀਟਮੈਂਟ ਲੈਣ ਦੀ ਸਲਾਹ ਦਿੱਤੀ; ਜਦਕਿ ਸ. ਡੱਲੇਵਾਲ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਦੇਸ਼/ਪੰਜਾਬ ਵਿੱਚ ਪਿਛਲੇ ਲੰਮੇ ਸਮੇਂ ਤੋਂ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ, ਪਰ ਉਨ੍ਹਾਂ ਵੱਲ ਕਿਸੇ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਮਿਲਣ ਆਏ ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ‘ਆਪ’ ਆਗੂਆਂ ਨੂੰ ਕਿਹਾ ਕਿ ਉਹ ਪੰਜਾਬ ਵਿੱਚ ਕਿਸਾਨਾਂ ਨੂੰ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੁਆਉਣ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ। ਇਹਦੇ ਨਾਲ ਹੀ ਕਿਸਾਨਾਂ ਦੀਆਂ ਖੁਦਕਸ਼ੀਆਂ ਰੁਕ ਸਕਦੀਆਂ ਹਨ। ਪੰਜਾਬ ‘ਆਪ’ ਦੇ ਪ੍ਰਧਾਨ ਅਮਨ ਅਰੋੜਾ ਨੇ ਉਪਰੋਕਤ ਵਫਦ ਦੀ ਅਗਵਾਈ ਕੀਤੀ। ਉਨ੍ਹਾਂ ਸ. ਡੱਲੇਵਾਲ ਨੂੰ ਵਿਸ਼ਵਾਸ ਦਿਵਾਇਆ ਕਿ ਕਿਸਾਨ ਸੰਘਰਸ਼ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਮਦਦ ਲਈ ਤਿਆਰ ਹੈ। ਇਸ ਦੇ ਜਵਾਬ ਵਿੱਚ ਸ. ਡੱਲੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਜਿੰਨਾ ਜ਼ੋਰ ਮੇਰਾ ਮਰਨ ਵਰਤ ਤੁੜਵਾਉਣ ‘ਤੇ ਲਗਾ ਰਹੀ ਹੈ, ਇੰਨਾ ਜੇ ਕੇਂਦਰ ਸਰਕਾਰ ਨੂੰ ਮਨਾਉਣ ‘ਤੇ ਲਗਾਏ ਤਾਂ ਸਥਿਤੀਆਂ ਹੋਰ ਹੋ ਸਕਦੀਆਂ ਹਨ। ਉਨ੍ਹਾਂ ਪੰਜਾਬ ਦੇ ਮੰਤਰੀਆਂ ਨੂੰ ਪੁੱਛਿਆ ਕਿ ਉਨ੍ਹਾਂ ਦੀ ਸਰਕਾਰ ਨੇ ਕਿਸਾਨਾਂ ਲਈ ਅੱਜ ਤੱਕ ਕੀ ਕੀਤਾ ਹੈ? ਸ. ਡੱਲੇਵਾਲ ਨੇ ‘ਆਪ’ ਲੀਡਰਾਂ ਅਤੇ ਮੰਤਰੀਆਂ ਦੇ ਵਫਦ ਨੂੰ ਕਿਹਾ ਕਿ ਹੋਰਾਂ ਸੂਬਿਆਂ ਦੇ ਹਮਖਿਆਲੀ ਮੁੱਖ ਮੰਤਰੀਆਂ ਨਾਲ ਰਲ ਕੇ ਪੰਜਾਬ ਸਰਕਾਰ ਕੇਂਦਰ ਸਰਕਾਰ ‘ਤੇ ਐਮ.ਐਸ.ਪੀ. ਦੀ ਗਰੰਟੀ ਲਈ ਦਬਾਅ ਪਾਵੇ।

ਇੱਥੇ ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ‘ਖੇਤੀ ਮੰਡੀਕਰਨ’ ਨੂੰ ਲੈ ਕੇ ਇੱਕ ਖਰੜਾ ਰਾਜ ਸਰਕਾਰ ਨੂੰ ਸੌਂਪਿਆ ਹੈ। ਇਸ ਖਰੜੇ ‘ਤੇ ਸਰਕਾਰਾਂ/ਖੇਤੀ ਮਾਹਿਰਾਂ/ਯੂਨੀਅਨ ਆਗੂਆਂ ਅਤੇ ਵਿਦਵਾਨਾਂ ਤੋਂ ਵਿਚਾਰ ਮੰਗੇ ਗਏ ਹਨ। ਕੇਂਦਰ ਸਰਕਾਰ ਵੱਲੋਂ ਇਹ ਖਰੜਾ ਕਾਹਲੀ ਨਾਲ ਵਾਪਸ ਮੰਗਿਆ ਗਿਆ ਸੀ, ਪਰ ਪੰਜਾਬ ਸਰਕਾਰ ਨੇ ਕਿਸਾਨ ਆਗੂਆਂ ਅਤੇ ਖੇਤੀ ਮਾਹਿਰਾਂ ਨਾਲ ਵਿਚਾਰ ਕਰਨ ਦੇ ਮਕਸਦ ਨਾਲ ਹੋਰ ਸਮਾਂ ਮੰਗ ਲਿਆ ਹੈ ਅਤੇ ਕੇਂਦਰ ਸਰਕਾਰ ਵੱਲੋਂ ਦੇ ਵੀ ਦਿੱਤਾ ਗਿਆ ਹੈ। ਖਰੜੇ ਬਾਰੇ ਸਾਹਮਣੇ ਆਈਆਂ ਰਾਵਾਂ ਅਨੁਸਾਰ ਕਿਸਾਨ ਜਥੇਬੰਦੀਆਂ ਦੇ ਦਿੱਲੀ ਸੰਘਰਸ਼ ਤੋਂ ਬਾਅਦ ਵਾਪਸ ਕੀਤੇ ਗਏ ਕਾਲੇ ਕਾਨੂੰਨਾਂ ਨੂੰ ਕੇਂਦਰ ਸਰਕਾਰ ਰਾਜ ਸਰਕਾਰਾਂ ਰਾਹੀਂ ਲਾਗੂ ਕਰਨ ਦੀ ਇਛੁੱਕ ਹੈ। ਉਂਝ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਪਹਿਲਾਂ ਹੀ ਇਸ ਖਰੜੇ ਨੂੰ ਰੱਦ ਕਰ ਚੁੱਕੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਇਹ ਪਹਿਲਾਂ ਰੱਦ ਕੀਤੇ ਗਏ ਤਿੰਨ ਕਾਨੂੰਨਾਂ ਨੂੰ ਵੀ ਬਦਲਵੇਂ ਰੂਪ ਵਿੱਚ ਲਾਗੂ ਕਰਨ ਦਾ ਯਤਨ ਹੈ। ਉਨ੍ਹਾਂ ਸਪਸ਼ਟ ਕਿਹਾ ਕਿ ਇਸ ਖਰੜੇ ਦੇ ਲਾਗੂ ਹੋਣ ਨਾਲ ਪੰਜਾਬ ਦਾ ਮੰਡੀ ਪ੍ਰਬੰਧ ਬਰਬਾਦ ਹੋ ਜਾਵੇਗਾ।

ਲਗਪਗ ਪਿਛਲੇ ਤਿੰਨ ਦਹਾਕੇ ਤੋਂ ਪੰਜਾਬ ਦਾ ਜ਼ਰਈ ਖੇਤਰ ਡੂੰਘੇ ਸੰਕਟ ਵਿੱਚ ਹੈ। ਇਸ ਸੰਕਟ ਕਾਰਨ ਪੈਦਾ ਹੋ ਰਹੇ ਸਮਾਜਕ, ਆਰਥਕ ਅਤੇ ਮਨੋਵਿਗਿਆਨਕ ਵਿਗਾੜ ਬਹੁਤ ਸਾਰੇ ਰੂਪਾਂ ਵਿੱਚ ਪ੍ਰਗਟ ਹੋ ਰਹੇ ਹਨ। ਕਿਸਾਨ ਸੰਘਰਸ਼ਾਂ ਦੀ ਲਗਾਤਾਰਤਾ ਇਸ ਦਾ ਸਭ ਤੋਂ ਵੱਡਾ ਅਤੇ ਪ੍ਰਗਾੜ੍ਹ ਲੱਛਣ ਹੈ। ਇਸ ਤੋਂ ਬਿਨਾ ਪੇਂਡੂ ਦਰਮਿਆਨੀ ਕਿਸਾਨੀ ਨਾਲ ਸੰਬੰਧਤ ਕਿਸਾਨਾਂ ਦੇ ਬੱਚਿਆਂ ਦੀ ਡਿੱਗ ਰਹੀ ਸਿਹਤ, ਘਟ ਰਹੇ ਕੱਦ, ਹਨੇਰੇ ਭਵਿੱਖ ਕਾਰਨ ਵਧਦਾ ਪਰਵਾਸ ਅਤੇ ਵਧ ਰਹੀਆਂ ਖੁਦਕਸ਼ੀਆਂ ਇਸ ਦੇ ਮੁੱਖ ਮਨੋ-ਸਮਾਜਕ ਲੱਛਣ ਹਨ। ਪੰਜਾਬ ਦੇ ਨੌਜਆਨਾਂ ਦੀ ਡਿੱਗ ਰਹੀ ਸਰੀਰਕ ਸਿਹਤ ਦਾ ਮਾਮਲਾ ਵੱਖ-ਵੱਖ ਮੌਕਿਆਂ ‘ਤੇ ਫੌਜੀ ਜਾਂ ਨੀਮ ਫੌਜੀ ਦਸਤਿਆਂ ਦੀ ਭਰਤੀ ਮੌਕੇ ਵੱਡੀ ਗਿਣਤੀ ਵਿੱਚ ਨੌਜੁਆਨਾਂ ਦਾ ਸਿਹਤ ਅਤੇ ਫਿਜ਼ੀਕਲ ਫਿੱਟਨੈਸ ਟੈਸਟ ਨਾ ਪਾਸ ਕਰ ਸਕਣ ਕਾਰਨ ਬਹੁਤ ਵਾਰੀ ਚਰਚਾ ਵਿੱਚ ਆ ਚੁੱਕਾ ਹੈ, ਪਰ ਇਸ ਹਾਲਤ ਨੂੰ ਸੁਧਾਰਨ ਲਈ ਪੰਜਾਬ ਵਿੱਚ ਕਿਸੇ ਸਰਕਾਰ ਨੇ ਕੋਈ ਦਿਲਚਸਪੀ ਲਈ ਹੋਵੇ, ਹਾਲੇ ਤੱਕ ਇਹ ਕਿਧਰੇ ਵਿਖਾਈ ਨਹੀਂ ਦਿੱਤਾ। ਹਾਲਾਂ ਕਿ ਕੁਝ ਸਮਾਜ ਸੇਵੀ ਸੰਸਥਾਵਾਂ, ਡੇਰਿਆਂ ਜਾਂ ਕੁਝ ਪ੍ਰਾਈਵੇਟ ਸੰਸਥਾਵਾਂ ਨੇ ਆਪਣੀ ਜੁਆਨੀ ਨੂੰ ਇਸ ਦੇ ਯੋਗ ਬਣਾਉਣ ਲਈ ਜ਼ਰੂਰ ਕਦਮ ਚੁੱਕੇ ਹਨ ਅਤੇ ਇਨ੍ਹਾਂ ਦੇ ਚੰਗੇ ਨਤੀਜੇ ਵੀ ਸਾਹਮਣੇ ਆਉਣ ਲੱਗੇ ਹਨ।

ਇਸ ਤੋਂ ਇਲਾਵਾ ਇਸ ਖਰੜੇ ਸੰਬੰਧੀ ਜਿੰਨੇ ਕੁ ਲੇਖ ਅਖਬਾਰਾਂ ਵਿੱਚ ਛਪੇ ਹਨ, ਉਨ੍ਹਾਂ ਦੀ ਵੀ ਲੱਗਪਗ ਇਸੇ ਕਿਸਮ ਦੀ ਰਾਏ ਹੈ ਕਿ ਇਹ ਖਰੜਾ ਪੁਰਾਣੇ ਕਾਨੂੰਨਾਂ ਨੂੰ ਨਵੇਂ ਰੂਪ ਵਿੱਚ ਲਿਆਉਣ ਦਾ ਯਤਨ ਹੈ। ਖੇਤੀ ਸੰਬੰਧੀ ਮਾਮਲਿਆਂ ਦੇ ਮਾਹਿਰ ਡਾ. ਅਮਨਪ੍ਰੀਤ ਸਿੰਘ ਬਰਾੜ ਨੇ ਇਸ ਖਰੜੇ ਸੰਬੰਧੀ ਆਪਣੇ ਇੱਕ ਲੇਖ ਵਿੱਚ ਕਿਹਾ ਕਿ ਇਸ ਵਿੱਚ ਰਾਜਾਂ ਦੀ ਮੰਡੀਆਂ ਦੀ ਮੰਡੀ ਫੀਸ ਬੰਦ ਕਰਨ ਦਾ ਸੁਝਾਅ ਹੈ ਤਾਂ ਕਿ “ਕਾਰਪੋਰੇਟ/ਵਪਾਰੀ/ਖਰੀਦਦਾਰ ਸਿੱਧਾ ਖੇਤਾਂ ਵਿੱਚੋਂ ਫਸਲ ਖਰੀਦ ਸਕੇ। ਤਰਕ ਇਹ ਦਿੱਤਾ ਗਿਆ ਹੈ ਕਿ ਪ੍ਰੌਸੈਸਿੰਗ ਉਦਯੋਗ ਅਤੇ ਐਕਸਪੋਰਟ ਨੂੰ ਹੁਲਾਰਾ ਮਿਲੇਗਾ। ਪਰ ਮੰਡੀ ਫ਼ੀਸ ਖਤਮ ਹੋਣ ਨਾਲ ਸਰਕਾਰੀ ਮੰਡੀਆਂ ਖ਼ਤਮ ਹੋ ਜਾਣਗੀਆਂ ਅਤੇ ਸਭ ਕੁਝ ਨਿੱਜੀ ਵਪਾਰੀਆਂ ਦੇ ਹੱਥ ਚਲਾ ਜਾਵੇਗਾ। ਇਸ ਨਾਲ ਪਿੰਡਾਂ ਅਤੇ ਪਿੰਡਾਂ ਦੀਆਂ ਸੜਕਾਂ ਵਗੈਰਾ ਦਾ ਵਿਕਾਸ ਰੁਕ ਜਾਵੇਗਾ। ਸਾਰੀ ਨੀਤੀ ਦਾ ਇੱਕੋ ਟੀਚਾ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਪ੍ਰਾਈਵੇਟ ਅਦਾਰਿਆਂ ਨੂੰ ਮੰਡੀਆਂ ਅੰਦਰ ਵਾੜਿਆ ਜਾਵੇ।”

ਇਸੇ ਤਰ੍ਹਾਂ ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਡਾਇਰੈਕਟਰ ਸ. ਬਲਵਿੰਦਰ ਸਿੰਘ ਸੰਧੂ ਨੇ ਆਪਣੇ ਇੱਕ ਲੇਖ ਵਿੱਚ ਦਲੀਲ ਦਿੱਤੀ ਕਿ “ਇਸ ਖਰੜੇ ਵਿੱਚ ਕਿਸਾਨ ਹਿੱਤਾਂ ਦੇ ਬਚਾਅ ਦੇ ਨਾਂ ‘ਤੇ ਠੇਕਾ ਖੇਤੀ ਨੂੰ ਹੁਲਾਰਾ ਦੇ ਕੇ ਖੇਤੀ ਵਪਾਰ ਨੂੰ ਸੌਖਾ ਕਰਨ ਦੀ ਗੱਲ ਕਰਨਾ ਖੇਤੀ ਕਾਨੂੰਨ ਫਿਰ ਲਿਆਉਣ ਦਾ ਅਹਿਸਾਸ ਕਰਵਾਉਂਦਾ ਹੈ। ਕਿਸਾਨਾਂ ਵਿੱਚ ਇਹ ਚਿੰਤਾ ਕਿ ਖੇਤੀਬਾੜੀ ਉਤਪਾਦਨ ਮੰਡੀ ਕਮੇਟੀਆਂ (ਏ.ਪੀ.ਐਮ.ਸੀਜ਼) ਰਾਹੀਂ ਚੱਲਦੇ ਮੰਡੀਕਰਨ ਢਾਂਚੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ, ਵੀ ਬੇਬੁਨਿਆਦ ਨਹੀਂ।”

ਸੋ, ਸਪਸ਼ਟ ਹੈ ਕਿ ਕੇਂਦਰ ਸਰਕਾਰ ਦਾ ਨਵੀਂ ਖੇਤੀ ਮੰਡੀ ਨੀਤੀ ਸੰਬੰਧੀ ਖਰੜਾ ਇੰਨੀ ਕਾਹਲੀ ਵਿੱਚ ਲਿਆਉਣ ਦਾ ਕੀ ਮਕਸਦ ਹੈ। ਅਸਲ ਵਿੱਚ ਕੇਂਦਰ ਸਰਕਾਰ ਪੰਜਾਬ (ਦੇਸ਼ ਦੀ ਵੀ) ਮੱਧਲੀ ਅਤੇ ਛੋਟੀ ਕਿਸਾਨੀ ਨੂੰ ਪਿੜੋਂ ਕੱਢਣਾ ਚਾਹੁੰਦੀ ਹੈ। ਇਸ ਤੋਂ ਬਾਅਦ ਧਨੀ ਕਿਸਾਨੀ ਨੂੰ ਵੀ ਇਸ ਖੇਤਰ ਵਿੱਚੋਂ ਬਾਹਰ ਕਰ ਦਿੱਤਾ ਜਾਵੇਗਾ। ਭਾਰਤੀ ਜਨਤਾ ਪਾਰਟੀ ਭਾਵੇਂ ਮੁੱਢ ਵਿੱਚ ਛੋਟੇ ਅਤੇ ਦਰਮਿਆਨੇ ਸ਼ਾਹੂਕਾਰਾਂ, ਆੜ੍ਹਤੀਆਂ ਅਤੇ ਵਪਾਰੀਆਂ ਦੀ ਪਾਰਟੀ ਸੀ, ਪਰ ਹੁਣ ਇਸ ਨੇ ਆਪਣੀ ਰਾਜਸੀ ਛਤਰਛਾਇਆ ਹੇਠ ਸਰਮਾਏ ਦਾ ਬੇਬਾਹ ਇਕੱਤਰੀਕਰਣ ਕਰਨ ਵਾਲੇ ਦੇਸ਼ ਦੇ ਕੁਝ ਕੁ ਪੂੰਜੀਪਤੀਆਂ ਨੂੰ ਸਰਪ੍ਰਸਤੀ ਦਿੱਤੀ ਹੋਈ ਹੈ। 1985 ਕੁ ਤੱਕ ਖੱਬੇ ਪੱਖੀ ‘ਟਾਟੇ-ਬਿਰਲਿਆਂ’ ਦੀ ਬਦਖੋਈ ਕਰਿਆ ਕਰਦੇ ਸਨ, ਜਿਨ੍ਹਾਂ ਵਿੱਚ ਵਪਾਰਕ ਨੈਤਿਕਤਾ ਕਿਸੇ ਹੱਦ ਤੱਕ ਬਚੀ ਹੋਈ ਸੀ। ਪਰ ਹੁਣ ਗੱਲ ਅਡਾਨੀਆਂ-ਅੰਬਾਨੀਆਂ ਨੂੰ ਛਤਰ ਛਾਇਆ ਮੁਹੱਈਆ ਕਰਨ ਤੱਕ ਪੁੱਜ ਗਈ ਹੈ। ਇਨ੍ਹਾਂ ਲੋਕਾਂ ਵਿੱਚ ਸਰਮਾਏ ਦੀ ਇੰਨੀ ਜ਼ਿਆਦਾ ਹਾਬੜ ਹੈ ਕਿ ਇਹ ਪੈਸਾ ਇਕੱਠਾ ਕਰਨ ਲਈ ਕਿਸੇ ਵੀ ਨੈਤਿਕ ਬੰਧੇਜ ਦੇ ਪਾਬੰਦ ਨਹੀਂ ਹਨ। ਨੰਗੀਆਂ-ਚਿੱਟੀਆਂ ਠੱਗੀਆਂ ਮਾਰਨਾ ਵੀ ਇਨ੍ਹਾਂ ਦੀ ‘ਨਵੀਂ’ ਬਿਜਨਸ ਨੈਤਿਕਤਾ ਦੀ ਕਿਤਾਬ ਵਿੱਚੋਂ ਬਾਹਰ ਨਹੀਂ। ਅਗਾਂਹ ਇਹ ਲੁੱਟ-ਖੋਹ ਰਾਜ ਜਾਂ ਅਦਾਲਤ ਦੇ ਕਿਸੇ ਦਖ਼ਲ ਨਾਲ ਇਸ ਦੇ ਅਸਲ ਮਾਲਕ ਨੂੰ ਵਾਪਿਸ ਵੀ ਨਹੀਂ ਹੋ ਸਕਦੀ, ਕਿਉਂਕਿ ਕੇਂਦਰੀ ਸੱਤਾ ਦੀ ਮਸ਼ੀਨ ਸੰਕਟ ਵਿੱਚ ਇਨ੍ਹਾਂ ਦੇ ਪੱਖ ਵਿੱਚ ਉਤਰ ਆਉਂਦੀ ਹੈ।

ਮੇਰੇ ਇੱਕ ਦੋਸਤ ਨੇ ਬੀਤੇ ਦਿਨੀਂ ਇੱਕ ਗੈਰ-ਰਸਮੀ ਗੱਲਬਾਤ ਵਿੱਚ ਇਹ ਦਰੁਸਤ ਫੁਰਮਾਇਆ ਸੀ, ਹਿੰਦੁਸਤਾਨ ਵਿੱਚ ਸਰਮਾਇਆ ਹੁਣ ਕੇਂਦਰੀ ਸੱਤਾ ਦੀ ਓਟ ਵਿੱਚ ਆਪਣੀਆਂ ਮਨਾਪਲੀਆਂ ਪੈਦਾ ਕਰਨ ਵਿੱਚ ਰੁਝਾ ਹੋਇਆ ਹੈ। ਇਨ੍ਹਾਂ ਵਿੱਚੋਂ ਬਹੁਤੇ ਠੱਗ ਮਨਾਪਲਿਸਟ ਗੁਜਾਰਾਤ ਨਾਲ ਸੰਬੰਧਤ ਹਨ। ਇੰਜ ਦੇਸ਼ ਵਿੱਚ ਇੱਕ ਨਵੀਂ ਕਿਸਮ ਦੀ ਆਰਥਕ ਸਥਿਤੀ ਪੈਦਾ ਹੋ ਰਹੀ ਹੈ, ਜਿਸ ਵਿੱਚ ਹਿੰਦੀ ਬੈਲਟ ਦੀ ਥਾਂ ਗੁਜਰਾਤੀ ਏਜ਼ਾਰੇਦਾਰ (ਮਨਾਪਲਿਸਟ) ਸਰਮਾਏ ਦਾ ਕੇਂਦਰ ਬਣ ਰਿਹਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿੱਚ ਦੇਸ਼ ਵਿੱਚ ਗੁਜਰਾਤੀਆਂ ਦਾ ਕੌਮੀ ਦਾਬਾ ਅਤੇ ਦਬਾਈਆਂ ਹੋਈਆਂ ਕੌਮੀਅਤਾਂ ਦਾ ਵਿਰੋਧ ਬੇਹੱਦ ਤਿੱਖਾ ਹੋ ਜਾਵੇਗਾ। ਹਿੰਦੀ ਦਾ ਮਹੱਤਵ ਘਟੇਗਾ, ਪਰ ਹਿੰਦੂਤਵ ਦਾ ਆਰਥਿਕ ਲੁੱਟ ਮਾਰ ਨੂੰ ਧਾਰਮਿਕ ਓਟ-ਆਸਰਾ ਕਾਇਮ ਰਹੇਗਾ।

DJ RJB Entertainment Inc.
One of Chicagoland’s leading Mobile DJ Companies.
We do all types of parties
*Weddings
*Private Parties
*Birthdays, Sweet 16’s
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Happy New Year 2025


Harminder Kaur
Realtor
Cell: 224-848-2686
harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540
COLDWELL BANKER | REALTY
Owned by a subsidiary of Anywhere Advisors LLC.

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

# ਸੂਰਜ ਦੇ ਸਭ ਤੋਂ ਨੇੜੇ ਪਹੁੰਚ ਕੇ ਨਾਸਾ ਨੇ ਰਚਿਆ ਇਤਿਹਾਸ

ਨਾਸਾ ਦੇ ਇੱਕ ਪੁਲਾੜ ਯਾਨ ਨੇ ਸੂਰਜ ਦੇ ਸਭ ਤੋਂ ਨੇੜੇ ਪਹੁੰਚ ਕੇ ਇਤਿਹਾਸ ਰਚ ਦਿੱਤਾ ਹੈ। ਵਿਗਿਆਨੀਆਂ ਨੂੰ ਸੋਲਰ ਪ੍ਰੋਬ ਤੋਂ ਹਾਲ ਹੀ ਵਿੱਚ ਇੱਕ ਸਿਗਨਲ ਪ੍ਰਾਪਤ ਹੋਇਆ, ਜੋ ਇਸ ਯਾਨ ਦੇ ਉਡਾਣ ਦੇ ਕਈ ਦਿਨਾਂ ਮਗਰੋਂ ਮਿਲਿਆ। ਨਾਸਾ ਦਾ ਕਹਿਣਾ ਹੈ ਕਿ ਸੋਲਰ ਪ੍ਰੋਬ ਸੁਰੱਖਿਅਤ ਹੈ ਅਤੇ ਸੂਰਜੀ ਸਤ੍ਹਾ ਤੋਂ 3.8 ਮਿਲੀਅਨ ਮੀਲ (6.1 ਮਿਲੀਅਨ ਕਿਲੋਮੀਟਰ) ਦੇ ਨੇੜੇ ਹੋਣ ਦੇ ਬਾਵਜੂਦ ਠੀਕ ਕੰਮ ਕਰ ਰਿਹਾ ਹੈ। ਸੂਰਜ ਕਿਵੇਂ ਕੰਮ ਕਰਦਾ ਹੈ, ਇਹ ਜਾਨਣ ਲਈ ਉੱਚ ਤਾਪਮਾਨਾਂ ਅਤੇ ਅਤਿਅੰਤ ਰੇਡੀਏਸ਼ਨ ਨੂੰ ਸਹਿਣ ਕਰਦਿਆਂ ਇਹ ਸੋਲਰ ਪ੍ਰੋਬ ਕ੍ਰਿਸਮਸ ਦੀ ਸ਼ਾਮ ਨੂੰ ਸੂਰਜ ਦੇ ਬਾਹਰੀ ਵਾਯੂਮੰਡਲ 'ਚ ਪ੍ਰਵੇਸ਼ ਕਰ ਗਿਆ ਸੀ।



ਪਹਿਲਾ ਸਿਗਨਲ ਮਿਲਣ ਮਗਰੋਂ ਨਾਸਾ ਹੁਣ ਘਬਰਾਹਟ ਦੇ ਭਾਵ ਨਾਲ ਭਰਿਆ ਅਗਲੇ ਸਿਗਨਲ ਦੀ ਉਡੀਕ ਕਰ ਰਿਹਾ ਹੈ। ਨਾਸਾ ਦੀ ਵੈੱਬਸਾਈਟ ਅਨੁਸਾਰ ਸੋਲਰ ਪ੍ਰੋਬ 980 ਡਿਗਰੀ ਸੈਲਸੀਅਸ ਦਾ ਤਾਪਮਾਨ ਬਰਦਾਸ਼ਤ ਕਰਦੇ ਹੋਏ 6,92,000 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਅੱਗੇ ਵੱਧ ਰਿਹਾ ਹੈ। ਏਜੰਸੀ ਦਾ ਕਹਿਣਾ ਹੈ ਕਿ ਪਾਰਕਰ ਸੋਲਰ ਪ੍ਰੋਬ ਰਾਹੀਂ ਹੋ ਰਹੇ ਸੂਰਜ ਦੇ ਇਸ ਨਜ਼ਦੀਕੀ ਅਧਿਐਨ ਦੇ ਨਾਲ ਵਿਗਿਆਨੀਆਂ ਨੂੰ ਸੂਰਜ ਨਾਲ ਜੁੜੇ ਬਹੁਤ ਸਾਰੇ ਪੈਮਾਨਿਆਂ ਦਾ ਪਤਾ ਲੱਗ ਸਕਦਾ ਹੈ। ਵਿਗਿਆਨੀਆਂ ਨੂੰ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਕਿਵੇਂ ਇਸ ਖੇਤਰ ਵਿੱਚ ਮੌਜੂਦ ਸਮੱਗਰੀ ਲੱਖਾਂ ਡਿਗਰੀ ਤੱਕ ਦਾ ਤਾਪਮਾਨ ਝੱਲਦੀ ਹੈ। ਇਸ ਦੇ ਨਾਲ ਸੂਰਜੀ ਹਵਾ ਦੇ ਮੂਲ (ਸੂਰਜ ਤੋਂ ਬਾਹਰ ਨਿਕਲਣ ਵਾਲੀ ਸਮੱਗਰੀ ਦਾ ਨਿਰੰਤਰ ਪ੍ਰਵਾਹ) ਬਾਰੇ ਪਤਾ ਲੱਗ ਸਕਦਾ ਹੈ। ਇਸ ਦੇ ਨਾਲ ਹੀ ਤੇਜ਼ ਰੌਸ਼ਨੀ ਦੀ ਗਤੀ ਦੇ ਨੇੜੇ ਵਾਲੇ ਕਣ ਕਿੰਨੇ ਊਰਜਾਵਾਨ ਹੁੰਦੇ ਹਨ, ਇਸ ਬਾਰੇ ਵੀ ਪਤਾ ਲਾਇਆ ਜਾ ਸਕਦਾ ਹੈ।

ਨਾਸਾ ਦੇ ਵਿਗਿਆਨ ਦੇ ਮੁਖੀ ਡਾ. ਨਿਕੋਲਾ ਫੌਕਸ ਅਨੁਸਾਰ, ਸਦੀਆਂ ਤੋਂ ਲੋਕ ਸੂਰਜ ਦਾ ਅਧਿਐਨ ਕਰਦੇ ਆ ਰਹੇ ਹਨ, ਪਰ ਤੁਸੀਂ ਕਿਸੇ ਸਥਾਨ ਦੇ ਮਾਹੌਲ ਦਾ ਉਦੋਂ ਤੱਕ ਅਨੁਭਵ ਨਹੀਂ ਕਰ ਸਕਦੇ, ਜਦੋਂ ਤੱਕ ਤੁਸੀਂ ਅਸਲ ਵਿੱਚ ਉਸ ਥਾਂ ਦਾ ਦੌਰਾ ਨਹੀਂ ਕਰ ਲੈਂਦੇ। ਇਸੇ ਤਰ੍ਹਾਂ ਅਸੀਂ ਸੂਰਜ ਦੇ ਮਾਹੌਲ ਨੂੰ ਉਦੋਂ ਤੱਕ ਨਹੀਂ ਸਮਝ ਸਕਦੇ, ਜਦੋਂ ਤੱਕ ਅਸੀਂ ਉਸ ਦੇ ਅੰਦਰ ਤੱਕ ਨਹੀਂ ਪਹੁੰਚ ਜਾਂਦੇ।

ਪਾਰਕਰ ਸੋਲਰ ਪ੍ਰੋਬ 2018 ਵਿੱਚ ਲਾਂਚ ਕੀਤੀ ਗਿਆ ਸੀ ਅਤੇ ਹੁਣ ਇਹ ਸੂਰਜੀ ਸਿਸਟਮ ਦੇ ਕੇਂਦਰ ਵੱਲ ਜਾ ਰਿਹਾ ਹੈ। ਇਹ ਪਹਿਲਾਂ ਵੀ 21 ਵਾਰ ਸੂਰਜ ਦੇ ਨੇੜੇ ਜਾ ਚੁੱਕਿਆ ਹੈ। ਇਹ ਹਰ ਵਾਰ ਪਹਿਲਾਂ ਤੋਂ ਹੋਰ ਨੇੜੇ ਜਾਂਦਾ ਰਿਹਾ ਹੈ, ਪਰ ਕ੍ਰਿਸਮਸ ਦੀ ਸ਼ਾਮ ਨੂੰ ਇਸ ਨੇ ਰਿਕਾਰਡ ਕਾਇਮ ਕਰ ਦਿੱਤਾ। ਆਪਣੀ ਸਭ ਤੋਂ ਨਜ਼ਦੀਕੀ ਪਹੁੰਚ ਦੌਰਾਨ ਪ੍ਰੋਬ ਸੂਰਜ ਦੀ ਸਤ੍ਹਾ ਤੋਂ ਸਿਰਫ 3.8 ਮਿਲੀਅਨ ਮੀਲ (6.1 ਮਿਲੀਅਨ ਕਿਲੋਮੀਟਰ) ਦੀ ਦੂਰੀ 'ਤੇ ਸੀ। ਇਹ ਸ਼ਾਇਦ ਸੁਣਨ 'ਚ ਇੰਨਾ ਨੇੜੇ ਨਾ ਲੱਗੇ, ਪਰ ਡਾਕਟਰ ਫੌਕਸ ਨੇ ਇਸ ਦੇ ਮਹੱਤਵ ਨੂੰ ਸਮਝਦਿਆਂ ਕਿਹਾ, ਅਸੀਂ ਸੂਰਜ ਤੋਂ 93 ਮਿਲੀਅਨ ਮੀਲ ਦੂਰ ਹਾਂ। ਮੰਨ ਲਾਓ, ਜੇਕਰ ਸੂਰਜ ਅਤੇ ਧਰਤੀ ਵਿਚਾਲੇ ਇੱਕ ਮੀਟਰ ਦੀ ਦੂਰੀ ਹੋਵੇ ਤਾਂ ਪਾਰਕਰ ਸੋਲਰ ਪ੍ਰੋਬ ਸੂਰਜ ਤੋਂ ਸਿਰਫ਼ 4 ਸੈਂਟੀਮੀਟਰ ਦੂਰ ਹੈ। ਇਸ ਮੁਤਾਬਕ ਇਹ ਨੇੜੇ ਹੈ।

ਪ੍ਰੋਬ ਨੇ 1,400 ਡਿਗਰੀ ਸੈਲਸੀਅਸ ਦੇ ਤਾਪਮਾਨ ਅਤੇ ਰੇਡੀਏਸ਼ਨ ਨੂੰ ਸਹਿਣ ਕੀਤਾ ਹੈ, ਅਜਿਹਾ ਤਾਪਮਾਨ ਜੋ ਕਿ ਆਨ-ਬੋਰਡ ਇਲੈਕਟ੍ਰੋਨਿਕਸ ਨੂੰ ਨਸ਼ਟ ਕਰਨ ਦੀ ਸੰਭਾਵਨਾ ਰੱਖਦਾ ਹੈ। ਇਸ ਪੁਲਾੜ ਯਾਨ ਦੀ ਰਣਨੀਤੀ ਤੇਜ਼ੀ ਨਾਲ ਸੂਰਜ ਦੇ ਵਾਯੂਮੰਡਲ ਦੇ ਅੰਦਰ ਅਤੇ ਬਾਹਰ ਜਾਣ ਦੀ ਸੀ, ਜਿਸ ਕਰਕੇ ਇਸ ਨੂੰ 4.5 ਇੰਚ ਦੀ ਮੋਟੀ ਕਾਰਬਨ-ਕੰਪੋਜ਼ਿਟ ਢਾਲ ਨਾਲ ਸੁਰੱਖਿਅਤ ਕੀਤਾ ਗਿਆ ਸੀ। ਅਸਲ ਵਿੱਚ 430,000 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਇਹ ਯਾਨ ਕਿਸੇ ਵੀ ਮਨੁੱਖ ਵੱਲੋਂ ਬਣਾਈ ਵਸਤੂ ਨਾਲੋਂ ਤੇਜ਼ੀ ਨਾਲ ਅੱਗੇ ਵਧਿਆ ਹੈ। ਇਸ ਦੀ ਰਫਤਾਰ ਲੰਡਨ ਤੋਂ ਨਿਊਯਾਰਕ ਦੀ ਦੂਰੀ ਮਾਤਰ 30 ਸਕਿੰਟਾਂ ਵਿੱਚ ਤੈਅ ਕਰਨ ਦੇ ਬਰਾਬਰ ਹੈ। ਪਾਰਕਰ ਨੂੰ ਇਸ ਦੀ ਗਤੀ ਸੂਰਜ ਦੇ ਅਥਾਹ ਗੁਰੂਤਾ ਖਿੱਚ ਤੋਂ ਮਿਲੀ, ਜਿਸ ਕਰਕੇ ਸੂਰਜ ਵੱਲ ਵੱਧਦਾ ਚਲਾ ਗਿਆ।

ਵਿਗਿਆਨੀਆਂ ਨੂੰ ਉਮੀਦ ਹੈ ਕਿ ਜਦੋਂ ਇਹ ਪੁਲਾੜ ਯਾਨ ਸੂਰਜ ਦੇ ਕੋਰੋਨਾ ਯਾਨੀ ਬਾਹਰੀ ਵਾਯੂਮੰਡਲ ਵਿੱਚੋਂ ਲੰਘਿਆ ਹੋਵੇਗਾ ਤਾਂ ਇਸ ਨੇ ਡੇਟਾ ਇਕੱਠਾ ਕੀਤਾ ਹੋਣਾ ਹੈ, ਜੋ ਲੰਬੇ ਸਮੇਂ ਤੋਂ ਚੱਲ ਰਹੇ ਰਹੱਸ ਨੂੰ ਹੱਲ ਕਰੇਗਾ। ਵੇਲਜ਼ ਵਿੱਚ ਫਿਫਥ ਸਟਾਰ ਲੈਬਜ਼ ਦੇ ਇੱਕ ਖਗੋਲ ਵਿਗਿਆਨੀ ਡਾ. ਜੈਨੀਫਰ ਮਿਲਾਰਡ ਕਹਿੰਦੇ ਹਨ ਕਿ ਸੂਰਜ ਦਾ ਕੋਰੋਨਾ ਬਹੁਤ, ਬਹੁਤ ਗਰਮ ਹੈ। ਸੂਰਜ ਦੀ ਸਤ੍ਹਾ ਲਗਭਗ 6,000 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਹੈ, ਪਰ ਕੋਰੋਨਾ, ਸੂਰਜ ਦਾ ਕਮਜ਼ੋਰ ਬਾਹਰੀ ਵਾਯੂਮੰਡਲ, ਜਿਸ ਨੂੰ ਅਸੀਂ ਸੂਰਜ ਗ੍ਰਹਿਣ ਦੌਰਾਨ ਦੇਖ ਸਕਦੇ ਹਾਂ, ਇਸ ਦਾ ਤਾਪਮਾਨ ਲੱਖਾਂ ਡਿਗਰੀ ਤੱਕ ਪਹੁੰਚਦਾ ਹੈ। ਇਹ ਸੂਰਜ ਤੋਂ ਵਧੇਰੇ ਦੂਰ ਹੈ ਤਾਂ ਫਿਰ ਇਹ ਗਰਮ ਕਿਵੇਂ ਹੋ ਰਿਹਾ ਹੈ?

ਇਹ ਮਿਸ਼ਨ ਵਿਗਿਆਨੀਆਂ ਲਈ ਸੂਰਜੀ ਹਵਾ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਵੀ ਮਦਦ ਕਰੇਗਾ। ਜਦੋਂ ਇਹ ਸੂਰਜੀ ਹਵਾ ਦੇ ਕਣ ਧਰਤੀ ਦੇ ਚੁੰਬਕੀ ਖੇਤਰ ਨਾਲ ਮਿਲਦੇ ਹਨ ਤਾਂ ਅਸਮਾਨ ਚਮਕਦਾਰ ਰੰਗਾਂ ਨਾਲ ਚਮਕ ਉੱਠਦਾ ਹੈ; ਪਰ ਇਹ ਅਖੌਤੀ ਪੁਲਾੜ ਦਾ ਮੌਸਮ ਸਮੱਸਿਆਵਾਂ ਪੈਦਾ ਵੀ ਕਰ ਸਕਦਾ ਹੈ। ਇਹ ਪਾਵਰ ਗਰਿੱਡ, ਇਲੈਕਟ੍ਰੋਨਿਕਸ ਅਤੇ ਸੰਚਾਰ ਪ੍ਰਣਾਲੀਆਂ ਨੂੰ ਹਿੱਲਾ ਕੇ ਰੱਖ ਸਕਦਾ ਹੈ। ਸੂਰਜ ਨੂੰ ਸਮਝਣਾ, ਇਸਦੀ ਗਤੀਵਿਧੀ, ਪੁਲਾੜ ਮੌਸਮ, ਸੂਰਜੀ ਹਵਾ, ਧਰਤੀ 'ਤੇ ਸਾਡੀ ਰੋਜ਼ਾਨਾ ਜ਼ਿੰਦਗੀ ਲਈ ਬਹੁਤ ਮਹੱਤਵਪੂਰਨ ਹੈ।


"Your home sold in 28 days or I will pay you $2,800 cash."

"Homes under $2,500/month."



"Why rent when you can own a home."
"Free list with pictures of homes available."

"Buy a home with up to $10,000 in available Down Payment Assistance programs! Call for details."

Realty Executives The Group

2182 Gladstone Ct, Unit C,
Glendale Heights, IL-60139



Japtej Singh, *Broker Associate*
Ph:(630)276-9729 (Cell/Text)
Fx:(630)206-0910
https://www.singhrealtyexe.com



Hiring Local & Midwest Drivers and Dedicated Lanes & Owner Operators



NT corp

4800 Vernon Ave,
Ste. C,
McCook, IL 60525

Ph: 847-562-5860 ext. 1003

Fax: 847-897-2660



Premium Truck & Trailer Tires

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires

235 Industrial Dr., Hampshire, IL 60140

Ph: 847-556-9996

Email: info@hampshiretires.com www.hampshiretires.com

# ਪੰਜਾਬ ਦੀ ਸਿਆਸੀ ਫਿਜ਼ਾ ’ਚ ਪੁਲਿਸ ਮੁਕਾਬਲਿਆਂ ਦੀ ਗੂੰਜ

**ਪੰਜਾਬੀ ਪਰਵਾਜ਼ ਬਿਊਰੋ**

***ਪੀਲੀਭੀਤ ਮੁਕਾਬਲੇ ਦੀ ਵੱਖ-ਵੱਖ ਧਿਰਾਂ ਵੱਲੋਂ ਨਿਆਂਇਕ ਜਾਂਚ ਦੀ ਮੰਗ***

ਪੁਲਿਸ ਮੁਕਾਬਲਿਆਂ ਵਿੱਚ ਪੰਜਾਬ ਦੇ ਨੌਜੁਆਨ ਮੁੰਡਿਆਂ ਦੀਆਂ ਮੌਤਾਂ ਦਾ ਮਸਲਾ ਇੱਕ ਵਾਰ ਫਿਰ ਪੰਜਾਬ ਦੀ ਸਿਆਸੀ ਫਿਜ਼ਾ ਵਿੱਚ ਗੂੰਜਣ ਲੱਗਿਆ ਹੈ। ਇੱਕ ਪਾਸੇ ਸੀ.ਬੀ.ਆਈ. ਦੀ ਇੱਕ ਵਿਸ਼ੇਸ਼ ਅਦਾਲਤ ਵੱਲੋਂ 30-32 ਸਾਲ ਪਹਿਲਾਂ ਹੋਏ ਇੱਕ ਝੂਠੇ ਪੁਲਿਸ ਮੁਕਾਬਲੇ ਵਿੱਚ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਸੁਣਾਈ ਗਈ ਹੈ, ਦੂਜੇ ਪਾਸੇ ਯੂ.ਪੀ. ਦੇ ਪੀਲੀਭੀਤ ਇਲਾਕੇ ਵਿੱਚ ਪੰਜਾਬ ਅਤੇ ਉੱਤਰ ਪ੍ਰਦੇਸ਼ ਦੀ ਪੁਲਿਸ ਨੇ ਇੱਕ ਸਾਂਝੇ ਉਪਰੇਸ਼ਨ ਵਿੱਚ ਪੰਜਾਬ ਦੇ 3 ਨੌਜਵਾਨਾਂ ਨੂੰ ਪੁਲਿਸ ਮੁਕਾਬਲੇ ਵਿੱਚ ਮਾਰਨ ਦਾ ਦਾਅਵਾ ਕੀਤਾ ਹੈ। ਜਦਕਿ ਮਾਰੇ ਜਾਣ ਵਾਲੇ ਨੌਜਵਾਨਾਂ ਦੇ ਮਾਪਿਆਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਉਨ੍ਹਾਂ ਇਸ ਮੁਕਾਬਲੇ ਦੀ ਨਿਰਪੱਖ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਮਾਰੇ ਗਏ ਇੱਕ ਨੌਜਵਾਨ ਦੇ ਮਾਪਿਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਲੜਕੇ ਦੇ ਸ਼ਰੀਰ ‘ਤੇ ਗੋਲੀ ਦਾ ਕੋਈ ਨਿਸ਼ਾਨ ਨਹੀਂ ਸੀ। ਉਨ੍ਹਾਂ ਕਿਹਾ ਕਿ ਉਸ ਦੀ ਮੌਤ ਹਿਰਾਸਤੀ ਕੁੱਟਮਾਰ ਵਿੱਚ ਹੋਈ ਹੈ। ਤਿੰਨਾਂ ਹੀ ਮੁੰਡਿਆਂ ਦੇ ਮਾਪਿਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਕਤਲ ਕੀਤਾ ਗਿਆ ਹੈ।

ਪੰਜਾਬ ਪੁਲਿਸ ਦੇ ਮੁਖੀ ਗੌਰਵ ਯਾਦਵ ਨੇ ਇਸ ਸੰਬੰਧ ਵਿੱਚ ਜਾਣਕਾਰੀ ਜਾਰੀ ਕਰਦਿਆਂ ਕਿਹਾ ਕਿ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਖਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸੰਬੰਧਤ ਗੁਰਦਾਸਪੁਰ ਖੇਤਰ ਦੇ ਤਿੰਨ ਨੌਜਵਾਨ-ਗੁਰਵਿੰਦਰ ਸਿੰਘ (25), ਵਰਿੰਦਰ ਸਿੰਘ ਉਰਫ ਰਵੀ (23) ਅਤੇ ਜਸ਼ਨਪ੍ਰੀਤ ਸਿੰਘ ਉਰਫ ਪਰਤਾਪ ਸਿੰਘ (18) ਉੱਤਰ ਪ੍ਰਦੇਸ਼ ਦੇ ਪੀਲੀਭੀਤ ਵਿੱਚ ਹੋਏ ਇੱਕ ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਹਨ। ਪੁਲਿਸ ਅਨੁਸਾਰ ਇਹ ਸਾਰੇ ਨੌਜਵਾਨ ਕਲਾਨੌਰ ਖੇਤਰ ਦੇ ਰਹਿਣ ਵਾਲੇ ਸਨ। ਇਹ ਇੱਥੋਂ ਦੇ ਹੀ ਬਖਸ਼ੀਵਾਲਾ ਥਾਣੇ ‘ਤੇ ਗਰਨੇਡ ਹਮਲੇ ਵਿੱਚ ਲੋੜੀਂਦੇ ਸਨ। ਯਾਦ ਰਹੇ, ਖਾਲਿਸਤਾਨ ਜ਼ਿੰਦਾਬਾਦ ਫੋਰਸ ਨਾਂ ਦੀ ਇੱਕ ਜਥੇਬੰਦੀ ਨੇ ਇਸ ਧਮਾਕੇ ਦੀ ਜ਼ਿੰਮੇਵਾਰੀ ਲਈ ਸੀ। ਮੁਕਾਬਲਾ ਉੱਤਰ ਪ੍ਰਦੇਸ਼ ਵਿੱਚ ਪੀਲੀਭੀਤ ਦੇ ਪੂਰਨਪੁਰ ਖੇਤਰ ਵਿੱਚ ਹੋਇਆ ਦੱਸਿਆ ਜਾਂਦਾ ਹੈ। ਉੱਤਰ ਪ੍ਰਦੇਸ਼ ਦੇ ਵਧੀਕ ਡਾਇਰੈਕਟਰ ਜਨਰਲ ਅਮਿਤਾਭ ਯੱਸ਼ ਅਨੁਸਾਰ ਮੁਕਾਬਲੇ ਵਿੱਚ ਤਿੰਨਾਂ ਨੂੰ ਗੰਭੀਰ ਸੱਟਾਂ ਲੱਗੀਆਂ। ਇਸ ਤੋਂ ਬਾਅਦ ਉਨ੍ਹਾਂ ਨੂੰ ਸੀ.ਐਚ.ਸੀ. ਪੂਰਨਪੁਰ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਨੌਜਵਾਨਾਂ ਕੋਲੋਂ ਦੋ ਏ.ਕੇ.-47 ਰਾਈਫਲਾਂ, ਦੋ ਪਿਸਤੌਲ ਅਤੇ ਕੁਝ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ।

ਮਾਰੇ ਗਏ ਨੌਜਵਾਨਾਂ ਦੇ ਮਾਪਿਆਂ ਨੇ ਪੁਲਿਸ ਦੀ ਕਹਾਣੀ ‘ਤੇ ਇਤਬਾਰ ਕਰਨੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਝੂਠੇ ਕੇਸ ਵਿੱਚ ਫਸਾ ਕੇ ਮਾਰਿਆ ਗਿਆ ਹੈ। ਨੌਜਵਾਨ ਜਸ਼ਨਦੀਪ ਦੇ ਮਾਪਿਆਂ ਨੇ ਉਸ ਦੇ ਸਸਕਾਰ ਮੌਕੇ ਲਾਸ਼ ਵੇਖਣ ਤੋਂ ਬਾਅਦ ਦੱਸਿਆ ਕਿ ਜਸ਼ਨਪ੍ਰੀਤ ਦੇ ਸਰੀਰ ‘ਤੇ ਗੋਲੀ ਦਾ ਕੋਈ ਨਿਸ਼ਾਨ ਨਹੀਂ ਸੀ। ਇਸ ਲਈ ਇਹ ਮੁਕਾਬਲੇ ਦੀ ਕਹਾਣੀ ਝੂਠੀ ਹੈ। ਯਾਦ ਰਹੇ, ਜਸ਼ਨਪ੍ਰੀਤ ਦਾ ਹਾਲੇ ਤਿੰਨ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਗੁਰਵਿੰਦਰ ਸਿੰਘ ਕਲਾਨੌਰ ਕਸਬੇ ਅਤੇ ਰਵਿੰਦਰ ਸਿੰਘ ਪਿੰਡ ਅਗਵਾਨ ਦਾ ਰਹਿਣ ਵਾਲਾ ਸੀ। ਇੰਦਰਾ ਗਾਂਧੀ ਦੇ ਕਤਲ ਵਿੱਚ ਫਾਂਸੀ ਲੱਗਣ ਵਾਲੇ ਸਤਵੰਤ ਸਿੰਘ ਵੀ ਇਸੇ ਪਿੰਡ ਨਾਲ ਸੰਬੰਧਤ ਸਨ। ਮਾਰੇ ਜਾਣ ਵਾਲੇ ਤਿੰਨੋ ਨੌਜਵਾਨ ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰਾਂ ਨਾਲ ਸੰਬੰਧਤ ਹਨ।

ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਪਾਇਲ ਹਲਕੇ ਤੋਂ ਅਸੈਂਬਲੀ ਮੈਂਬਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਪੁਲਿਸ ਮੁਕਾਬਲਾ ਝੂਠਾ ਜਾਪਦਾ ਹੈ ਅਤੇ ਉਨ੍ਹਾਂ ਇਸ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਇਸ ਦੌਰਾਨ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਮਨੁੱਖੀ ਅਧਿਕਾਰ ਸੰਗਠਨ ਦੇ ਆਗੂਆਂ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ, ਕਿਰਪਾਲ ਸਿੰਘ ਰੰਧਾਵਾ, ਹਰਮਨਦੀਪ ਸਿੰਘ ਸਰਹਾਲੀ ਨੇ ਕਿਹਾ ਕਿ ਸਰਕਾਰਾਂ ਕਿਸਾਨਾਂ, ਗਰੀਬਾਂ ਅਤੇ ਘੱਟਗਿਣਤੀਆਂ ਨਾਲ ਸੰਬੰਧਤ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਸਮਾਜ 25 ਹਜ਼ਾਰ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਦਾ ਇਨਸਾਫ ਮੰਗ ਰਿਹਾ ਹੈ ਤਾਂ ਇਨਸਾਫ ਦੇਣ ਦੀ ਬਜਾਏ ਨਿੱਤ ਨਵੀਆਂ ਕਹਾਣੀਆਂ ਘੜ ਕੇ ਨੌਜੁਆਨ ਝੂਠੇ ਮੁਕਾਬਲਿਆਂ ਵਿੱਚ ਮਾਰੇ ਜਾ ਰਹੇ ਹਨ। ਉਨ੍ਹਾਂ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਦਖਲ ਦੀ ਮੰਗ ਕਰਦਿਆਂ ਨਿਆਇੰਕ ਜਾਂਚ ਮੰਗੀ ਹੈ।

ਇਸੇ ਦੌਰਾਨ ਰਾਜਨੀਤਿਕ ਵਿਸ਼ਲੇਸ਼ਕ ਅਤੇ ਮਨੁੱਖੀ ਅਧਿਕਾਰਾਂ ਸੰਬੰਧੀ ਆਗੂ ਮਾਲਵਿੰਦਰ ਸਿੰਘ ਮਾਲੀ ਨੇ ਵੀ ਇਸ ਮੁਕਾਬਲੇ ਦੀ ਨਿਆਇੰਕ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਇਹ ਨੌਜਵਾਨ ਧਮਾਕਿਆਂ ਵਿੱਚ ਸ਼ਾਮਲ ਵੀ ਸਨ, ਤਦ ਵੀ ਉਨ੍ਹਾਂ ਨੂੰ ਝੂਠਾ ਮੁਕਾਬਲਾ ਬਣਾ ਕੇ ਮਾਰਨਾ ਇੱਕ ਗੈਰ-ਕਾਨੂੰਨੀ ਕਾਰਵਾਈ ਹੈ। ਇਸੇ ਤਰ੍ਹਾਂ ਪਟਿਆਲਾ ਦੀ ਪ੍ਰਸਿੱਧ ਡਾਕਟਰ ਬੀਬੀ ਹਰਸ਼ਿੰਦਰ ਕੌਰ ਨੇ ਇਸ ਪੁਲਿਸ ਮੁਕਾਬਲੇ ‘ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਾਡੀਆਂ ਸਰਕਾਰਾਂ ਬੱਚੇ ਖਾਣੀਆਂ ਹਨ। ਅਸੀਂ ਆਦਮਖੋਰ ਸਰਕਾਰਾਂ ਦੇ ਵੱਸ ਪਏ ਹੋਏ ਹਾਂ। ਇਸੇ ਦਰਮਿਆਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਕੁੱਝ ਵਕੀਲਾਂ ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਹੈ। ਇਸ ਵਫਦ ਵਿੱਚ ਹਰਵਿੰਦਰਪਾਲ ਸਿੰਘ ਤੇ ਐਡਵੋਕੇਟ ਅਮਰਜੀਤ ਸਿੰਘ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਤੋਂ ਬਾਅਦ ਉਹ ਇੱਕ ਰਿਪੋਰਟ ਤਿਆਰ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਸਾਰੀ ਜਾਣਕਾਰੀ ਇਕੱਤਰ ਕਰਨ ਤੋਂ ਬਾਅਦ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਇਸ ਦੌਰਾਨ ਸੀ.ਪੀ.ਆਈ. (ਐਮ.ਐਲ) ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨੱਤ ਨੇ ਵੀ ਉਕਤ ਮੁਕਾਬਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

ਤਾਜ਼ਾ ਸਿਆਸੀ ਘਟਨਾਕਰਮ ‘ਤੇ ਨਜ਼ਦੀਕ ਤੋਂ ਨਜ਼ਰ ਰੱਖ ਰਹੇ ਕੁਝ ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਪੰਜਾਬ ਇੱਕ ਵਾਰ ਫਿਰ ਬਲਦੀ ਦੇ ਬੁੱਥੇ ਆਉਂਦਾ ਵਿਖਾਈ ਦੇ ਰਿਹਾ ਹੈ। ਇਸ ਸੰਬੰਧ ਵਿੱਚ ਇਸ਼ਾਰੇ ਵੱਖ-ਵੱਖ ਖੇਤਰਾਂ ਵਿੱਚ ਪਸਰ ਰਹੇ ਸੰਕਟਾਂ ਤੋਂ ਮਿਲਣੇ ਸ਼ੁਰੂ ਹੋ ਚੁੱਕੇ ਹਨ। ਸਥਿਤੀਆਂ ਏਨੀਆਂ ਜ਼ਿਆਦਾ ਗੰਭੀਰ ਹਨ ਕਿ ਨੇੜ ਭਵਿੱਖ ਵਿੱਚ ਪੰਜਾਬ ਅੰਦਰ ਕੋਈ ਚੱਜ ਦਾ ਸਿਆਸੀ ਬਦਲ ਨਹੀਂ ਉਭਰਦਾ, ਨਾਲ ਹੀ ਜੇ ਕੇਂਦਰ ਦੀਆਂ ਪੰਜਾਬ ਪ੍ਰਤੀ ਵਿਗੜੀਆਂ ਨੀਤੀਆਂ ਨਹੀਂ ਬਦਲਦੀਆਂ, ਤਾਂ ਇਹ ਖਿੱਤਾ ਇੱਕ ਵਾਰ ਫਿਰ ਭਿਆਨਕ ਕਲੇਸ਼ ਦਾ ਖਾਜਾ ਬਣਨ ਵੱਲ ਵਧ ਜਾਵੇਗਾ।

ਇਹ ਕਿਸਾਨ ਆਰਥਿਕਤਾ ਦਾ ਮਸਲਾ ਹੋਵੇ, ਜਾਂ ਕਿਸਾਨ ਸੰਘਰਸ਼ ਦਾ; ਵਿਦਿਅਕ ਖੇਤਰ ਵਿੱਚ ਆਈ ਖੜੋਤ, ਵਧ ਰਹੀ ਬੇਰੁਜ਼ਗਰੀ, ਨਸ਼ਿਆਂ ਨਾਲ ਮਰ ਰਹੀ ਜਵਾਨੀ ਜਾਂ ਖੁਦਕਸ਼ੀਆਂ ਕਰ ਰਹੀ ਕਿਸਾਨੀ; ਫੰਡਰ ਸਿਆਸਤਦਾਨਾਂ ਅਤੇ ਬਾਂਝ ਸਿਆਸੀ ਪਾਰਟੀਆਂ ਦਾ ਮਸਲਾ ਹੋਵੇ ਜਾਂ ਭ੍ਰਿਸ਼ਟ ਹੋ ਚੁੱਕੇ ਪ੍ਰਸ਼ਸਨਕ ਤਾਣੇ-ਬਾਣੇ ਦਾ, ਹਰ ਇਸ਼ਾਰਾ ਇਹ ਦਰਸਾਉਂਦਾ ਹੈ ਕਿ ਲੋਕਾਂ ਦਾ ਸਬਰ ਜੁਆਬ ਦੇ ਰਿਹਾ ਹੈ। ਕਿਸਾਨ ਵਰਕਰ ਮਰਜੀਵੜੇ ਬਣਨ ਲਈ ਮਜ਼ਬੂਰ ਹਨ, ਆਗੂ ਮਰਨ ਵਰਤ ‘ਤੇ ਬਹਿ ਗਏ ਹਨ ਅਤੇ ਜਵਾਨੀ ਨਸ਼ਿਆਂ ਅਤੇ ਖੁਦਕਸ਼ੀ ਕਰਕੇ ਮਰਨ ਨਾਲੋਂ ਗੈਂਗਸਟਰ/ਕ੍ਰਿਮੀਨਲ ਬਣਨ ਨੂੰ ਤਰਜੀਹ ਦੇਣ ਲੱਗੀ ਹੈ। ਝੂਰ-ਝੂਰ ਕੇ ਮਰਨ ਨਾਲੋਂ ਖੋਹ ਕੇ ਖਾਣ ਲਈ ਤਰਜੀਹ ਵਧ ਰਹੀ ਹੈ। ਸਵਾਲਾਂ ਦਾ ਸਵਾਲ ਇੱਥੇ ਇਹ ਵੀ ਹੈ ਕਿ ਇਹੋ ਜਿਹੀਆਂ ਹਾਲਤਾਂ ਪੈਦਾ ਕਰਨ ਲਈ ਜ਼ਿੰਮੇਵਾਰ ਕੌਣ ਹੈ? ਬਿਨਾ ਸ਼ੱਕ ਸਿਆਸਤਦਾਨ, ਖਾਸ ਕਰਕੇ ਪੰਜਾਬ ਦੇ ਸਿਆਸਤਦਾਨ! ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧਤ ਹੋਣ, ਉਨ੍ਹਾਂ ਨੇ ਆਪਣੇ ਘਰ ਭਰਨ ਅਤੇ ਲੋਕਾਂ ਨਾਲ ਵੋਟਾਂ ਦੀ ਠੱਗੀ ਮਾਰਨ ‘ਤੇ ਲੱਕ ਬੰਨ੍ਹਿਆ ਹੋਇਆ ਹੈ। ਖਜਾਨਾ ਆਪ ਲੁੱਟ ਰਹੇ ਹਨ, ਰਾਜ ਦੇ ਕੰਮ ਕਰਜ਼ੇ ਨਾਲ ਚਲਾ ਰਹੇ ਹਨ।

**ਝੂਠੇ ਮੁਕਾਬਲੇ ਵਿੱਚ ਪੁਲਿਸ ਅਫਸਰਾਂ ਨੂੰ ਉਮਰ ਕੈਦ ਦੀ ਸਜ਼ਾ:** ਇਸੇ ਦੌਰਾਨ ਬੀਤੀ 24 ਦਸੰਬਰ ਨੂੰ ਮੁਹਾਲੀ ਦੀ ਇੱਕ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਥਾਣਾ ਸਿਟੀ ਤਰਨਤਾਰਨ ਦੇ ਇੰਚਾਰਜ ਰਹੇ ਗੁਰਬਚਨ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਉਸ ਨੂੰ ਇਸੇ ਕੇਸ ਨਾਲ ਸੰਬੰਧਤ ਕੁਝ ਹੋਰ ਮਾਮਲਿਆਂ ਵਿੱਚ 11 ਸਾਲ ਦੀ ਹੋਰ ਸਜ਼ਾ ਅਤੇ ਢਾਈ ਲੱਖ ਰੁਪਏ ਜ਼ੁਰਮਾਨੇ ਦੀ ਸਜ਼ਾ ਵੀ ਸੁਣਾਈ ਗਈ ਹੈ। ਇਸੇ ਮਾਮਲੇ ਵਿੱਚ ਦੂਜੇ ਦੋਸ਼ੀ ਐਸ.ਆਈ. ਰੇਸ਼ਮ ਸਿੰਘ ਨੂੰ ਵੀ ਉਪਰੋਕਤ ਸਾਜ਼ਾਵਾਂ ਸੁਣਾਈਆਂ ਗਈਆਂ ਹਨ। ਇਸੇ ਮਾਮਲੇ ਵਿੱਚ ਧਾਰਾ 302 ਅਧੀਨ ਏ.ਐਸ.ਆਈ. ਹੰਸ ਰਾਜ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਪੁਲਿਸ ਅਫਸਰਾਂ ਨੇ ਪੁਲਿਸ ਵਿੱਚ ਸਿਪਾਹੀ ਜਗਦੀਪ ਸਿੰਘ ਮੱਖਣ ਅਤੇ ਐਸ.ਪੀ.ਓ. ਗੁਰਨਾਮ ਸਿੰਘ ਪਾਲੀ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਖਤਮ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਖੁਰਦ-ਬੁਰਦ ਕਰ ਦਿੱਤੀਆਂ ਸਨ।

## ਪੁਲਿਸ ਮੁਕਾਬਲਿਆਂ ਦੀ ਨਿਰੰਤਰਤਾ

ਯੂ.ਪੀ. ਵਿੱਚ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਪੁਲਿਸ ਵੱਲੋਂ ‘ਮੁਕਾਬਲੇ’ ਵਿੱਚ ਮਾਰੇ ਜਾਣ ਅਤੇ ਉਨ੍ਹਾਂ ਦੇ ਕਿਸੇ ਖਾਲਿਸਤਾਨੀ ਫੋਰਸ ਦੇ ਮੈਂਬਰ ਹੋਣ ਦੇ ਦਾਅਵੇ ਸਰਾਸਰ ਝੂਠੇ ਹਨ। ਇਸ ਗੱਲ ਨੂੰ ਸਾਬਤ ਕਰਨ ਲਈ ਪ੍ਰੈਸ ਵਿੱਚ ਛਪੀਆਂ ਖ਼ਬਰਾਂ ਅਤੇ ਪੁਲਿਸ ਵੱਲੋਂ ਜਾਰੀ ਇਨ੍ਹਾਂ ਨੌਜਵਾਨਾਂ ਦੀਆਂ ਫੋਟੋਆਂ ਹੀ ਕਾਫੀ ਹਨ। ਲਾਸ਼ਾਂ ਵਿੱਚ ਦਿਖਾਏ ਕੱਪੜੇ ਅਤੇ ਪੁਲਿਸ ਵੱਲੋਂ ਜਾਰੀ ਕੀਤੀਆਂ ਪਾਸਪੋਰਟ ਸ਼ਾਇਜ ਫੋਟੋਆਂ ਵਿੱਚ ਨੌਜਵਾਨਾਂ ਦੇ ਹੂਬਹੂ ਉਹੋ ਕੱਪੜੇ ਪਹਿਨੇ ਹਨ, ਜੋ ਸਾਬਤ ਕਰਦਾ ਕਿ ਇਹ ਫੋਟੋਆਂ ਉਨ੍ਹਾਂ ਦਾ ਝੂਠਾ ਮੁਕਾਬਲਾ ਬਣਾਉਣ ਤੋਂ ਕੁਝ ਮਿੰਟ ਪਹਿਲਾਂ ਖਿੱਚੀਆਂ ਗਈਆਂ ਹਨ। ਜੇ ਮੈਂ ਇਹ ਵੀ ਕਹਾਂ ਕਿ ਪੰਜਾਬ ਪੁਲਿਸ ਵਰਦੀਧਾਰੀ ਗੁੰਡਿਆਂ ਦਾ ਗ੍ਰੋਹ ਹੈ ਤਾਂ ਵੀ ਮੈਂ ਇਸ ਫੋਰਸ ਵੱਲੋਂ ਅੱਸੀਵਿਆਂ ਤੋਂ ਲਗਾਤਾਰ ਪੰਜਾਬ ਦੀ ਬਰਬਾਦੀ ਵਿੱਚ ਪਾਏ ਯੋਗਦਾਨ ਨਾਲ ਇਨਸਾਫ਼ ਨਹੀਂ ਕਰ ਰਿਹਾ ਹੋਵਾਂਗਾ। ਮੈਂ ਪੰਜਾਬ ਪੁਲਿਸ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ, ਗੈਰ-ਕਾਨੂੰਨੀ ਹਿਰਾਸਤ ਅਤੇ ਅਣਮਨੁੱਖੀ ਤਸ਼ੱਦਦ ਦੇ ਹਜ਼ਾਰਾਂ ਮਾਮਲਿਆਂ ਦੀ ਜਾਂਚ ਵਿੱਚ ਆਪਣੀ ਜ਼ਿੰਦਗੀ ਦੇ ਕਰੀਬ ਦਸ ਸਾਲ ਲਾਏ ਹਨ ਅਤੇ ਅਜਿਹੇ ਕੇਸਾਂ ਦੀ ਕਾਨੂੰਨੀ ਪੈਰਵੀ ਦੀਆਂ ਚਾਰਾ-ਜੋਈਆਂ ਵੀ ਕੀਤੀਆਂ ਹਨ। ਮੇਰਾ ਤਜਰਬਾ ਇਹੀ ਕਹਿੰਦਾ ਕਿ ਪੰਜਾਬ ਵਿੱਚ ਹਿੰਸਾ ਦੀ ਖੇਡ ਭਾਰਤ ਸਰਕਾਰ ਦੀਆਂ ਏਜੰਸੀਆਂ ਦੀ ਇੱਕ ਯੋਜਨਾ ਬੱਧ ਸ਼ਾਜਿਸ਼ ਹੈ। ਪੰਜਾਬ ਵਿੱਚ ਆਰਗੇਨਾਈਜ਼ਡ (Organized) ਖਾੜਕੂਵਾਦ 1994 ਦੇ ਅੱਧ ਤੱਕ ਖਤਮ ਹੋ ਗਿਆ ਸੀ, ਪਰ ਉਸ ਤੋ ਬਾਅਦ ਅੱਜ ਤੱਕ ਖਾੜਕੂਵਾਦ ਦੇ ਡਰ ਨੂੰ ਜਿਉਂਦਾ ਰੱਖਣ ਭਾਰਤੀ ਏਜੰਸੀਆਂ ਵੱਲੋਂ ਵਿਸ਼ੇਸ਼ ਯਤਨ ਲਗਾਤਾਰ ਜਾਰੀ ਹਨ।

ਜੇ ਮੈਂ ਇਹ ਕਹਾਂ ਕਿ ਪੰਜਾਬ ਵਿੱਚ ਖਾੜਕੂਵਾਦ ਅਤੇ ਉਸਦਾ ਡਰ ਦਹਾਕਿਆਂ ਤੋਂ ਇੱਕ ਵੱਡੇ ਉਦਯੋਗ ਦਾ ਰੂਪ ਧਾਰ ਚੁੱਕਾ, ਜਿਸ ਨੂੰ ਬਣਾਈ ਰੱਖਣ ਵਿੱਚ ਪੁਲਿਸ, ਸਿਆਸਤਦਾਨਾਂ, ਵਿਦਵਾਨਾਂ ਅਤੇ ਪੱਤਰਕਾਰਾਂ ਦੇ ਵਿਸ਼ੇਸ਼ ਗੁੱਟਾਂ ਦੇ ਸਵਾਰਥੀ ਤੇ ਮਾਇਕ ਹਿੱਤ ਜੁੜੇ ਹੋਏ ਹਨ; ਪਰ ਇਸ ਸਭ ਕੁਝ ਦੀ ਸਰਪ੍ਰਸਤੀ ਭਾਰਤੀ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਉਦਯੋਗ ਨਾਲ ਜੁੜੀਆਂ ਇਨ੍ਹਾਂ ਧਿਰਾਂ ਦੇ ਲਾਲਚਾਂ ਨੂੰ ਪੂਰਾ ਕਰਨ ਅਤੇ ਪੰਜਾਬ ਵਿਚਲੀ ਨੌਜਵਾਨੀ ਨੂੰ ਬਰਬਾਦ ਕਰਨ ਲਈ ਇਸ ਵਿੱਚ ਡਰੱਗ ਦੇ ਧੰਦੇ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਹੁਣ ਪਿਛਲੇ ਕੁਝ ਸਾਲਾਂ ਤੋਂ ਇਸ ਗਠਜੋੜ ਵਿੱਚ ਗੈਗਸਟਰਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਸੰਸਾਰ ਭਰ ’ਚ ਜਿੱਥੇ ਜਿੱਥੇ ਵੀ ਸਿੱਖ ਭਾਈਚਾਰਾ ਵੱਸਿਆ ਹੈ, ਉੱਥੇ ਉੱਥੇ ਸਿੱਖ ਸਿਆਸਤਦਾਨਾਂ, ਏਜੰਸੀਆਂ, ਡਰੱਗ ਡੀਲਰਾਂ ਅਤੇ ਗੈਗਸਟਰਾਂ ਦੇ ਇਸ ਗਠਜੋੜ ਦੇ ਵੱਖੋ-ਵੱਖਰੇ ਰੂਪ ਨਜ਼ਰ ਆ ਜਾਂਦੇ ਹਨ।

ਇਸ ਨਾਪਾਕ ਗਠਜੋੜ ਆਸਰੇ ਇਕੱਠੇ ਕੀਤੇ ਕਰੋੜਾਂ ਅਰਬਾਂ ਦੇ ਧਨ ਨੂੰ ਵਿਦੇਸ਼ਾਂ ਵਿੱਚ ਕੀਮਤੀ ਜਾਇਦਾਦਾਂ ਅਤੇ ਵੱਡੇ ਵਪਾਰ ਸਥਾਪਤ ਕਰਨ ਲਈ ਇਸਤੇਮਾਲ ਕੀਤਾ ਜਾ ਰਿਹਾ। ਵਿਦੇਸ਼ਾਂ ਵਿੱਚ ਪੰਜਾਬ ਦੇ ਸਿਆਸਤਦਾਨਾਂ, ਸਾਬਕਾ ਪੁਲਿਸ ਅਫਸਰਾਂ ਅਤੇ ਡਰੱਗ ਡੀਲਰਾਂ ਦੇ ਸਾਂਝੇ ਵਪਾਰ ਤੇ ਜਾਇਦਾਦਾਂ ਹਨ। ਭਾਰਤੀ ਏਜੰਸੀਆਂ ਇਨ੍ਹਾਂ ਦੀ ਬਲੈਕ ਮਨੀ ਨੂੰ ਵਿਦੇਸ਼ਾਂ ਵਿੱਚ ਪਹੁੰਚਾਉਣ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ ਅਤੇ ਇਹ ਬਦਲੇ ਵਿੱਚ ਭਾਰਤੀ ਏਜੰਸੀਆਂ ਲਈ ਸਿੱਖ ਭਾਈਚਾਰੇ ਵਿੱਚ ਇੱਕ ਨੈਟਵਰਕ ਪੈਦਾ ਕਰਦੇ ਹਨ। ਮਤਲਬ ਇਹ ਕਿ ਸਿੱਖ ਭਾਰਤੀ ਏਜੰਸੀਆਂ ਦੀ ਫੈਲਾਈ ਵਿਸ਼ਵ ਵਿਆਪੀ ਬਹੁਤ ਗਹਿਰੀ ਸ਼ਾਜਿਸ ਵਿੱਚ ਫਸ ਚੁੱਕੇ ਹਨ, ਜਿਸ ਵਿੱਚੋਂ ਨਿਕਲਣ ਲਈ ਨਾ ਤਾਂ ਸਾਡੇ ਕੋਲ ਕੋਈ ਬੱਝਵੀ ਨੀਤੀ ਹੈ ਅਤੇ ਨਾ ਹੀ ਇਸ ਦੇ ਟਾਕਰੇ ਦੇ ਹਾਣ ਦੀ ਸਿਆਸਤ ਹੈ।

*-ਅਮਰੀਕ ਸਿੰਘ ਮੁਕਤਸਰ*


RBS
Prop. Sunny Bagga
Raja Bollywood Studio
USA M. +1 331-230-9179
INDIA M:- 98141-00239 , 98142-00239
E-Mail:- rajabollywoodstudio2@gmail.com
rajabollywoodstudio YouTube Raja Bollywood Studio

3E Tours Offers
ਯਾਤਰਾ ਸ੍ਰੀ ਨਨਕਾਣਾ ਸਾਹਿਬ
ਪੰਜਾਬ-ਪਾਕਿਸਤਾਨ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੀ ਯਾਤਰਾ



A Journey of Hearts‘ desire Yatra of prominent holy Sikh Shrines in the Punjab-Pakistan
■Meticulously arranged & superbly conducted by a team of experienced tour operators.
■Affordable Package Price which includes Air Fare, Hotel Accommodation, Food and Transportation.
Fully customized couple packages & Large Groups
17 to 26 February 2025 & 17 to 26 April 2025
For contact please: Whatsapp:
3E Tours USA +1-443-362-9209
Explore–Experience–Enjoy asjadghani581@gmail.com
www.3etoursllc.com 3etoursllc@gmail.com

ੴ




ਸਿੱਖ ਟੈਂਪਲ ਆਫ ਵਿਸਕਾਨਸਿਨ (ਓਕ ਕਰੀਕ) ਦੀ ਸਮੂਹ ਪ੍ਰਬੰਧਕ ਕਮੇਟੀ, ਸੇਵਾਦਾਰਾਂ ਤੇ ਸੰਗਤਾਂ ਵੱਲੋਂ ਸਮੂਹ ਭਾਈਚਾਰੇ ਨੂੰ

# ਖਾਲਸਾ ਪੰਥ ਦੇ ਸਿਰਜਣਹਾਰੇ, ਮਰਦ ਅਗੰਮੜੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕੋਟਾਨਿ ਕੋਟਿ ਵਧਾਈ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਸਮਾਗਮ 12 ਜਨਵਰੀ 2025 (ਐਤਵਾਰ) ਨੂੰ ਹੋਵੇਗਾ। ਇਸ ਸਬੰਧੀ 10 ਜਨਵਰੀ 2025 (ਸ਼ੁੱਕਰਵਾਰ) ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਗੁਰੂ ਘਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

*ਭਾਈ ਗੁਰਮੇਲ ਸਿੰਘ ਅਤੇ ਭਾਈ ਸੁਰਜੀਤ ਸਿੰਘ ਦਾ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ*

ਆਓ ਸਾਰੇ ਰਲ ਕੇ ਇਸ ਵਰ੍ਹੇ ਆਪਣੇ ਭਾਈਚਾਰੇ, ਕੌਮ ਅਤੇ ਵਿਸ਼ਵ ਨੂੰ ਬਿਹਤਰ ਬਣਾਉਣ ਲਈ ਹੰਭਲਾ ਮਾਰੀਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰੀਏ

## Sikh Temple Of Wisconsin


7512 South Howell Ave. Oak Creek, WI 53154

Ph. 414-764-7454 Web Site: sikhtempleofwisconsin.com

# ਸਿੱਖ ਇਤਿਹਾਸ ਦਾ ਸੰਖੇਪ ਰੂਪ ਦਸਤਾਵੇਜ਼ ਫਿਲਮ 'ਸ਼ਹੀਦ'

**ਸ਼ਿਕਾਗੋ (ਕੁਲਜੀਤ ਦਿਆਲਪੁਰੀ):** ਫਿਲਮਸਾਜ਼ ਜਗਮੀਤ ਸਿੰਘ ਸਮੁੰਦਰੀ ਇਨ੍ਹੀਂ ਦਿਨੀਂ ਆਪਣੀ ਬਣਾਈ ਫਿਲਮ 'ਸ਼ਹੀਦ' ਨੂੰ ਲੈ ਕੇ ਚਰਚਾ ਵਿੱਚ ਹਨ ਅਤੇ ਨਾਲ ਹੀ ਉਹ ਇਸ ਫਿਲਮ ਦੇ ਗੁਰੂਘਰਾਂ ਵਿੱਚ ਸ਼ੋਅ ਦਿਖਾਉਣ ਲਈ ਰੁਝੇਵਿਆਂ ਵਿੱਚ ਹਨ। ਉਨ੍ਹਾਂ ਦਾ ਟੀਚਾ ਅਮਰੀਕਾ ਸਮੇਤ ਹੋਰਨਾਂ ਦੇਸ਼ਾਂ ਦੇ ਵੱਧ ਤੋਂ ਵੱਧ ਗੁਰੂਘਰਾਂ ਵਿੱਚ ਇਸ ਫਿਲਮ ਨੂੰ ਦਿਖਾਉਣ ਦਾ ਹੈ, ਕਿਉਂਕਿ ਉਨ੍ਹਾਂ ਸਿੱਖ ਇਤਿਹਾਸ ਦਾ ਸੰਖੇਪ ਰੂਪ ਦਸਤਾਵੇਜ਼ ਇਹ ਫਿਲਮ ਤਿਆਰ ਕਰਨ ਲਈ ਲੰਮਾਂ ਸਮਾਂ ਖੋਜ ਕੀਤੇ ਹੋਣ ਦੀ ਗੱਲ ਕਹੀ ਹੈ। ਉਨ੍ਹਾਂ ਦੱਸਿਆ ਕਿ ਸਿੱਖ ਇਤਿਹਾਸ ਬਾਰੇ ਕੋਈ ਵੀ ਡਾਕੂਮੈਂਟਰੀ ਬਣਾਉਣ ਤੋਂ ਪਹਿਲਾਂ ਇਤਿਹਾਸਕ ਖੋਜ ਕੀਤੀ ਜਾਂਦੀ ਹੈ ਅਤੇ ਬਾਅਦ ਵਿੱਚ ਇਸ ਨੂੰ ਫਿਲਮੀ ਰੂਪ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਫਿਲਮ ਵਿੱਚ ਰਹਿਤ ਮਰਿਆਦਾ ਦਾ ਖਿਆਲ ਰੱਖਿਆ ਗਿਆ ਹੈ। ਉਹ ਅੱਗੇ ਵੀ ਅਜਿਹੀਆਂ ਫਿਲਮਾਂ 'ਤੇ ਕੰਮ ਕਰ ਰਹੇ ਹਨ ਤੇ ਉਨ੍ਹਾਂ ਦਾ ਬੇਸ ਮੁੰਬਈ ਹੈ।

'ਸ਼ਹੀਦ' ਸਿੱਖ ਇਤਿਹਾਸ 'ਤੇ ਬਣੀ 80 ਮਿੰਟ ਦੀ ਡਾਕੂਮੈਂਟਰੀ ਫਿਲਮ ਹੈ। ਇਹ ਸੰਸਾਰ ਦੀ ਪਹਿਲੀ ਸਾਊਂਡ ਐਂਡ ਲਾਈਟ ਕਨਸੈਪਟ ਨਾਲ ਬਣੀ ਸਿੱਖ ਇਤਿਹਾਸ ਦੀ ਡਾਕੂਮੈਂਟਰੀ ਹੈ। ਇਸ ਦਾ ਫਿਲਮਾਂਕਣ ਪੂਰਾ ਅੰਤਰਰਾਸ਼ਟਰੀ ਪੱਧਰ ਦਾ ਹੈ। ਇਸ ਫਿਲਮ 'ਚ ਦਿਖਾਇਆ ਗਿਆ ਹੈ ਕਿ ਸਿੱਖ ਇਤਿਹਾਸ ਸ਼ੁਰੂ ਕਿੱਦਾਂ ਹੋਇਆ ਸੀ ਤੇ ਦਸ ਗੁਰੂ ਸਾਹਿਬਾਨ ਦਾ ਯੋਗਦਾਨ ਅਤੇ ਫਿਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਲੈ ਕੇ 1740 ਤੱਕ ਦੇ ਸਿੱਖ ਇਤਿਹਾਸ ਦਾ ਸਫਰ ਤੈਅ ਕੀਤਾ ਗਿਆ ਹੈ।




ਫਿਲਮ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਨੇ ਇਸ ਤੋਂ ਪਹਿਲਾਂ 'ਰਾਈਜ਼ ਆਫ ਦਾ ਖਾਲਸਾ' ਦਸਤਾਵੇਜ਼ੀ ਫਿਲਮ ਅਤੇ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' ਫੀਚਰ ਫਿਲਮ ਦਾ ਨਿਰਦੇਸ਼ਨ ਵੀ ਕੀਤਾ ਹੈ। ਸ. ਸਮੁੰਦਰੀ ਨੇ ਦੱਸਿਆ ਕਿ ਉਨ੍ਹਾਂ ਨੇ ਮਾਸਟਰ ਇਨ ਮਾਸ ਕਮਿਊਨੀਕੇਸ਼ਨਜ਼ ਦੀ ਪੜ੍ਹਾਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਫਿਰ ਉਹ ਬੰਬੇ ਚਲੇ ਗਏ ਸਨ, ਜਿੱਥੇ ਉਨ੍ਹਾਂ ਵੀਰੂ ਦੇਵਗਨ (ਬਾਲੀਵੁੱਡ ਸਟਾਰ ਅਜੇ ਦੇਵਗਨ ਦੇ ਪਿਤਾ) ਨਾਲ ਫਿਲਮ 'ਹਿੰਦੋਸਤਾਨ ਕੀ ਕਸਮ' ਬਣਾਉਣ ਵਿੱਚ ਬਤੌਰ ਸਹਾਇਕ ਕੰਮ ਕੀਤਾ। ਉਸ ਤੋਂ ਬਾਅਦ 2007-08 ਵਿੱਚ ਆਜ਼ਾਦ ਤੌਰ 'ਤੇ ਡਾਇਰੈਕਟਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਉਦੋਂ ਉਨ੍ਹਾਂ ਟੀ.ਵੀ. ਕਮਰਸ਼ੀਅਲ ਬਣਾਉਣੇ ਸ਼ੁਰੂ ਕੀਤੇ। ਉਪਰੰਤ ਸਾਲ 2009 ਵਿੱਚ 'ਰਾਈਜ਼ ਆਫ ਖਾਲਸਾ' ਡਾਕੂਮੈਂਟਰੀ ਫਿਲਮ ਬਣਾਈ। ਜਗਮੀਤ ਸਿੰਘ ਸਮੁੰਦਰੀ ਨੂੰ ਇਸ ਫਿਲਮ ਲਈ ਫਿਲਮ ਫੈਸਟੀਵਲ ਵਿੱਚ 'ਬੈਸਟ ਡਾਇਰੈਕਟਰ' ਦਾ ਇਨਾਮ ਮਿਲ ਚੁਕਾ ਹੈ।

ਸ. ਸਮੁੰਦਰੀ ਨੇ ਆਪਣੇ ਅਗਲੇ ਪ੍ਰਾਜੈਕਟ ਬਾਰੇ ਦੱਸਿਆ ਕਿ ਉਹ ਬਾਬਾ ਦੀਪ ਸਿੰਘ ਉਤੇ ਦਸਤਾਵੇਜ਼ੀ ਬਣਾ ਰਹੇ ਹਨ, ਜੋ ਕਰੀਬ 60 ਪ੍ਰਤੀਸ਼ਤ ਮੁਕੰਮਲ ਹੋ ਚੁੱਕੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਜੇ ਤੁਹਾਨੂੰ ਫਿਲਮ 'ਸ਼ਹੀਦ' ਚੰਗੀ ਲੱਗੀ ਹੈ ਤਾਂ ਜ਼ਰੂਰ ਸੁਪੋਰਟ ਕਰੋ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦਾ ਮਕਸਦ ਫਿਲਮ ਜ਼ਰੀਏ ਸਿੱਖੀ ਬਾਰੇ ਜਾਣਕਾਰੀ ਦੇਣਾ ਹੈ। ਉਨ੍ਹਾਂ ਕਿਹਾ ਕਿ ਜੇ ਅਸੀਂ ਇਕੱਠੇ ਹੋ ਕੇ ਸਹਿਯੋਗ ਕਰੀਏ ਤਾਂ ਅਜਿਹੀਆਂ ਫਿਲਮਾਂ ਇੰਟਰਨੈਸ਼ਨਲ ਮਾਰਕਿਟ ਵਿੱਚ ਲੈ ਕੇ ਜਾਣਾ ਕੋਈ ਵੱਡੀ ਗੱਲ ਨਹੀਂ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸ਼ਿਕਾਗੋ ਦੀਆਂ ਸਬਅਰਬਾਂ- ਪੈਲਾਟਾਈਨ ਤੇ ਵ੍ਹੀਟਨ ਦੇ ਗੁਰਦੁਆਰਾ ਸਾਹਿਬਾਨ ਵਿਖੇ ਫਿਲਮ 'ਸ਼ਹੀਦ' ਸੰਗਤ ਨੂੰ ਦਿਖਾਈ ਗਈ। ਇਹ ਫਿਲਮ ਗੁਰਦੁਆਰਾ ਪੈਲਾਟਾਈਨ ਦੇ ਦਰਬਾਰ ਹਾਲ ਵਿੱਚ ਜੁੜੀ ਵੱਡੀ ਗਿਣਤੀ ਸੰਗਤ ਨੇ ਦੇਖੀ ਅਤੇ ਫਿਲਮ ਦੇ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਗੁਰਦੁਆਰਾ ਪੈਲਾਟਾਈਨ ਵਿੱਚ ਸ਼ੋਅ ਦੇ ਪ੍ਰਬੰਧ ਵਿੱਚ ਸਥਾਨਕ ਪੰਜਾਬੀ ਭਾਈਚਾਰੇ ਦੇ ਬਿਜਨਸਮੈਨ ਗੁਲਜ਼ਾਰ ਸਿੰਘ ਮੁਲਤਾਨੀ ਤੇ ਇੰਦਰ ਸਿੰਘ ਹੁੰਝਣ ਦਾ ਅਹਿਮ ਯੋਗਦਾਨ ਰਿਹਾ।


ਫਿਲਮ ਦੇ ਇੱਕ ਸਪਾਂਸਰ ਗੁਲਜ਼ਾਰ ਸਿੰਘ ਮੁਲਤਾਨੀ

ਗੁਰਦੁਆਰਾ ਪੈਲਾਟਾਈਨ ਵਿੱਚ ਫਿਲਮ ਨੂੰ ਸਕਰੀਨ 'ਤੇ ਚਲਾਉਣ ਤੋਂ ਪਹਿਲਾਂ ਫਿਲਮ ਦੇ ਸਪਾਂਸਰ ਗੁਲਜ਼ਾਰ ਸਿੰਘ ਮੁਲਤਾਨੀ ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਜਗਮੀਤ ਸਿੰਘ ਸਮੁੰਦਰੀ ਪਿਛਲੇ ਕਰੀਬ ਵੀਹ ਸਾਲਾਂ ਤੋਂ ਫਿਲਮ ਖੇਤਰ ਵਿੱਚ ਕੰਮ ਕਰ ਰਹੇ ਹਨ। ਇਨ੍ਹਾਂ ਨੂੰ ਕਈ ਵੱਡੀਆਂ ਫਿਲਮਾਂ ਡਾਇਰੈਕਟ ਕਰਨ ਦਾ ਮੌਕਾ ਮਿਲਿਆ, ਪਰ ਇਨ੍ਹਾਂ ਨੇ ਰਸਤਾ ਇਹ ਚੁਣਿਆ ਕਿ ਅਜਿਹੀਆਂ ਡਾਕੂਮੈਂਟਰੀਆਂ ਫਿਲਮਾਂ ਬਣਾਉਣੀਆਂ ਹਨ, ਜਿਸ ਵਿੱਚ ਸਾਡੇ ਸਿੱਖ ਇਤਿਹਾਸ ਨੂੰ ਪੇਸ਼ ਕੀਤਾ ਜਾਵੇ; ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਅਤੇ ਦੂਜੇ ਭਾਈਚਾਰਿਆਂ ਨੂੰ ਪਤਾ ਲੱਗੇ ਕਿ ਸਾਡਾ ਧਰਮ ਕਿੱਡਾ ਕੁਰਬਾਨੀਆਂ ਵਾਲਾ ਧਰਮ ਹੈ ਤੇ ਕਿੱਡਾ ਸੱਚਾ-ਸੁਚੱਜਾ ਧਰਮ ਹੈ।

ਸ. ਮੁਲਤਾਨੀ ਨੇ ਕਿਹਾ ਕਿ ਮੈਨੂੰ ਇਨ੍ਹਾਂ (ਸ. ਸਮੁੰਦਰੀ) ਨਾਲ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਹੈ, ਤੇ ਇਹ ਕਹਿੰਦੇ ਹਨ ਕਿ ਮੈਨੂੰ ਸੇਵਾ ਕਰਨ ਦਿਓ। ਉਨ੍ਹਾਂ ਕਿਹਾ ਕਿ ਜਿਵੇਂ ਹਰ ਕੋਈ ਆਪੋ-ਆਪਣੇ ਤਰੀਕੇ ਨਾਲ ਸੇਵਾ ਕਰਦਾ ਹੈ, ਇੰਜ ਹੀ ਜਗਮੀਤ ਸਿੰਘ ਸਮੁੰਦਰੀ ਆਪਣੇ ਤਰੀਕੇ ਨਾਲ ਸਿੱਖ ਇਤਿਹਾਸ ਬਾਰੇ ਦਸਤਾਵੇਜ਼ੀ ਫਿਲਮਾਂ ਬਣਾ ਕੇ ਸੇਵਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਤਿਆਰ ਕਰਨ ਅਤੇ ਫਿਲਮ ਮੁਕੰਮਲ ਕਰਨ 'ਤੇ ਸਾਢੇ ਤਿੰਨ ਸਾਲ ਲੱਗੇ ਹਨ। ਉਨ੍ਹਾਂ ਆਪਣੀ ਜੇਬ ਵਿੱਚੋਂ ਪੈਸੇ ਲਾ ਕੇ ਭਾਈਚਾਰੇ ਦੇ ਦੇਖਣ ਲਈ ਇਸ ਨੂੰ ਤਿਆਰ ਕੀਤਾ ਹੈ। ਹੁਣ ਉਹ ਪੂਰੀ ਦੁਨੀਆਂ ਵਿੱਚ ਇਸ ਫਿਲਮ ਨੂੰ ਦਿਖਾ ਰਹੇ ਹਨ।

ਗੁਲਜ਼ਾਰ ਸਿੰਘ ਮੁਲਤਾਨੀ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਜਗਮੀਤ ਸਿੰਘ ਸਮੁੰਦਰੀ ਦੀ ਵਿੱਤੀ ਸਹਾਇਤਾ ਕਰਨੀ ਚਾਹੀਦੀ ਹੈ, ਤਾਂ ਜੋ ਇਨ੍ਹਾਂ ਨੂੰ ਹੋਰ ਉਤਸ਼ਾਹ ਮਿਲੇ ਅਤੇ ਭਵਿੱਖ ਵਿੱਚ ਇਹ ਸਿੱਖ ਇਤਿਹਾਸ ਨਾਲ ਸਬੰਧਤ ਹੋਰ ਦਸਤਾਵੇਜ਼ੀ ਫਿਲਮਾਂ ਬਣਾ ਸਕਣ। ਸ. ਮੁਲਤਾਨੀ ਨੇ ਕਿਹਾ ਕਿ ਆਪਾਂ ਵੈਸੇ ਵੀ ਤਾਂ ਹੋਰ ਸ਼ੋਅ ਵਗੈਰਾ ਵੇਖਦੇ ਹਾਂ, ਪਰਿਵਾਰ ਨੂੰ ਘੁਮਾਉਣ ਲੈ ਕੇ ਜਾਂਦੇ ਹਾਂ ਆਦਿ, ਪਰ ਇਹ ਸੇਵਾ ਸਾਡੀ ਬਹੁਤ ਦੂਰ ਤੱਕ ਜਾਵੇਗੀ।

ਇਸ ਮੌਕੇ ਜਗਮੀਤ ਸਿੰਘ ਸਮੁੰਦਰੀ ਨੇ ਸੰਗਤ ਤੇ ਗੁਰਦੁਆਰਾ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਫਿਲਮ ਬਾਰੇ ਚਾਨਣਾ ਪਾਇਆ ਤੇ ਦੱਸਿਆ ਕਿ ਇਹ ਫਿਲਮ ਕਿਹੜੇ ਕਿਹੜੇ ਦੇਸ਼ ਵਿੱਚ ਵਿਖਾਈ ਜਾ ਚੁਕੀ ਹੈ। ਉਨ੍ਹਾਂ ਦੱਸਿਆ ਕਿ ਕੁਝ ਸੰਗਤ ਮੈਂਬਰ ਸਵਾਲ ਪੁੱਛਦੇ ਹਨ ਕਿ ਫਿਲਮ ਨੂੰ ਨੈਟ ਫਲਿਕਸ ਜਾਂ ਐਮਾਜ਼ੋਨ ਪ੍ਰਾਈਮ ਉਤੇ ਕਿਉਂ ਨਹੀਂ ਚਲਾਇਆ ਜਾਂਦਾ? ਉਨ੍ਹਾਂ ਕਿਹਾ ਕਿ ਸਮੱਸਿਆ ਇਹ ਹੈ ਕਿ ਇਹ ਪਲੇਟਫਾਰਮ ਕਿਸੇ ਵੀ ਧਾਰਮਿਕ ਪ੍ਰਾਜੈਕਟ ਨੂੰ ਨਹੀਂ ਲੈਂਦੇ। ਉਨ੍ਹਾਂ ਕਿਹਾ ਕਿ ਫਿਲਮ 'ਸ਼ਹੀਦ' ਨੂੰ ਕਿਤੇ ਵੀ ਕਮਰਸ਼ੀਅਲੀ ਰਿਲੀਜ਼ ਨਹੀਂ ਕੀਤਾ ਗਿਆ। ਸੋ ਇਹ ਫਿਲਮ ਗੁਰਦੁਆਰਾ ਸਾਹਿਬਾਨ ਵਿੱਚ ਸੰਗਤ ਨੂੰ ਦਿਖਾਈ ਜਾ ਰਹੀ ਹੈ। ਇਸ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਫਿਲਮ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਸੀ। ਫਿਲਮ ਦੇਖਣ ਉਪਰੰਤ ਸੰਗਤ ਦੇ ਕੁਝ ਮੈਂਬਰਾਂ ਨੇ ਜਗਮੀਤ ਸਿੰਘ ਸਮੁੰਦਰੀ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਅਤੇ ਉਨ੍ਹਾਂ ਤੋਂ ਅਗਲੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸੰਗਤ ਨੇ ਸ. ਸਮੁੰਦਰੀ ਦੇ ਉਦਮ ਦੀ ਸ਼ਲਾਘਾ ਕਰਦਿਆਂ ਕੁਝ ਸੁਝਾਅ ਵੀ ਦਿੱਤੇ। ਕੁਝ ਸੰਗਤ ਮੈਂਬਰਾਂ ਨੇ ਵਿੱਤੀ ਮਦਾਦ ਵੀ ਕੀਤੀ।

ਜਗਮੀਤ ਸਿੰਘ ਸਮੁੰਦਰੀ ਅਨੁਸਾਰ 'ਸ਼ਹੀਦ' ਦਸਤਾਵੇਜ਼ੀ ਫਿਲਮ ਹੁਣ ਤੱਕ ਸੰਸਾਰ ਦੇ 10 ਮੁਲਕਾਂ ਦੇ ਗੁਰਦੁਆਰਿਆਂ ਵਿੱਚ ਦਿਖਾਈ ਜਾ ਚੁੱਕੀ ਹੈ, ਇਹ ਮੁਲਕ ਹਨ- ਆਸਟਰੇਲੀਆ, ਸਵੀਡਨ, ਜਰਮਨੀ, ਨਾਰਵੇ, ਡੈਨਮਾਰਕ, ਇਟਲੀ, ਘਾਨਾ, ਨਾਇਜ਼ੀਰੀਆ, ਹਾਂਗ-ਕਾਂਗ, ਥਾਈਲੈਂਡ। ਅੱਜਕੱਲ੍ਹ ਫਿਲਮ 'ਸ਼ਹੀਦ' ਦੇ ਸ਼ੋਅ ਅਮਰੀਕਾ ਵਿੱਚ ਚੱਲ ਰਹੇ ਹਨ। ਸ਼ਿਕਾਗੋ ਤੋਂ ਇਲਾਵਾ ਅਮਰੀਕਾ ਦੀਆਂ ਹੋਰਨਾਂ ਸਟੇਟਾਂ ਵਿੱਚ ਵੀ ਫਿਲਮ ਦੇ ਸ਼ੋਅ ਚਲਾਏ ਗਏ, ਜਿੱਥੇ ਫਿਲਮ ਨੂੰ ਭਰਵਾਂ ਹੁੰਗਾਰਾ ਮਿਲਿਆ। ਨਿਊ ਯਾਰਕ, ਨਿਊ ਜਰਸੀ, ਕਲੀਵਲੈਂਡ (ਓਹਾਇਓ), ਵਾਸ਼ਿੰਗਟਨ, ਹੈਰੀਸਬਰਗ, ਨਿਆਗਰਾ ਫਾਲਜ਼, ਕੈਨਸਸ ਸਿਟੀ, ਡੈਲਸ, ਹਿਊਸਟਨ ਤੇ ਇੰਡੀਆਨਾ ਦੇ ਕੁਝ ਗੁਰੂ ਘਰਾਂ ਅਤੇ ਮਿਸ਼ੀਗਨ ਵਿੱਚ ਕੈਲਮਜ਼ੂ ਤੇ ਬੈਟਲ ਕਰੀਕ ਵਿੱਚ ਵੀ ਫਿਲਮ ਦਿਖਾਈ ਜਾ ਚੁੱਕੀ ਹੈ। ਐਤਵਾਰ, 5 ਜਨਵਰੀ 2025 ਨੂੰ ਇਹ ਫਿਲਮ ਗੁਰਦੁਆਰਾ ਓਕ ਕਰੀਕ (ਮਿਲਵਾਕੀ) ਵਿਖੇ ਦਿਖਾਈ ਜਾਵੇਗੀ।

**ਜਗਮੀਤ ਸਿੰਘ ਸਮੁੰਦਰੀ ਨਾਲ ਸੰਪਰਕ ਵ੍ਹੱਟਸਐਪ ਨੰਬਰ: +91-92972-01392 ਰਾਹੀਂ ਕੀਤਾ ਜਾ ਸਕਦਾ ਹੈ।**




ਗੁਰਦੁਆਰਾ ਪੈਲਾਟਾਈਨ ਵਿਖੇ ਫਿਲਮ 'ਸ਼ਹੀਦ' ਵੇਖਦੀ ਹੋਈ ਸੰਗਤ ਅਤੇ (ਸੱਜੇ) ਫਿਲਮ ਦੇ ਡਾਇਰੈਕਟਰ ਜਗਮੀਤ ਸਿੰਘ ਸਮੁੰਦਰੀ (ਵਿਚਕਾਰ) ਨਾਲ ਇੰਦਰ ਹੁੰਜਣ ਤੇ ਕੁਲਜੀਤ ਸਿੰਘ

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਹਰਮੀਕ ਸਿੰਘ ਗਿਰਨ

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

ਜ਼ੁਲਮ ਅਤੇ ਬੇਇਨਸਾਫੀ ਦੇ ਖਿਲਾਫ ਡਟਣ ਵਾਲੇ ਬਾਦਸ਼ਾਹ-ਏ-ਦਰਵੇਸ਼,
ਖਾਲਸਾ ਪੰਥ ਦੇ ਸਿਰਜਕ, ਸਰਬੰਸਦਾਨੀ, ਕਲਗੀਧਰ ਦਸਮੇਸ਼ ਪਿਤਾ

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ-ਲੱਖ ਵਧਾਈ

## Happy New Year 2025







**ਬਲਦੀਪ ਸਿੰਘ ਮਾਨ**
(ਪ੍ਰਧਾਨ, ਫੋਨ: 219-213-5167)
**ਨਿਰਮਲਦੀਪ ਸਿੰਘ ਬਰਾੜ**
(ਸੈਕਟਰੀ, ਫੋਨ: 847-660-8065)
**ਜਗਜੀਤ ਸਿੰਘ ਬਾਜਵਾ**
(ਮੀਤ ਪ੍ਰਧਾਨ, ਫੋਨ: 708-253-3616)
**ਸਿਕੰਦਰ ਸਿੰਘ ਬਿੱਟੂ**
(ਖਜਾਨਚੀ, ਫੋਨ: 219-775-0313)

ਮਨਦੀਪ ਸਿੰਘ ਭੂਰਾ ਫੋਨ: 708-655-3274
ਨਿਧਾਨ ਸਿੰਘ ਮਟੋਤ ਫੋਨ: 219-671-3442
ਰਣਜੀਤ ਸਿੰਘ ਕਾਹਲੋਂ ਫੋਨ: 219-617-3000
ਕੁਲਦੀਪ ਸਿੰਘ (ਹੈਰੀ) ਢੱਟ ਫੋਨ: 708-717-2531
ਜਸਪਾਲ ਸਿੰਘ ਘੋਤੜਾ ਫੋਨ: 765-337-5151
ਸਤਵਿੰਦਰ ਸਿੰਘ ਧਨੇਸਰ ਫੋਨ: 219-313-3025
ਸੰਦੀਪ ਸਿੰਘ ਸਾਹੀ ਫੋਨ: 219-671-9937
ਗੁਰਇਕਬਾਲ ਸਿੰਘ ਪ੍ਰਿੰਸ ਫੋਨ: 219-484-9576
ਯਾਦਵਿੰਦਰ ਸਿੰਘ ਖੱਟੜਾ ਫੋਨ: 219-741-9105

ਨਵਾਂ ਵਰ੍ਹੇ 2025 ਨੂੰ ਖੁਸ਼ਆਮਦੀਦ ਆਖਦਿਆਂ ਸਮੂਹ ਪੰਜਾਬੀ ਭਾਈਚਾਰੇ ਨੂੰ ਸੁਭ ਇੱਛਾਵਾਂ ਭੇਟ ਕਰਦੇ ਹੋਏ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ ਸੁੱਖਾਂ ਭਰਿਆ ਹੋਏ ਅਤੇ ਪਰਦੇਸ ਵਿੱਚ ਆ ਵੱਸੇ ਭਾਈਚਾਰੇ ਨੂੰ 'ਪੰਜਾਬ, ਪੰਜਾਬੀ ਤੇ ਪੰਜਾਬੀਅਤ' ਦੀ ਤੰਦ ਨਾਲ ਜੋੜੀ ਰੱਖੇ ਤੇ ਭਾਈਚਾਰੇ ਵਿੱਚ ਪਿਆਰ-ਇਤਫਾਕ ਦੀ ਸਾਂਝ ਹੋਰ ਗੂੜ੍ਹੀ ਹੋਵੇ

# ਪੰਜਾਬੀ ਅਮੈਰਿਕਨ ਯੂਥ ਕਲੱਬ (ਨਾਰਥ-ਵੈਸਟ ਇੰਡੀਆਨਾ)

## Punjabi American Youth Club of NWI

# ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿੱਚ 'ਆਪ' ਰਹੀ ਅੱਗੇ

***ਕਾਂਗਰਸ ਦੂਜੇ, ਭਾਜਪਾ ਤੀਜੇ ਅਤੇ ਅਕਾਲੀ ਚੌਥੇ ਸਥਾਨ 'ਤੇ ਖਿਸਕੇ *'ਆਪ' 522, ਕਾਂਗਰਸ 191, ਭਾਜਪਾ 69 ਅਤੇ ਅਕਾਲੀ 31 ਵਾਰਡਾਂ 'ਚ ਜਿੱਤੇ***

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਪੰਜ ਨਗਰ ਨਿਗਮਾਂ ਦੀਆਂ ਚੋਣਾਂ ਵਿੱਚ ਭਾਵੇਂ ਆਮ ਆਦਮੀ ਪਾਰਟੀ (ਆਪ) ਆਪਣੀ ਭਰਵੀਂ ਜਿੱਤ ਦਾ ਦਾਅਵਾ ਕਰ ਰਹੀ ਹੈ, ਪਰ ਨਿਰਪੱਖ ਵਿਸ਼ਲੇਸ਼ਕਾਂ ਦੀ ਨਜ਼ਰ ਵਿੱਚ, ਵੱਡੇ ਸ਼ਹਿਰਾਂ ਦੇ ਨਗਰ ਨਿਗਮਾਂ ਨੇ 'ਆਪ' ਨੂੰ ਤਕੜਾ ਝਟਕਾ ਦਿੱਤਾ ਹੈ, ਜਦਕਿ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਨੇ ਆਮ ਆਦਮੀ ਪਾਰਟੀ ਦੀ ਇੱਜ਼ਤ ਬਚਾਅ ਲਈ ਹੈ। ਪੰਜ ਵੱਡੇ ਸ਼ਹਿਰਾਂ ਦੀਆਂ ਨਗਰ ਨਿਗਮਾਂ ਵਿੱਚੋਂ ਪਟਿਆਲਾ ਵਿੱਚ ਤਾਂ ਆਮ ਆਦਮੀ ਪਾਰਟੀ ਸੌਖ ਨਾਲ ਹੀ ਬਹੁਮਤ ਹਾਸਲ ਕਰ ਗਈ ਹੈ, ਪਰ ਬਾਕੀ ਚਾਰਾਂ ਵਿੱਚ ਕੋਈ ਵੀ ਪਾਰਟੀ ਬਹੁਮਤ ਹਾਸਲ ਕਰਨ ਵਿੱਚ ਕਾਮਯਾਬ ਨਹੀਂ ਰਹੀ। ਫਿਰ ਵੀ ਜਲੰਧਰ ਵਿੱਚ 'ਆਪ' ਨੇ ਦੂਜੀਆਂ ਪਾਰਟੀਆਂ ਵਿੱਚ ਭੰਨ-ਤੋੜ ਕਰਕੇ ਆਪਣੀ ਬਹੁਮਤ ਬਣਾ ਲਈ ਹੈ। ਇਹ ਯਤਨ ਦੂਜੇ ਸ਼ਹਿਰਾਂ ਵਿੱਚ ਵੀ ਜਾਰੀ ਹਨ।

ਇਸ ਦੇ ਉਲਟ 42 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚੋਂ ਆਮ ਆਦਮੀ ਪਾਰਟੀ 29 ਵਿੱਚ ਅਤੇ ਕਾਂਗਰਸ ਨੇ 2 ਵਿੱਚ ਬਹੁਮਤ ਹਾਸਲ ਕਰ ਲਈ ਹੈ। ਇਸ ਤੋਂ ਇਲਾਵਾ 10 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਕਿਸੇ ਪਾਰਟੀ ਨੂੰ ਵੀ ਬਹੁਮਤ ਹਾਸਲ ਨਹੀਂ ਹੋਇਆ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਚਾਰ ਨਗਰ ਨਿਗਮਾਂ ਵਿੱਚ ਮੇਅਰ ਅਤੇ ਨਗਰ ਕੌਂਸਲਾਂ ਤੇ ਪੰਚਾਇਤਾਂ ਵਿੱਚ ਸੱਤਾ ਹਾਸਲ ਕਰਨ ਲਈ ਸਾਜ਼-ਬਾਜ਼ ਸ਼ੁਰੂ ਹੋ ਗਏ ਹਨ। ਇੱਥੇ ਜ਼ਿਕਰਯੋਗ ਹੈ ਕਿ ਪਟਿਆਲਾ ਦੇ ਹਾਲੇ ਤੱਕ 60 ਵਿੱਚੋਂ 53 ਵਾਰਡਾਂ ਦੇ ਨਤੀਜੇ ਐਲਾਨੇ ਗਏ ਹਨ। 7 ਵਾਰਡਾਂ 'ਤੇ ਹਾਈਕੋਰਟ ਦੇ ਹੁਕਮਾਂ ਅਨੁਸਾਰ ਚੋਣ ਨਹੀਂ ਹੋਈ। ਆਮ ਆਦਮੀ ਪਾਰਟੀ ਨੇ ਇੱਥੇ 43 ਹਲਕਿਆਂ ਵਿੱਚ ਜਿੱਤ ਦਰਜ ਕੀਤੀ ਹੈ। ਕਾਂਗਰਸ ਅਤੇ ਭਾਜਪਾ ਨੇ ਚਾਰ-ਚਾਰ ਹਲਕਿਆਂ ਵਿੱਚ, ਜਦਕਿ ਅਕਾਲੀਆਂ ਦੇ ਹੱਥ ਦੋ ਵਾਰਡ ਹੀ ਲੱਗੇ ਹਨ।

ਜਲੰਧਰ ਨਗਰ ਨਿਗਮ ਦੇ 85 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਨੇ 38 ਵਿੱਚ ਜਿੱਤ ਹਾਸਲ ਕੀਤੀ ਹੈ। ਕਾਂਗਰਸ ਪਾਰਟੀ ਨੇ 25 ਵਿੱਚ ਤੇ ਭਾਰਤੀ ਜਨਤਾ ਪਾਰਟੀ ਨੇ 19 ਵਿੱਚ ਜਿੱਤ ਹਾਸਲ ਕੀਤੀ ਹੈ। ਫਿਰ ਵੀ 'ਆਪ' ਨੇ ਕਾਂਗਰਸ ਅਤੇ ਭਾਜਪਾ ਦੇ ਦੋ-ਦੋ ਕੌਂਸਲਰ ਤੇ 2 ਆਜ਼ਾਦ ਆਪਣੇ ਪੱਖ ਵਿੱਚ ਰਲ਼ਾ ਕੇ ਇੱਥੇ ਵੀ ਬਹੁਮਤ ਹਾਸਲ ਕਰ ਲਿਆ ਹੈ। 'ਆਪ' ਕੋਲ ਬਹੁਮਤ ਲਈ ਲੋੜੀਂਦੇ 44 ਕੌਂਸਲਰ ਹੋ ਗਏ ਹਨ।

ਇਸੇ ਤਰ੍ਹਾਂ ਲੁਧਿਆਣਾ ਨਗਰ ਨਿਗਮ ਵਿੱਚ ਕੁੱਲ 95 ਵਾਰਡ ਹਨ, ਜਿਨ੍ਹਾਂ ਵਿੱਚੋਂ 'ਆਪ' ਨੇ 41, ਕਾਂਗਰਸ ਨੇ 30, ਭਾਜਪਾ ਨੇ 19 ਅਤੇ ਅਕਾਲੀ ਦਲ ਨੇ 2 ਵਾਰਡਾਂ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਲੁਧਿਆਣਾ ਦੇ ਤਿੰਨ ਵਾਰਡਾਂ ਵਿੱਚ ਆਜ਼ਾਦ ਉਮੀਦਵਾਰ ਜਿੱਤ ਗਏ ਹਨ। ਅੰਮ੍ਰਿਤਸਰ ਨਗਰ ਨਿਗਮ ਦੇ 85 ਵਾਰਡਾਂ ਵਿੱਚੋਂ ਕਾਂਗਰਸ ਨੇ 40, ਆਮ ਆਦਮੀ ਪਾਰਟੀ ਨੇ 24, ਭਾਜਪਾ ਨੇ 9 ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ 4 ਵਾਰਡਾਂ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਇਸ ਤੋਂ ਇਲਾਵਾ 8 ਵਾਰਡਾਂ ਵਿੱਚ ਆਜ਼ਾਦ ਉਮੀਦਵਾਰ ਜਿੱਤ ਪ੍ਰਾਪਤ ਕਰ ਗਏ ਹਨ। ਨਗਰ ਨਿਗਮ ਫਗਵਾੜਾ ਦੇ 50 ਵਾਰਡਾਂ ਵਿੱਚੋਂ ਕਾਂਗਰਸ ਨੇ 22, 'ਆਪ' ਨੇ 12, ਭਾਜਪਾ ਨੇ 4, ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਨੇ 3-3 ਵਾਰਡ ਜਿੱਤੇ ਹਨ। ਛੇ ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ 30 ਥਾਵਾਂ 'ਤੇ ਜਿੱਤ ਹਾਸਲ ਕੀਤੀ ਹੈ, ਜਿਨ੍ਹਾਂ ਵਿੱਚ ਤਲਵੰਡੀ ਸਾਬੋ, ਅਮਲੋਹ, ਰਾਜਾਸਾਂਸੀ, ਬਾਬਾ ਬਕਾਲਾ, ਗੁਰਾਇਆ, ਬਿਲਗਾ, ਭੁਲੱਥ, ਮਾਛੀਵਾੜਾ, ਸਾਹਨੇਵਾਲ ਅਤੇ ਸਰਦੂਲਗੜ੍ਹ ਆਦਿ ਸ਼ਾਮਲ ਹਨ। ਯਾਦ ਰਹੇ, ਕਸਬਾ ਧਰਮਕੋਟ ਦੇ 13 ਵਾਰਡਾਂ ਵਿੱਚੋਂ 8 'ਤੇ ਹਾਈਕੋਰਟ ਨੇ ਰੋਕ ਲਗਾ ਦਿੱਤੀ ਸੀ। ਬਾਕੀ ਬਚਦੇ ਪੰਜ ਵਾਰਡਾਂ ਵਿੱਚ 'ਆਪ' ਨੇ ਜਿੱਤ ਹਾਸਲ ਕਰ ਲਈ ਹੈ।

ਪੰਜਾਬ ਦੀਆਂ ਸਥਾਨਕ ਸੰਸਥਾਵਾਂ ਦੀ ਚੋਣਾਂ 'ਤੇ ਨਜ਼ਰ ਰੱਖਣ ਵਾਲੇ ਵਿਸ਼ਲੇਸ਼ਕ ਭਾਵੇਂ ਇਹ ਆਖ ਰਹੇ ਹਨ ਕਿ ਇਨ੍ਹਾਂ ਚੋਣਾਂ ਵਿੱਚ ਲੋਕਾਂ ਦਾ ਫਤਵਾ ਕਾਫੀ ਟੁੱਟਾ-ਭੱਜਾ ਹੈ ਅਤੇ ਆਮ ਲੋਕਾਂ ਨੇ ਕਿਸੇ ਪਾਰਟੀ ਨੂੰ ਵੀ ਬਹੁਤੀ ਮਹੱਤਤਾ ਨਹੀਂ ਦਿੱਤੀ ਹੈ, ਪਰ ਆਮ ਆਦਮੀ ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਮਨ ਅਰੋੜਾ ਨੇ ਦਾਅਵਾ ਕੀਤਾ ਹੈ ਕਿ ਉੱਪ ਚੋਣਾਂ ਵਾਂਗ ਹੀ ਲੋਕਾਂ ਨੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿੱਚ ਵੀ 'ਆਪ' ਦੇ ਪੱਖ ਵਿੱਚ ਫਤਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਆਮ ਆਦਮੀ ਪਾਰਟੀ ਹੁਣ ਪੰਜਾਬ ਵਿੱਚ ਨੰਬਰ 1 ਪਾਰਟੀ ਹੈ। ਆਪਣੇ ਦਾਅਵੇ ਦੀ ਵਾਜਬੀਅਤ ਦਾ ਵਿਸਥਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਨਗਰ ਪਾਲਿਕਾਵਾਂ ਅਤੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ 55 ਫੀਸਦੀ ਤੋਂ ਵੱਧ ਸੀਟਾਂ ਜਿੱਤੀਆਂ ਹਨ। ਆਮ ਆਦਮੀ ਪਾਰਟੀ ਨੇ 522 ਵਾਰਡਾਂ ਵਿੱਚ ਜਿੱਤ ਹਾਸਲ ਕੀਤੀ ਹੈ। ਕਾਂਗਰਸ ਪਾਰਟੀ 191 ਵਾਰਡਾਂ ਵਿੱਚ ਜਿੱਤ ਹਾਸਲ ਕਰ ਸਕੀ ਹੈ। ਇਹ 20 ਫਸਦੀ ਬਣਦੀ ਹੈ। ਇਸ ਦੇ ਉਲਟ ਭਾਜਪਾ ਨੂੰ ਸਿਰਫ 7 ਫੀਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਭਾਜਪਾ ਦੇ ਕੁੱਲ 69 ਉਮੀਦਵਾਰ ਜਿੱਤੇ ਹਨ। ਇਸੇ ਤਰ੍ਹਾਂ ਅਕਾਲੀ ਦਲ ਨੂੰ 3 ਫੀਸਦੀ ਸੀਟਾਂ 'ਤੇ ਸਬਰ ਕਰਨਾ ਪਿਆ ਹੈ। ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਤੋਂ ਬਾਅਦ ਨੈਤਿਕ ਸੰਕਟ ਦਾ ਸ਼ਿਕਾਰ ਹੋਈ ਪੰਜਾਬ ਦੀ ਇਸ ਪ੍ਰਮੁੱਖ ਖੇਤਰੀ ਪਾਰਟੀ ਦੇ ਸਿਰਫ 31 ਉਮੀਦਵਾਰ ਹੀ ਜਿੱਤ ਸਕੇ ਹਨ। ਇਸ ਹਿਸਾਬ ਨਾਲ ਇਹ ਤੱਥ ਮੁੜ ਸਾਫ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਹਾਲੇ ਵੀ ਪਤਲੀ ਬਣੀ ਹੋਈ ਹੈ ਅਤੇ ਕਾਂਗਰਸ ਤੇ ਭਾਜਪਾ ਦੀ ਕਾਰਗੁਜ਼ਾਰੀ ਦਾ ਗਰਾਫ ਵੀ ਡਿੱਗਿਆ ਹੈ।

ਯਾਦ ਰਹੇ, ਇਸ ਤੋਂ ਪਹਿਲਾਂ 'ਆਪ' ਦਾ ਕਿਸੇ ਵੀ ਸ਼ਹਿਰ ਵਿੱਚ ਮੇਅਰ ਨਹੀਂ ਸੀ। ਇਸ ਤਰ੍ਹਾਂ ਆਮ ਆਦਮੀ ਪਾਰਟੀ ਸਿਫਰ ਤੋਂ 55 ਫੀਸਦੀ ਤੱਕ ਪਹੁੰਚ ਗਈ। 'ਆਪ' ਪੰਜਾਬ ਦੇ ਮੁਖੀ ਅਮਨ ਅਰੋੜਾ ਨੇ ਇਸ ਸੁਧਰੀ ਕਾਰਗੁਜ਼ਾਰੀ ਦਾ ਸਿਹਰਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਮਿਹਨਤੀ ਵਰਕਰਾਂ ਨੂੰ ਦਿੱਤਾ ਹੈ। ਇਸ ਦਰਮਿਆਨ ਮੁੱਖ ਨਗਰ ਨਿਗਮਾਂ ਵਿੱਚ ਮੇਅਰ ਬਣਾਉਣ ਲਈ ਪਾਰਟੀਆਂ ਵਿਚਕਾਰ ਜੋੜ-ਤੋੜ ਦੀ ਰਾਜਨੀਤੀ ਚੱਲ ਪਈ ਹੈ। ਆਮ ਆਦਮੀ ਪਾਰਟੀ ਨੇ ਜਲੰਧਰ ਵਿੱਚ ਕਾਂਗਰਸ ਦੇ 2, ਭਾਜਪਾ ਦੇ 2 ਅਤੇ ਦੋ ਆਜ਼ਾਦ ਉਮੀਦਵਾਰ ਆਪਣੇ ਨਾਲ ਮਿਲਾ ਕੇ ਬਹੁਮਤ ਹਾਸਲ ਕਰ ਲਈ ਹੈ। ਜਲੰਧਰ ਵਿੱਚ ਆਪਣਾ ਮੇਅਰ ਬਣਾਉਣ ਲਈ 'ਆਪ' ਨੂੰ 44 ਸੀਟਾਂ ਦੀ ਲੋੜ ਸੀ, ਇਹ ਗਿਣਤੀ ਉਸ ਨੇ ਮੁਕੰਮਲ ਕਰ ਲਈ ਹੈ। 'ਆਪ' ਨੇ ਹੋਰ ਦਾਅਵਾ ਕੀਤਾ ਹੈ ਕਿ ਉਹ ਜਲੰਧਰ ਵਿੱਚ ਆਪਣੇ ਕੌਂਸਲਰਾਂ ਦੀ ਗਿਣਤੀ 50 ਤੱਕ ਪਹੁੰਚਾਉਣ ਦਾ ਨਿਸ਼ਾਨਾ ਰੱਖਦੀ ਹੈ ਤਾਂ ਕਿ ਉਸ ਦੇ ਕੋਲ ਭਰਵੀਂ ਬਹੁਮਤ ਹੋ ਸਕੇ। ਸਥਾਨਕ ਪਾਰਟੀ ਆਗੂਆਂ ਦਾ ਆਖਣਾ ਹੈ ਕਿ ਤਿੰਨਾਂ ਵਿਰੋਧੀ ਪਾਰਟੀਆਂ ਦੇ ਬਹੁਤ ਸਾਰੇ ਕੌਂਸਲਰ ਉਨ੍ਹਾਂ ਦੇ ਸੰਪਰਕ ਵਿੱਚ ਹਨ। ਇਹ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਕਿ ਆਮ ਆਦਮੀ ਪਾਰਟੀ ਦਲਿਤ, ਹਿੰਦੂ ਅਤੇ ਸਿੱਖ ਉਮੀਦਵਾਰਾਂ ਨੂੰ ਅਨੁਪਾਤਕ ਨੁਮਾਇੰਦਗੀ ਦੇਣਾ ਚਾਹੁੰਦੀ ਹੈ। ਇਸ ਮਕਸਦ ਲਈ ਹਾਈ ਕਮਾਂਡ ਨੇ ਪੰਜਾਬ ਦੇ ਸੀਨੀਅਰ ਆਗੂਆਂ ਨੂੰ ਦਿੱਲੀ ਸੱਦਿਆ ਹੋਇਆ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿੱਪ ਵਿੱਚ ਮੇਅਰਾਂ ਦੀ ਨਿਯੁਕਤੀ ਬਾਰੇ ਗਹਿਨ ਵਿਚਾਰ-ਚਰਚਾ ਚੱਲ ਰਹੀ ਹੈ।


ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਭਾਈਚਾਰੇ ਨੂੰ ਲੱਖ ਲੱਖ ਵਧਾਈ

Happy New Year 2025

ਨਵੇਂ ਸਾਲ 2025 ਦੀ ਆਮਦ 'ਤੇ ਸਮੂਹ ਭਾਈਚਾਰੇ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ ਕਿ ਇਹ ਵਰ੍ਹਾ ਸਭ ਲਈ ਖੁਸ਼ਹਾਲੀ, ਤਰੱਕੀ ਤੇ ਸ਼ਾਂਤੀ ਨਾਲ ਭਰਪੂਰ ਹੋਵੇ। ਅਰਦਾਸ ਕਰਦੇ ਹਾਂ ਕਿ ਦੇਸ਼-ਵਿਦੇਸ਼ ਵਿੱਚ ਵੱਸਦਾ ਸਮੂਹ ਭਾਈਚਾਰਾ ਪੰਜਾਬੀ ਤੇ ਪੰਜਾਬੀਅਤ ਦੀ ਪ੍ਰਫੁਲਤਾ ਲਈ ਯਤਨਸ਼ੀਲ ਰਹੇ



From: Palia Brothers (Indiana)

ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ॥ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥

# ਖਾਲਸਾ ਪੰਥ ਦੇ ਸਿਰਜਕ, ਅਗੰਮੀ ਪ੍ਰਤਿਭਾ ਦੇ ਮਾਲਕ
# ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ


## ਦੇ ਪ੍ਰਕਾਸ਼ ਪੁਰਬ ਦੀ ਅਤੇ ਨਵੇਂ ਸਾਲ 2025 ਦੀ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ

ਅਰਦਾਸ ਹੈ, ਗੁਰੂ ਕਲਗੀਧਰ ਪਿਤਾ ਆਪਣੀ ਕਲਾ ਵਰਤਾਉਣ ਅਤੇ ਪੰਥ ਵਿੱਚ ਪਈ ਹੋਈ ਦੁਬਿਧਾ ਤੇ ਵਖਰੇਵੇਂ ਦੂਰ ਹੋਣ। ਨਵੇਂ ਵਰ੍ਹੇ 2025 ਵਿੱਚ ਅਕਾਲ ਪੁਰਖ ਸਭ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਸਭ ਭਾਈਚਾਰਿਆਂ ਵਿੱਚ ਪਿਆਰ-ਇਤਫਾਕ ਵਧੇ

## ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਜ਼ਿੰਦਾਬਾਦ


ਸ. ਮਨਜੀਤ ਸਿੰਘ
ਰਾਜਪੁਰ ਭਾਈਆਂ


ਸ. ਅਮਰੀਕ ਸਿੰਘ
ਸ਼ਿਕਾਗੋ


ਸ. ਮਨਜਿੰਦਰ ਸਿੰਘ
ਸ਼ਿਕਾਗੋ


ਸ. ਪਰਮਵੀਰ ਸਿੰਘ
ਸ਼ਿਕਾਗੋ

**Amar Carpets Inc.**
2423 W Devon Ave. Chicago IL 60659
(ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ)
Ph: 773-508-5253, 773-507-8043 Fax: 773-508-5249

**Best Flooring & Carpet Ltd. (Algonquin, IL)**
2761 W. Algonquin Rd., Algonquin, IL 60102 Ph: 773-956-0718 bestflooring13@gmail.com

# ਪੰਥਕ ਹਿਤਾਂ ਲਈ ਪੰਥਕ ਏਕੇ ਦੀ ਲੋੜ

**ਸੱਚੋ-ਸੱਚ**

**ਡਾ. ਅਰਵਿੰਦਰ ਸਿੰਘ ਭੱਲਾ***
ਫੋਨ: +91-9463062603



ਅਜੋਕੇ ਸਮੇਂ ਵਿੱਚ ਜੇਕਰ ਅਸੀਂ ਸਿੱਖ ਕੌਮ ਦੇ ਧਾਰਮਿਕ ਰਹਿਨੁਮਾਵਾਂ ਅਤੇ ਸਿਆਸੀ ਆਗੂਆਂ ਦੇ ਵਰਤਾਉ, ਸ਼ਬਦਾਵਲੀ, ਸੋਚ ਅਤੇ ਕਿਰਦਾਰਾਂ ਉੱਪਰ ਝਾਤ ਮਾਰੀਏ ਤਾਂ ਸੱਚ ਜਾਣਿਓ! ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸੁਹਿਰਦਤਾ ਤੇ ਵਿਦਵਤਾ ਤੋਂ ਸੱਖਣੇ ਅਤੇ ਬੌਧਿਕ ਕੰਗਾਲੀ ਦੇ ਸ਼ਿਕਾਰ ਸਾਡੇ ਆਗੂਆਂ ਵਿੱਚ ਸਿੱਖ ਕੌਮ ਨੂੰ ਸੇਧ ਦੇਣ ਲਈ ਲੋੜੀਂਦੀ ਦੂਰਅੰਦੇਸ਼ੀ, ਯੋਗਤਾ ਅਤੇ ਸਮਰੱਥਾ ਦੀ ਬੇਹੱਦ ਕਮੀ ਦਿਖਾਈ ਦੇ ਰਹੀ ਹੈ। ਉਨ੍ਹਾਂ ਦੀ ਮਨਸ਼ਾ, ਮਨਸੂਬੇ ਅਤੇ ਕਾਰਕਰਦਗੀ ਹੁਣ ਸਿੱਖ ਕੌਮ ਵੱਲੋਂ ਸ਼ੱਕ ਦੀ ਨਿਗਾਹ ਨਾਲ ਦੇਖੀ ਜਾ ਰਹੀ ਹੈ। ਅਜੋਕੀ ਸਿੱਖ ਸਿਆਸਤ ਦਾ ਸਭ ਤੋਂ ਵੱਧ ਅਫ਼ਸੋਸਜਨਕ ਪਹਿਲੂ ਇਹ ਹੈ ਕਿ ਇੱਕ ਪਾਸੇ ਅਸੀਂ ਆਪਣੀਆਂ ਧਾਰਮਿਕ ਸੰਸਥਾਵਾਂ ਦੀ ਸਰਵਉੱਚਤਾ ਉਤੇ ਸਵਾਲ ਖੜ੍ਹੇ ਕਰ ਰਹੇ ਹਾਂ ਅਤੇ ਦੂਜੇ ਪਾਸੇ ਭਰਾਮਾਰੂ ਜੰਗ ਵਿੱਚ ਇਕ ਦੂਜੇ ਦੀ ਕਿਰਦਾਰਕੁਸ਼ੀ, ਇੱਕ ਦੂਜੇ ਉੱਪਰ ਇਲਜ਼ਾਮਤਰਾਸ਼ੀ, ਹੁਲੜਬਾਜ਼ੀ ਅਤੇ ਆਪਹੁਦਰੇਪਣ ਦੀਆਂ ਸਾਰੀਆਂ ਹੱਦਾਂ ਨੂੰ ਪਾਰ ਕਰ ਗਏ ਹਾਂ। ਅੱਜ ਕੋਈ ਕਿਸੇ ਨੂੰ ਆਪਣਾ ਆਗੂ ਮੰਨਣ ਲਈ ਤਿਆਰ ਨਹੀਂ, ਕੋਈ ਪੰਥਕ ਏਜੰਡੇ ਉਤੇ ਆਮ ਸਹਿਮਤੀ ਲਈ ਆਪਣੇ ਨਿੱਜੀ ਮੁਫਾਦ ਛੱਡਣ ਲਈ ਤਿਆਰ ਨਹੀਂ, ਕੋਈ ਪੰਥਕ ਸੋਚ ਨੂੰ ਅਪਣਾਉਣ ਲਈ ਇੱਕ ਮੰਚ ਉਤੇ ਸੰਗਤੀ ਰੂਪ ਵਿੱਚ ਬੈਠਣ ਨੂੰ ਤਿਆਰ ਨਹੀਂ ਅਤੇ ਹਰ ਕੋਈ ਛੋਟਾ-ਵੱਡਾ ਲੀਡਰ ਖੁਦ ਨੂੰ ਪੰਥਕ ਆਵਾਜ਼ ਕਰਾਰ ਦਿੰਦੇ ਹੋਏ ਸਿੱਖ ਵਿਰੋਧੀ ਤਾਕਤਾਂ ਦੇ ਹੱਥਾਂ ਵਿੱਚ ਕਠਪੁਤਲੀਆਂ ਵਾਂਗ ਵਿਚਰਨ ਨੂੰ ਆਪਣਾ ਸੁਭਾਗ ਸਮਝ ਰਿਹਾ ਹੈ।

ਵਰਤਮਾਨ ਸਮੇਂ ਵਿੱਚ ਪੰਥ ਹਿਤੈਸ਼ੀ ਖੁਦ ਨੂੰ ਅਲੱਗ-ਥਲੱਗ ਸਮਝ ਰਹੇ ਹਨ, ਟਕਸਾਲੀ ਆਗੂ ਪਹਿਲਾਂ ਹੀ ਹਾਸ਼ੀਏ ਉੱਤੇ ਧਕੇਲ ਦਿੱਤੇ ਗਏ ਹਨ, ਸਿੱਖ ਨੌਜਵਾਨਾਂ ਨੂੰ ਵਰਗਲਾਉਣ ਦੀਆਂ ਕੋਸ਼ਿਸ਼ਾਂ ਕਰਨ ਵਿੱਚ ਮਾਹਿਰ ਸਿਆਸਤਦਾਨ ਹਮੇਸ਼ਾ ਵਾਂਗ ਪੰਥ ਦੋਖੀਆਂ ਦੇ ਹੱਥਾਂ ਵਿੱਚ ਕਠਪੁਤਲੀਆਂ ਵਾਂਗ ਵਿਚਰਦੇ ਹੋਏ ਦਿਖਾਈ ਦੇ ਰਹੇ ਹਨ ਅਤੇ ਸਿੱਖਾਂ ਦੇ ਸਰੋਕਾਰਾਂ, ਹਿੱਤਾਂ ਅਤੇ ਮੰਗਾਂ ਦਾ ਵੱਖ-ਵੱਖ ਧਿਰਾਂ ਵੱਲੋਂ ਕੀਤਾ ਜਾ ਰਿਹਾ ਸਿਆਸੀਕਰਨ ਸਿੱਖ ਕੌਮ ਨੂੰ ਸੂਬਾਈ, ਰਾਸ਼ਟਰੀ ਅਤੇ ਆਲਮੀ ਪੱਧਰ ਉਤੇ ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਮਜਬੂਰ ਕਰ ਰਿਹਾ ਹੈ। ਦਰਅਸਲ ਸਿੱਖਾਂ ਨੂੰ ਆਪਸੀ ਵਾਦ-ਵਿਵਾਦਾਂ ਅਤੇ ਭੰਬਲਭੂਸੇ ਵਿੱਚ ਉਲਝਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਬਣਾਉਣ ਲਈ ਸਾਡੇ ਆਗੂਆਂ ਕੋਲ ਉਚਿਤ ਰਣਨੀਤੀ ਤੇ ਇੱਛਾ ਸ਼ਕਤੀ ਦੀ ਘਾਟ ਦੇ ਫ਼ਲਸਰੂਪ ਸਿੱਖਾਂ ਦੇ ਮਸਲਿਆਂ ਦਾ ਹੱਲ ਲੱਭਣ ਲਈ ਉਸਾਰੂ, ਦੂਰਅੰਦੇਸ਼ ਤੇ ਸਕਾਰਾਤਮਕ ਸੋਚ ਅਪਣਾਉਣ ਦੀ ਬਜਾਏ ਜਜ਼ਬਾਤ ਦੇ ਵਹਿਣ ਵਿੱਚ ਵਹਿ ਕੇ ਸਾਡੇ ਮੌਕਾਪ੍ਰਸਤ ਤੇ ਉਲਾਰੂ ਸੋਚ ਵਾਲੇ ਅਖੌਤੀ ਪੰਥਕ ਤੇ ਸਿਆਸੀ ਆਗੂਆਂ ਵੱਲੋਂ ਪੰਥ ਨੂੰ ਦਰਪੇਸ਼ ਚੁਣੌਤੀਆਂ ਲਈ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਵਿੱਚ ਬੇਭਰੋਸਗੀ ਦਾ ਆਲਮ ਇਹ ਹੈ ਕਿ ਲੋਕ ਆਪਣੇ ਵਿਅਕਤੀਗਤ ਏਜੰਡੇ ਨੂੰ ਬੜਾਵਾ ਦੇਣ ਲਈ ਸਿੱਖ ਪਰੰਪਰਾਵਾਂ, ਸ਼੍ਰੋਮਣੀ ਸੰਸਥਾਵਾਂ ਅਤੇ ਸੁਹਿਰਦ ਸੋਚ ਰੱਖਣ ਵਾਲੇ ਆਗੂਆਂ ਨੂੰ ਆਪਣਾ ਜਾਤੀ ਦੁਸ਼ਮਣ ਸਮਝ ਰਹੇ ਹਨ।

ਜਿਸ ਨਾਜ਼ੁਕ ਦੌਰ ਵਿੱਚੋਂ ਅੱਜ ਸਿੱਖ ਕੌਮ ਨੂੰ ਗੁਜ਼ਰਨਾ ਪੈ ਰਿਹਾ ਹੈ, ਜਿਸ ਤਰ੍ਹਾਂ ਸਿੱਖ ਕੌਮ ਦਾ ਵਿਰੋਧ ਕਰਨ ਵਾਲੇ ਸਿੱਖ ਕੌਮ ਬਾਰੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਸਿੱਖਾਂ ਦੇ ਸਰੋਕਾਰਾਂ ਨੂੰ ਢਾਹ ਲਾਉਣ ਲਈ ਸਾਜ਼ਿਸ਼ਾਂ ਰਚ ਰਹੇ ਹਨ ਅਤੇ ਜਿਸ ਤਰ੍ਹਾਂ ਅੱਜ ਦੇ ਸਮੇਂ ਵਿੱਚ ਸਿੱਖ ਇੱਕ ਦੂਜੇ ਵਿਰੁੱਧ ਖੜ੍ਹੇ ਹੋ ਕੇ ਆਪਣੇ ਆਪ ਨੂੰ ਸਹੀ ਤੇ ਦੂਜੇ ਨੂੰ ਨੀਵਾਂ ਦਿਖਾਉਂਦੇ ਹੋਏ ਸਿੱਖ ਕੌਮ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਇਸ ਸਭ ਦੇ ਮੱਦੇਨਜ਼ਰ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਸਾਨੂੰ ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਤੋਂ ਖ਼ਬਰਦਾਰ ਰਹਿਣ ਦੇ ਨਾਲ-ਨਾਲ ਆਪਣੇ ਗਿਰੇਬਾਨ ਵਿੱਚ ਵੀ ਝਾਕਣ ਦੀ ਲੋੜ ਹੈ। ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਆਪਣੀਆਂ ਅਸਫ਼ਲਤਾਵਾਂ ਲਈ ਹਮੇਸ਼ਾ ਦੂਜਿਆਂ ਸਿਰ ਦੋਸ਼ ਮੜ੍ਹਨ ਨਾਲ ਕਦੇ ਵੀ ਹਾਲਾਤ ਨੂੰ ਸੁਧਾਰਿਆ ਨਹੀਂ ਜਾ ਸਕਦਾ ਹੈ।

ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਵੀ ਮਹਿਸੂਸ ਹੁੰਦਾ ਹੈ ਕਿ ਜਿਸ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ, ਵਿਚਾਰਧਾਰਕ ਅਤੇ ਧਾਰਮਿਕ ਨਿਘਾਰ ਵਿੱਚੋਂ ਸਾਨੂੰ ਸਿੱਖ ਗੁਰੂ ਸਾਹਿਬਾਨ ਨੇ ਕੱਢਿਆ ਸੀ, ਅਸੀਂ ਆਪਣੀ ਬੇਸਮਝੀ ਵਸ ਉਸੇ ਨਿਘਾਰ ਵੱਲ ਬੜੀ ਕਾਹਲੀ-ਕਾਹਲੀ ਕਦਮ ਵਧਾ ਰਹੇ ਹਾਂ। ਅਜੋਕੇ ਸਮੇਂ ਵਿੱਚ ਡੇਰੇਦਾਰਾਂ, ਅਖੌਤੀ ਵਿਦਵਾਨਾਂ, ਮੀਡੀਆ ਚੈਨਲਾਂ, ਨਵੇਂ-ਨਵੇਂ ਬਣੇ ਪ੍ਰਚਾਰਕਾਂ ਅਤੇ ਸੋਸ਼ਲ ਮੀਡੀਆ ਉੱਪਰ ਸਰਗਰਮ ਕੁਝ ਲੋਕਾਂ ਵੱਲੋਂ ਸਿੱਖਾਂ ਨੂੰ ਮਾਨਸਿਕ ਤੌਰ ਉੱਤੇ ਭਰਮਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਤਿਹਾਸਕ ਤੱਥਾਂ ਨੂੰ ਜਾਣ-ਬੁੱਝ ਕੇ ਤੋੜਿਆ-ਮਰੋੜਿਆ ਜਾ ਰਿਹਾ ਹੈ ਅਤੇ ਸੁਨਹਿਰੀ ਤੇ ਮਾਣਮੱਤੀਆਂ ਸਿੱਖ ਰਵਾਇਤਾਂ ਉਤੇ ਬੇਲੋੜੇ ਤੇ ਵਿਵਾਦਪੂਰਨ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

ਇੱਕ ਤਰਫ਼ ਅਸੀਂ ਖ਼ੁਦ ਨੂੰ ਗੁਰੂ ਦੇ ਸਿੱਖ ਕਹਾਉਣ ਦਾ ਦਾਅਵਾ ਕਰਦੇ ਹਾਂ ਅਤੇ ਦੂਜੀ ਤਰਫ਼ ਅਸੀਂ ਗੁਰੂ ਵੱਲੋਂ ਦਰਸਾਏ ਮਾਰਗ ਉੱਪਰ ਚੱਲਣ ਤੋਂ ਵੀ ਮੁਨਕਰ ਹਾਂ। ਅਸੀਂ ਆਪਣੀ ਹਰ ਸਮੱਸਿਆ, ਦੁਚਿੱਤੀ ਅਤੇ ਵਿਵਾਦ ਲਈ ਦੂਸਰਿਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਖ਼ੁਦ ਨੂੰ ਬੇਕਸੂਰ ਕਹਿਲਾਉਣ ਦੇ ਆਦੀ ਹੋ ਚੁੱਕੇ ਹਾਂ। ਅਸਲ ਵਿੱਚ ਨਾ ਸਾਡਾ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਦੀ ਧਰਤੀ ਨਾਲ ਕੋਈ ਮੋਹ ਰਿਹਾ ਹੈ, ਨਾ ਹੀ ਅਸੀਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਗਏ ਸਿੱਖੀ ਸਰੂਪ ਨੂੰ ਅਪਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਨਾ ਹੀ ਅਸੀਂ ਪੰਜਾਬੀ ਭਾਸ਼ਾ ਤੇ ਪੰਜਾਬੀ ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹਾਂ, ਨਾ ਹੀ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਬਹਾਲ ਰੱਖਣ ਵਿੱਚ ਸਮਰਥ ਹਾਂ ਅਤੇ ਨਾ ਅਸੀਂ ਸਿੱਖ ਗੁਰੂਆਂ ਦੇ ਅਦੁੱਤੀ ਉਪਦੇਸ਼ਾਂ ਨੂੰ ਸਮਝਣ ਤੇ ਉਨ੍ਹਾਂ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਲਈ ਤਤਪਰ ਹਾਂ। ਅਸਲ ਵਿੱਚ ਅਸੀਂ ਸਿਰਫ ਫਜ਼ੂਲ ਦੇ ਬਹਿਸ ਮੁਬਾਹਿਸਿਆਂ ਵਿੱਚ ਉਲਝ ਕੇ ਆਪਣੀ ਪੰਥਕ ਸ਼ਕਤੀ ਨੂੰ ਵਿਅਰਥ ਗੁਆਉਣ ਵਿੱਚ ਰੁਚਿਤ ਹਾਂ। ਸਾਨੂੰ ਵਿਅਕਤੀਗਤ ਅਤੇ ਪੰਥਕ ਤੌਰ ‘ਤੇ ਇਸ ਗੱਲ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਆਪਸ ਵਿੱਚ ਉਲਝ ਕੇ, ਗੁਰਬਾਣੀ ਦੇ ਮਨਚਾਹੇ ਅਰਥ ਕੱਢ ਕੇ, ਸਿੱਖ ਆਦਰਸ਼ਾਂ ਨੂੰ ਤਿਆਗ ਕੇ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਆਪਣੇ ਫਰਜ਼ ਭੁਲਾ ਕੇ, ਸਿੱਖ ਪਰੰਪਰਾਵਾਂ ਨੂੰ ਵਾਦ-ਵਿਵਾਦ ਦਾ ਹਿੱਸਾ ਬਣਾ ਕੇ, ਗੁਰੂ ਨਾਨਕ ਦੇ ਆਦਰਸ਼ ਸਮਾਜ ਦੇ ਸੰਕਲਪ ਨੂੰ ਵਿਸਾਰ ਕੇ, ਗੁਰਮਤਿ ਦੇ ਰਾਹ ਨੂੰ ਛੱਡ ਕੇ ਮਨਮੱਤ ਦੇ ਰਾਹ ਉੱਤੇ ਤੁਰਦਿਆਂ ਨਾ ਤਾਂ ਵਿਅਕਤੀਗਤ ਤੌਰ ‘ਤੇ ਸਾਡਾ ਤੇ ਨਾ ਸਮੂਹਿਕ ਰੂਪ ਵਿੱਚ ਪੰਥ ਦਾ ਕੋਈ ਭਲਾ ਹੋ ਸਕਦਾ ਹੈ।

ਬੇਸ਼ਕ ਅੱਜ ਸਿੱਖਾਂ ਨੂੰ ਵਰਗਲਾਉਣ, ਗੁੰਮਰਾਹ ਕਰਨ ਅਤੇ ਆਪਸ ਵਿੱਚ ਇੱਕ ਦੂਜੇ ਖ਼ਿਲਾਫ਼ ਖੜ੍ਹੇ ਹੋਣ ਲਈ ਸੁਚੇਤ ਪੱਧਰ ਉਤੇ ਵੱਖ-ਵੱਖ ਧਿਰਾਂ ਵਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਸਿੱਖਾਂ ਦੀਆਂ ਸਾਰੀਆਂ ਦੁਨਿਆਵੀ ਅਤੇ ਰੂਹਾਨੀ ਉਲਝਣਾਂ ਦਾ ਹੱਲ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਮਰਪਣ ਅਤੇ ਪੰਥਕ ਸੋਚ ਨੂੰ ਅਪਣਾਉਣ ਵਿੱਚ ਛੁਪਿਆ ਹੋਇਆ ਹੈ। ਬਦਕਿਸਮਤੀ ਨਾਲ ਅਸੀਂ ਇਹ ਸਮਝਣ ਦੀ ਸਭ ਤੋਂ ਵੱਡੀ ਭੁੱਲ ਕਰ ਰਹੇ ਹਾਂ ਕਿ ਸਾਡੀਆਂ ਸਮੱਸਿਆਵਾਂ ਦਾ ਹੱਲ ਸ਼ਾਇਦ ਸਾਡੇ ਬਦਨੀਅਤ ਅਖੌਤੀ ਸਿਆਸੀ ਆਗੂਆਂ ਅਤੇ ਉਨ੍ਹਾਂ ਦੇ ਜ਼ਰਖਰੀਦ ਸਿੱਖ ਧਰਮ ਦੇ ਠੇਕੇਦਾਰਾਂ ਕੋਲ ਹੈ। ਜਦੋਂ ਤੱਕ ਹਰ ਸਿੱਖ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੀਆਂ ਗੁੱਝੀਆਂ ਰਮਜ਼ਾਂ ਨੂੰ ਨਹੀਂ ਸਮਝੇਗਾ, ਤਦ ਤੱਕ ਸਿੱਖ ਕੌਮ ਇਸੇ ਤਰ੍ਹਾਂ ਆਪਣਿਆਂ ਅਤੇ ਬਿਗਾਨਿਆਂ ਦੇ ਹੱਥੋਂ ਖੁਆਰ ਹੁੰਦੀ ਰਹੇਗੀ। ਸਾਨੂੰ ਇਸ ਗੱਲ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਗੁਰੂ ਵੱਲ ਪਿੱਠ ਕਰਕੇ ਅਸੀਂ ਨਾ ਆਪਣਾ ਤੇ ਨਾ ਹੀ ਕੌਮ ਦਾ ਕੁਝ ਸੰਵਾਰ ਸਕਾਂਗੇ।

ਅਜੋਕੇ ਸਮੇਂ ਵਿੱਚ ਇਸ ਗੱਲ ਨੂੰ ਤਵੱਜੋ ਦੇਣ ਦੀ ਲੋੜ ਹੈ ਕਿ ਪੰਥਕ ਏਕਤਾ ਲਈ ਪੰਜਾਬ ਅਤੇ ਭਾਰਤ ਦੇ ਦੂਰ-ਦਰਾਜ਼ ਦੇ ਇਲਾਕਿਆਂ ਵਿੱਚ ਵਸਦੇ ਸਿਕਲੀਗਰ, ਵਣਜਾਰੇ, ਲੁਬਾਣੇ, ਸਤਨਾਮੀਏ, ਭੀਲ ਅਤੇ ਦਲਿਤ ਸਿੱਖਾਂ ਵਿੱਚ ਪੈਦਾ ਹੋ ਰਹੇ ਬੇਗਾਨਗੀ ਦੇ ਅਹਿਸਾਸ ਨੂੰ ਖਤਮ ਕਰਕੇ ਇਨ੍ਹਾਂ ਸਿੱਖਾਂ ਨੂੰ ਸਿੱਖ ਸੰਸਥਾਵਾਂ ਵਿੱਚ ਬਰਾਬਰੀ ਦੇ ਆਧਾਰ ਉੱਤੇ ਪਹਿਲਾਂ ਨਾਲੋਂ ਵਧੇਰੇ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਹਰੇਕ ਸਿੱਖ ਦੀਆਂ ਲੋੜਾਂ ਤੇ ਸਰੋਕਾਰਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਕਿਸੇ ਇੱਕ ਵਿਸ਼ੇਸ਼ ਜਾਤੀ, ਕਬੀਲੇ ਅਤੇ ਨਸਲ ਨਾਲ ਸਬੰਧਤ ਸਿੱਖਾਂ ਨੂੰ ਆਪਣੇ ਉੱਚੇ ਆਰਥਿਕ ਰੁਤਬੇ ਜਾਂ ਰਾਜਨੀਤਕ ਅਸਰ-ਰਸੂਖ ਕਾਰਨ ਹੋਰਨਾਂ ਸਿੱਖਾਂ ਵਿੱਚ ਡਰ, ਬੇਵਿਸ਼ਵਾਸੀ ਅਤੇ ਸ਼ੰਕੇ ਪੈਦਾ ਕਰਨ ਤੋਂ ਰੋਕਣਾ ਬੇਹੱਦ ਜ਼ਰੂਰੀ ਹੈ, ਕਿਉਂਕਿ ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਫਿਰ ਸ਼ੋਸ਼ਣ, ਅਨਾਦਰ ਅਤੇ ਤ੍ਰਿਸਕਾਰ ਦਾ ਸਾਹਮਣਾ ਕਰ ਰਹੇ ਇਹ ਸਿੱਖ ਹੌਲੀ-ਹੌਲੀ ਸਿੱਖ ਧਰਮ ਤੋਂ ਸਦਾ ਲਈ ਦੂਰ ਹੋ ਜਾਣਗੇ। ਅੱਜ ਇਸ ਗੱਲ ਦੀ ਵੀ ਬੇਹੱਦ ਲੋੜ ਹੈ ਕਿ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਕੇ ਸ਼ੁਧ ਹਿਰਦੇ ਨਾਲ ਹਰ ਤਰ੍ਹਾਂ ਦੇ ਸਿਆਸੀ ਜੋੜ-ਤੋੜ ਅਤੇ ਵਕਤੀ ਤੌਰ ਉੱਪਰ ਮਿਲਣ ਵਾਲੇ ਸਿਆਸੀ ਲਾਭਾਂ ਦੇ ਮੋਹ ਨੂੰ ਤਿਆਗ ਕੇ ਇੱਕ ਵਾਰ ਨਵੇਂ ਸਿਰਿਉਂ ਪੰਥਕ ਸੋਚ ਨੂੰ ਅਪਣਾਉਣ ਅਤੇ ਪੰਥਕ ਏਜੰਡੇ ਵੱਲ ਵਾਪਸ ਮੁੜਨ ਦੀ ਪਹਿਲਕਦਮੀ ਕੀਤੀ ਜਾਵੇ। ਇਸ ਸੱਚਾਈ ਨੂੰ ਸਵੀਕਾਰ ਕਰਨ ਵਿੱਚ ਵੀ ਕੋਈ ਗੁਰੇਜ਼ ਨਹੀਂ ਕਰਨਾ ਚਾਹੀਦਾ ਕਿ ਇੱਕ-ਦੂਜੇ ਉਤੇ ਚਿੱਕੜ ਸੁੱਟ ਕੇ ਸਿੱਖ ਸਿਰਫ ਜੱਗ ਹਸਾਈ ਤਾਂ ਕਰਵਾ ਸਕਦੇ ਹਨ, ਪਰ ਸਿੱਖ ਆਪਣੇ ਹਿੱਤਾਂ ਦੀ ਰਾਖੀ ਕਰਨ ਦੇ ਕਦੇ ਸਮਰੱਥ ਨਹੀਂ ਹੋ ਸਕਦੇ ਹਨ।

---

***ਪ੍ਰਿੰਸੀਪਲ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ।**

ਮਾਨਵੀ ਮੁੱਲਾਂ ਦੇ ਪਹਿਰੇਦਾਰ, ਬਹੁਪੱਖੀ ਸ਼ਖਸੀਅਤ ਦੇ ਮਾਲਕ
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ
ਅਤੇ ਨਵੇਂ ਵਰ੍ਹੇ 2025 ਦੀ ਖੁਸ਼ਆਮਦ ‘ਤੇ



ਸਮੂਹ ਪੰਜਾਬੀ ਭਾਈਚਾਰੇ ਨੂੰ
ਲੱਖ ਲੱਖ ਵਧਾਈ
HAPPY NEW YEAR 2025
ਸ. ਹਰਦਿਆਲ ਸਿੰਘ ਦਿਓਲ ਤੇ ਡਾ. ਹਰਬੰਸ ਕੌਰ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ ਤੇ ਸੁਰਿੰਦਰ ਕੌਰ ਬਸਰਾਨ
ਵੱਲੋਂ: ਦਿਓਲ ਅਤੇ ਬਸਰਾਨ ਪਰਿਵਾਰ (ਸ਼ਿਕਾਗੋ)

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

ਸਰਬੰਸਦਾਨੀ ਕਲਗੀਧਰ ਦਸਮੇਸ਼ ਪਿਤਾ

# ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ

ਖੁਸ਼ਆਮਦੀਦ




Happy New Year

ਵੱਲੋਂ:



ਬਲਵਿੰਦਰ ਸਿੰਘ (ਬੌਬ) ਸੰਧੂ



ਜਸਵਿੰਦਰ ਸਿੰਘ (ਜੱਸੀ) ਸੰਧੂ



ਕਿਰਪਾਲ ਸਿੰਘ ਰੰਧਾਵਾ



ਸੋਨੀ ਜੱਜ

## ਸੰਧੂ, ਰੰਧਾਵਾ ਅਤੇ ਜੱਜ ਪਰਿਵਾਰ (ਸ਼ਿਕਾਗੋ)

# ਪ੍ਰਾਪਰਟੀ ਕਾਰੋਬਾਰ: ਜੁੜੀਆਂ ਧਿਰਾਂ, ਮਸਲੇ ਤੇ ਲੁੱਟ

## ਅਹਿਮ ਗੱਲ



**ਚੰਦਰਪਾਲ ਅੱਤਰੀ, ਲਾਲੜੂ**
**ਫੋਨ:+91-7889111988**

ਇਹ ਦੁਨੀਆ ਦੀ ਅਹਿਮ ਸੱਚਾਈ ਹੈ ਕਿ ਜ਼ਮੀਨ ਭਾਵੇਂ ਉਹ ਧਰਤੀ ਦੇ ਰੂਪ ਵਿੱਚ ਹੋਵੇ ਜਾਂ ਸਿਆਸਤ ਦੇ ਰੂਪ ਵਿੱਚ ਹੋਵੇ, ਜੇਕਰ ਇੱਕ ਵਾਰ ਖੋ ਜਾਵੇ ਤਾਂ ਮੁੜ ਪ੍ਰਾਪਤ ਕਰਨੀ ਔਖੀ ਹੋ ਜਾਂਦੀ ਹੈ। ਇਸੇ ਤਰ੍ਹਾਂ ਜ਼ਮੀਨ ਸਮਾਜ ਨੂੰ ਹਮੇਸ਼ਾ ਤੋਂ ਪ੍ਰਭਾਵਿਤ ਕਰਦੀ ਰਹੀ ਹੈ ਤੇ ਜ਼ਮੀਨ ਦਾ ਪ੍ਰਭਾਵ ਸਮਾਜ ਉਤੇ ਵੀ ਸਪੱਸ਼ਟ ਨਜ਼ਰ ਆਉਂਦਾ ਹੈ। ਉਂਝ ਤਾਂ ਜ਼ਮੀਨ ਨਾਲ ਸਮੁੱਚਾ ਸਮਾਜ ਜੁੜਿਆ ਹੁੰਦਾ ਹੈ, ਪਰ ਆਪਣੇ ਇਸ ਲੇਖ ਵਿੱਚ ਅਸੀਂ ਕਿਸਾਨੀ, ਪ੍ਰਾਪਰਟੀ ਕਾਰੋਬਾਰੀ ਤੇ ਮਾਲ ਮਹਿਕਮੇ ਬਾਰੇ ਹੀ ਵਿਚਾਰਾਂਗੇ।

ਇਤਿਹਾਸ ਤੋਂ ਲੈ ਕੇ ਹੁਣ ਤੱਕ ਮੁੱਖ ਤੌਰ ਉਤੇ ਕਿਸਾਨੀ ਨੂੰ ਹੀ ਜ਼ਮੀਨ ਦਾ ਅਸਲ ਮਾਲਕ ਮੰਨਿਆ ਗਿਆ ਹੈ, ਪਰ ਇਸ ਦੇ ਬਾਵਜੂਦ ਅਜੇ ਤੱਕ ਕਿਸਾਨੀ ਦੀ ਹਾਲਤ ਸੁਧਰ ਨਹੀਂ ਸਕੀ ਹੈ, ਜਦਕਿ ਇਸ ਨੂੰ ਵਰਤ ਕੇ ਪ੍ਰਾਪਰਟੀ ਕਾਰੋਬਾਰੀ ਤੇ ਮਾਲ ਮਹਿਕਮਾ ਆਪਣੀ ਪੌਂ ਬਾਰਾਂ ਕਰ ਗਿਆ ਹੈ। ਪਹਿਲੇ ਸਮਿਆਂ ਵਿੱਚ ਜ਼ਮੀਨ ਵਿੱਚੋਂ ਮੁੱਖ ਤੌਰ 'ਤੇ ਖੇਤੀਬਾੜੀ ਵਾਲੀ ਆਮਦਨ ਹੀ ਹੁੰਦੀ ਸੀ, ਪਰ ਹੁਣ ਜਿਉਂ-ਜਿਉਂ ਆਬਾਦੀ ਵੱਧੀ ਹੈ ਤਾਂ ਜ਼ਮੀਨ ਦੀ ਉਦਯੋਗ ਤੇ ਰਿਹਾਇਸ਼ ਆਦਿ ਲਈ ਵੀ ਵਰਤੋਂ ਹੋਈ ਹੈ ਤੇ ਹੋ ਰਹੀ ਹੈ। ਇਸ ਦੇ ਨਾਲ ਹੀ ਜ਼ਮੀਨ ਦੀ ਵੰਡ ਹੋਣ ਦੇ ਚੱਲਦਿਆਂ ਜ਼ਮੀਨ ਟੁਕੜਿਆਂ ਵਿੱਚ ਵੰਡਦੀ ਜਾ ਰਹੀ ਹੈ, ਤੇ ਜ਼ਮੀਨ ਵਿੱਚੋਂ ਪੈਦਾਵਾਰ ਸਮੇਂ ਖਰਚ ਵਧਣ ਦੇ ਚੱਲਦਿਆਂ ਕਿਸਾਨੀ ਖੇਤੀ ਤੋਂ ਮੂੰਹ ਵੀ ਮੋੜ ਰਹੀ ਹੈ। ਜਦੋਂ ਜ਼ਮੀਨ ਵਿੱਚੋਂ ਪੈਦਾਵਰ ਘੱਟ ਜਾਵੇ ਤੇ ਇਸ ਦਾ ਆਕਾਰ ਵੀ ਘੱਟ ਜਾਵੇ ਤਾਂ ਕਿਸਾਨੀ ਨੂੰ ਸਮੱਸਿਆਵਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਮਾਮਲੇ ਵਿੱਚ ਕਿਸਾਨੀ ਹਰ ਹਾਲ ਵਿੱਚ ਜ਼ਮੀਨ ਤੋਂ ਖਹਿੜਾ ਛੁਡਾਉਣ ਦੇ ਰਾਹ ਪੈ ਜਾਂਦੀ ਹੈ ਤੇ ਫਿਰ ਕਿਸਾਨੀ ਦੀ ਲੁੱਟ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਹਾਲਾਂਕਿ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਇਸ ਲੁੱਟ ਹੋਣ ਵਿੱਚ ਕਿਸਾਨੀ ਦਾ ਖੁਦ ਦਾ ਕੋਈ ਕਸੂਰ ਨਹੀਂ, ਪਰ ਸਮਾਜ ਦੇ ਸੰਪੰਨ ਤੇ ਅਧਿਕਾਰਤ ਕਾਬਲ ਵਰਗ ਨੇ ਹੀ ਸਮਾਜ ਨੂੰ ਜਾਗਰੂਕ ਕਰਨਾ ਹੁੰਦਾ ਹੈ, ਨਾ ਕਿ ਉਸ ਦੀ ਲੁੱਟ ਦੇ ਰਾਹ ਲੱਭਣੇ ਹੁੰਦੇ ਹਨ।

ਇਸ ਸਮੇਂ ਕਿਸਾਨੀ ਸਰਕਾਰੀ ਨੀਤੀਆਂ ਤੋਂ ਵੀ ਵੱਧ ਮਾਲ ਮਹਿਕਮੇ ਦੀ ਲੁੱਟ ਅਤੇ ਪ੍ਰਾਪਰਟੀ ਕਾਰੋਬਾਰੀਆਂ ਦੇ ਲਾਲਚ ਦਾ ਸ਼ਿਕਾਰ ਹੋ ਰਹੀ ਹੈ। ਮਾਲ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਕਿਸਾਨੀ ਤੋਂ ਜ਼ਮੀਨ ਦੀ ਫ਼ਰਦ-ਬਦਰ (ਰਿਕਾਰਡ ਵਿੱਚ ਦਰੁੱਸਤੀ) ਤੇ ਜ਼ਮੀਨ ਦੇ ਵਿਰਾਸਤ ਨਾਲ ਸਬੰਧਤ ਇੰਤਕਾਲ ਦੇ ਨਾਮ ਉਤੇ ਲਏ ਜਾਂਦੇ ਪੈਸੇ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹਨ। ਨਵੇਂ ਨਿਯਮਾਂ ਤਹਿਤ ਮਾਲ ਮਹਿਕਮੇ ਦਾ ਵਧੇਰੇ ਕੰਮ ਆਨਲਾਈਨ ਹੋ ਚੁੱਕਾ ਹੈ ਤੇ ਜਦੋ ਫ਼ਰਦ ਲਿਖਣ ਸਮੇਂ ਸਾਰਾ ਕੰਮ (ਫ਼ਰਦ ਵਿੱਚ ਨਾਮ ਲਿਖਣਾ ਤੇ ਹਿੱਸੇ ਬਣਾਉਣਾ ਆਦਿ ਦਾ ਕੰਮ) ਮਾਲ ਮਹਿਕਮੇ ਦੇ ਅਧਿਕਾਰੀਆਂ ਨੇ ਹੀ ਕੀਤਾ ਹੋਇਆ ਹੁੰਦਾ ਹੈ, ਤਾਂ ਉਸ ਲਈ ਮੁੜ-ਮੁੜ ਕਿਸਾਨੀ ਨੂੰ ਡਰਾ ਕੇ ਲੁੱਟਣ ਦੀ ਕੀ ਤੁਕ ਹੈ? ਇਸੇ ਤਰ੍ਹਾਂ ਵਿਰਾਸਤ ਦੇ ਇੰਤਕਾਲ ਦੇ ਲਈ ਕਿਸ ਗੱਲ ਦੀ ਰਕਮ ਦਿੱਤੀ ਜਾਵੇ! ਜਦੋਂ ਵਿਰਾਸਤ ਕਰਵਾਉਣ ਵਾਲਾ ਸਹੀ ਕਾਨੂੰਨੀ ਵਾਰਸਾਂ ਦੇ ਨਾਮ ਇੰਤਕਾਲ ਕਰਵਾ ਰਿਹਾ ਹੈ ਤਾਂ ਫਿਰ ਉਸ ਵਿੱਚ ਗਲਤ ਵੀ ਕੀ ਹੈ? ਪਰ ਵੇਖਣ ਵਿੱਚ ਆਉਂਦਾ ਹੈ ਕਿ ਕਦੇ ਫ਼ਰਦ ਵਿੱਚ ਗਲਤ ਨਾਮ ਦਾ ਹਵਾਲਾ ਦੇ ਕੇ ਅਤੇ ਕਦੇ ਆਧਾਰ ਕਾਰਡ ਤੇ ਕਦੇ ਮੌਤ ਸਰਟੀਫਿਕੇਟ ਵਿੱਚ ਗਲਤ ਇੰਦਰਾਜ਼ ਨੂੰ ਆਧਾਰ ਬਣਾ ਕੇ ਲੋਕਾਂ ਨੂੰ ਡਰਾਇਆ ਜਾਂਦਾ ਹੈ, ਤੇ ਫਿਰ ਉਸ ਤੋਂ ਮੋਟੀ ਰਕਮ ਵਸੂਲੀ ਜਾਂਦੀ ਹੈ।

ਇਸੇ ਤਰ੍ਹਾਂ ਜਦੋਂ ਕੋਈ ਸਾਧਾਰਨ ਵਿਅਕਤੀ ਆਪਣੀ ਰਿਹਾਇਸ਼ ਲਈ ਛੋਟਾ ਪਲਾਟ ਖਰੀਦਦਾ ਹੈ ਜਾਂ ਕੋਈ ਵੱਡੀ ਡੀਲ ਵੀ ਹੁੰਦੀ ਹੈ ਤਾਂ ਰਜਿਸਟਰੀ ਲਿਖਣ ਸਮੇਂ ਖਰੀਦਦਾਰ ਕੋਲੋਂ ਰਜਿਸਟਰੀ ਖਰਚ ਤੋਂ ਇਲਾਵਾ ਇੰਤਕਾਲ ਤੇ ਪੰਜਾਬ ਲੈਂਡ ਰਿਕਾਰਡ ਸੁਸਾਇਟੀ (ਪੀ.ਐਲ.ਆਰ.ਐਸ.) ਸਮੇਤ ਹੋਰ ਸਾਰੀਆਂ ਫੀਸਾਂ ਵਸੂਲ ਲਈਆਂ ਜਾਂਦੀਆਂ ਹਨ, ਪਰ ਇਸ ਦੇ ਬਾਵਜੂਦ ਵੱਖ-ਵੱਖ ਥਾਈਂ ਇੰਤਕਾਲ ਤੇ ਪੀ.ਐਲ.ਆਰ.ਐਸ. ਦੀਆਂ ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਂਦੇ ਹਨ। ਇੰਤਕਾਲ ਲਈ ਪਟਵਾਰੀਆਂ ਵੱਲੋਂ ਵੱਖ-ਵੱਖ ਥਾਈਂ ਵੱਡੇ-ਛੋਟੇ ਸ਼ਹਿਰਾਂ ਮੁਤਾਬਕ ਵੱਧ-ਘੱਟ ਰੇਟ ਹਨ।

ਇਸ ਤੋਂ ਬਾਅਦ ਜੇਕਰ ਪ੍ਰਾਪਰਟੀ ਕਾਰੋਬਾਰੀਆਂ ਦੀ ਗੱਲ ਕਰੀਏ ਤਾਂ ਸਾਡੇ ਹਿਸਾਬ ਨਾਲ ਇਸ ਸਮੇਂ ਭਾਰਤ ਵਿੱਚ ਪ੍ਰਾਪਰਟੀ ਕਾਰੋਬਾਰ ਜਿੱਥੇ ਕਿਸ਼ੋਰ ਅਵਸਥਾ ਵਿੱਚ ਹੈ, ਉੱਥੇ ਹੀ ਇਸ ਵਿੱਚ ਬੇਹਿਸਾਬ ਧੋਖਾਧੜੀਆਂ ਹਨ। ਇਸ ਸਮੇਂ ਬਹੁਤ ਘੱਟ ਪ੍ਰਾਪਰਟੀ ਕਾਰੋਬਾਰੀ ਅਜਿਹੇ ਹਨ, ਜੋ ਰਿਹਾਇਸ਼ੀ ਜਾਂ ਕਮਰਸੀਅਲ ਥਾਂ ਵੇਚਣ ਸਮੇਂ ਆਪਣੇ ਵੱਲੋਂ ਕੀਤੇ ਵਾਅਦਿਆਂ ਉਤੇ ਖਰ੍ਹੇ ਉਤਰਦੇ ਹੋਣ। ਅਜੋਕੇ ਸਮੇਂ ਵਿੱਚ ਨਾਮਾਤਰ ਕਾਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਕਾਲੋਨੀਆਂ ਨਿੱਜੀ ਹੁੰਦੀਆਂ ਹਨ ਤੇ ਇਸ ਵਿੱਚ ਸੜਕਾਂ, ਲਾਈਟਾਂ ਤੇ ਸੀਵਰੇਜ ਸਰਕਾਰੀ ਪੁਆਈ ਜਾਂਦੀ ਹੈ। ਬਹੁਤ ਘੱਟ ਕਾਲੋਨੀਆਂ ਵਿੱਚ ਆਪਣੇ ਟਿਊਬਵੈੱਲ ਤੇ ਵੱਖਰੇ ਬਿਜਲੀ ਟਰਾਂਸਫਾਰਮਰ ਲਗਵਾਏ ਜਾਂਦੇ ਹਨ ਤੇ ਇਸ ਤਰ੍ਹਾਂ ਕਰ ਕੇ ਨਾ ਸਿਰਫ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ, ਸਗੋਂ ਪ੍ਰਾਪਰਟੀ ਗਾਹਕ ਵੀ ਚਿੱਟੇ ਦਿਨ ਲੁੱਟ ਲਏ ਜਾਂਦੇ ਹਨ। ਵਧੇਰੇ ਕਾਲੋਨੀਆਂ ਪਾਸ ਨਾ ਹੋਣ ਕਾਰਨ ਪਲਾਟ ਜਾਂ ਦੁਕਾਨਾਂ ਵੇਚਣ ਸਮੇਂ ਇਨ੍ਹਾਂ ਦੇ ਨੰਬਰ ਨਹੀਂ ਲਿਖੇ ਜਾਂਦੇ ਤੇ ਹਿੱਸੇ ਦੀਆਂ ਰਜਿਸਟਰੀਆਂ ਲਿਖੀਆਂ ਜਾਂਦੀਆਂ ਹਨ, ਜੋ ਬਾਅਦ ਵਿੱਚ ਪ੍ਰੇਸ਼ਾਨੀਆਂ ਦਾ ਸਬੱਬ ਬਣ ਜਾਂਦੀਆਂ ਹਨ। ਇਹ ਹਿੱਸੇ ਦੀਆਂ ਰਜਿਸਟਰੀਆਂ ਕਾਨੂੰਨੀ ਦਿੱਕਤਾਂ ਵੀ ਪੈਦਾ ਕਰਦੀਆਂ ਹਨ।

ਪ੍ਰਾਪਰਟੀ ਕਾਰੋਬਾਰੀਆਂ ਵੱਲੋਂ ਇਹ ਸਭ ਗੱਲਾਂ ਅਸਲ ਗਾਹਕ ਤੋਂ ਲੁਕਾਈਆਂ ਜਾਂਦੀਆਂ ਹਨ ਜਾਂ ਵਧਾ-ਚੜ੍ਹਾਅ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਕਾਲੋਨੀਆਂ ਕੱਟਣ ਸਮੇਂ ਪ੍ਰਾਪਰਟੀ ਕਾਰੋਬਾਰੀਆਂ ਦੇ ਬੁਨਿਆਦੀ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਹੀ ਮਾਲ ਮਹਿਕਮੇ ਦੇ ਵੱਡੇ ਅਧਿਕਾਰੀ ਪਲਾਟ ਜਾਂ ਦੁਕਾਨ ਦੀ ਰਜਿਸਟਰੀ ਸਮੇਂ ਆਪਣਾ ਹਿੱਸਾ ਭਾਲਦੇ ਹਨ, ਜੋ ਮਜਬੂਰੀਵੱਸ ਗਾਹਕ ਦੇ ਸਿਰ ਪੈਂਦਾ ਹੈ ਤੇ ਅੰਤ ਵਿੱਚ ਕਿਸਾਨੀ 'ਚ ਜਾਣਕਾਰੀ ਦੀ ਘਾਟ, ਮਾਲ ਮਹਿਕਮੇ ਤੇ ਪ੍ਰਾਪਰਟੀ ਕਾਰੋਬਾਰੀਆਂ ਦਾ ਲਾਲਚ ਜਿੱਥੇ ਕਿਸਾਨੀ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉੱਥੇ ਘਟੀਆ ਸ਼ਹਿਰੀ ਸਿਸਟਮ ਦੀ ਪੈਦਾਇਸ਼ ਬਣ ਜਾਂਦਾ ਹੈ। ਇਸ ਉਪਰੰਤ ਜੇਕਰ ਅਸੀਂ ਮੁੜ ਕਿਸਾਨੀ ਜਾਂ ਆਮ ਲੋਕਾਈ ਦੇ ਪੱਖ ਉਤੇ ਆਈਏ ਤਾਂ ਅਸੀਂ ਮੰਨਦੇ ਹਾਂ ਕਿ ਇਹ ਧਿਰਾਂ (ਕਿਸਾਨੀ ਤੇ ਆਮ ਲੋਕ) ਇਸ ਗੈਰ-ਜ਼ਰੂਰੀ ਲੁੱਟ ਦਾ ਸ਼ਿਕਾਰ ਹਨ, ਪਰ ਕੁਝ ਹੱਦ ਤੱਕ ਇਸ ਲੁੱਟ ਲਈ ਇਹ ਖੁਦ ਵੀ ਜ਼ਿੰਮੇਵਾਰ ਹਨ। ਆਪਣੇ ਆਧਾਰ ਕਾਰਡ, ਪਰਿਵਾਰਕ ਮੈਂਬਰਾਂ ਦੇ ਮੌਤ ਸਰਟੀਫਿਕੇਟ, ਵੋਟ ਕਾਰਡ ਤੇ ਪੈਨ ਕਾਰਡ ਆਦਿ ਦਸਤਾਵੇਜ਼ ਵੀ ਜੇਕਰ ਅਸੀਂ ਦਰੁੱਸਤ ਨਹੀਂ ਕਰਵਾ ਸਕਦੇ ਤਾਂ ਫਿਰ ਦੂਜਿਆਂ ਨੂੰ ਦੋਸ਼ ਕਿਉਂ ਦੇਈਏ? ਇਸੇ ਤਰ੍ਹਾਂ ਅਸੀਂ ਪਰਿਵਾਰ ਵਿੱਚ ਮੰਦਭਾਗੀ ਘਟਨਾ ਹੋਣ ਉਪਰੰਤ ਮਾਲ ਮਹਿਕਮੇ ਦੇ ਅਧਿਕਾਰੀਆਂ ਨੂੰ ਮੂੰਹ ਮੰਗੀ ਰਕਮ ਦੇਣ ਲਈ ਤਿਆਰ ਹੋ ਜਾਂਦੇ ਹਾਂ, ਪਰ ਸਮਾਂ ਰਹਿੰਦਿਆਂ ਨਾ ਮਾਤਰ ਰਕਮ ਨਾਲ ਤਿਆਰ ਹੋਣ ਵਾਲੀ ਰਜਿਸਟਰਡ ਵਸੀਅਤ ਨਹੀਂ ਬਣਵਾਉਂਦੇ, ਜਦੋਂ ਕਿ ਇਹ ਸਾਡੇ ਲਈ ਬੇਹੱਦ ਲਾਭਦਾਇਕ ਸਾਬਤ ਹੁੰਦੀ ਹੈ। ਕਈ ਵਾਰ ਤਾਂ ਅਸੀਂ ਰਜਿਸਟਰਡ ਵਸੀਅਤ ਨਾ ਹੋਣ ਦੇ ਚੱਲਦਿਆਂ ਸਾਲਾਂਬੱਧੀ ਜ਼ਮੀਨ ਆਪਣੇ ਨਾਮ ਹੀ ਨਹੀਂ ਲਗਵਾਉਂਦੇ, ਜੋ ਸਮਾਂ ਬੀਤਣ ਨਾਲ ਬਾਅਦ ਵਿੱਚ ਨਾਮ ਲਗਵਾਉਣੀ ਹੀ ਮੁਸ਼ਕਿਲ ਹੋ ਜਾਂਦੀ ਹੈ।

ਇਸ ਦੇ ਨਾਲ ਹੀ ਜ਼ਮੀਨ ਵੇਚਣ ਸਮੇਂ ਵੀ ਕਿਸਾਨੀ ਕੁਲੈਕਟਰ ਰੇਟ ਤੇ ਬਾਜ਼ਾਰੀ ਕੀਮਤ ਨੂੰ ਲੈ ਕੇ ਭੰਬਲਭੂਸੇ ਵਿੱਚ ਰਹਿੰਦੀ ਹੈ ਤੇ ਇਹ ਭੰਬਲਭੂਸਾ ਉਨ੍ਹਾਂ ਲਈ ਵੱਡੀ ਦਿੱਕਤ ਬਣ ਜਾਂਦਾ ਹੈ। ਜਾਣਕਾਰੀ ਦੀ ਘਾਟ ਤੇ ਆਪਣੇ ਲਾਲਚ ਦੇ ਚੱਲਦਿਆਂ ਕਿਸਾਨੀ ਬਾਜ਼ਾਰੀ ਭਾਅ ਮੁਕਾਬਲੇ ਕੁਲੈਕਟਰ ਭਾਅ ਉਤੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਤਿਆਰ ਹੋ ਜਾਂਦੀ ਹੈ। ਇਹ ਸਭ ਕੁਝ ਉਦੋਂ ਹੁੰਦਾ ਹੈ, ਜਦੋਂ ਰਜਿਸਟਰੀ ਦਾ ਖਰਚਾ ਖਰੀਦਦਾਰ ਖਾਸ ਕਰ ਕੇ ਪ੍ਰਾਪਰਟੀ ਕਾਰੋਬਾਰੀ ਜਾਂ ਵਪਾਰੀ ਵਰਗ ਨੇ ਖੁਦ ਦੇਣਾ ਹੁੰਦਾ ਹੈ, ਕਿਉਂਕਿ ਅੱਜ ਦੇ ਸਮੇਂ ਵਿੱਚ ਕਿਸਾਨੀ ਦੀ ਜ਼ਮੀਨ ਕਿਸਾਨ ਖਰੀਦਣ ਦੀ ਸਥਿਤੀ ਵਿੱਚ ਹੀ ਨਹੀਂ ਹੈ। ਇਸ ਉਪਰੰਤ ਜਦੋਂ ਕਿਸਾਨੀ ਦੀ ਜ਼ਮੀਨ ਐਕਵਾਇਰ ਹੁੰਦੀ ਹੈ ਤੇ ਫਿਰ ਇਸ ਦੇ ਚੱਲਦਿਆਂ ਅਕਸਰ ਗੱਲ ਅੰਦੋਲਨ ਤੱਕ ਚੱਲੀ ਜਾਂਦੀ ਹੈ; ਇਸ ਨਾਲ ਕਈ ਵਾਰ ਆਰਥਿਕ ਦੇ ਨਾਲ-ਨਾਲ ਵੱਡਾ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਜ਼ਮੀਨ ਦੇ ਮਾਮਲੇ ਵਿੱਚ ਹਰ ਧਿਰ ਕਿਤੇ ਨਾ ਕਿਤੇ ਆਪਣੀ ਥਾਂ ਗਲਤ ਹੈ ਤੇ ਸਭਨਾਂ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ। ਜੇ ਅਸੀਂ ਆਪੋ-ਆਪਣੇ ਨਿੱਜੀ ਹਿਤਾਂ ਤੋਂ ਉਪਰ ਉਠ ਜਾਈਏ ਤਾਂ ਨਾ ਸਿਰਫ ਕਿਸਾਨੀ ਸਮੇਤ ਹੋਰਨਾਂ ਧਿਰਾਂ ਸੌਖੀਆਂ ਹੋ ਜਾਣਗੀਆਂ, ਸਗੋਂ ਸ਼ਹਿਰੀ ਸਿਸਟਮ ਵਧੀਆ ਬਨਣ ਦੇ ਨਾਲ ਨਾਲ ਸਮਾਜ ਵਿੱਚੋਂ ਭ੍ਰਿਸ਼ਟਾਚਾਰ ਤੇ ਰਿਸ਼ਵਤ ਰੂਪੀ ਕੋਹੜ ਭਾਵੇਂ ਪੂਰੀ ਤਰ੍ਹਾਂ ਖਤਮ ਨਾ ਹੋ ਸਕੇ, ਪਰ ਘੱਟ ਜ਼ਰੂਰ ਹੋ ਜਾਵੇਗਾ।

# ਕਿਸਾਨ ਆਗੂ ਡੱਲੇਵਾਲ ਦੇ ਹੱਠ, ਸਿਦਕ ਤੇ ਦ੍ਰਿੜਤਾ ਤੋਂ ਸਭ ਹੈਰਾਨ

## ਅਦਬੀ ਸ਼ਖਸ



**ਗੁਰਨਾਮ ਸਿੰਘ ਚੌਹਾਨ**
**ਫੋਨ: +91-94630-37399**

ਮੋਰਚੇ ਨੂੰ ਜਿੱਤਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਐਸ.ਕੇ.ਐਮ. (ਗੈਰ-ਸਿਆਸੀ) ਦੇ ਕਨਵੀਨਰ ਸ. ਜਗਜੀਤ ਸਿੰਘ ਡੱਲੇਵਾਲ ਨੇ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਉਹ ਕੇਂਦਰ ਸਰਕਾਰ ਵੱਲੋਂ ਦਿੱਲੀ ਅੰਦੋਲਨ ਦੌਰਾਨ ਮੰਨੀਆਂ ਮੰਗਾਂ ਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਵਾ ਕੇ ਉਠਣਗੇ ਜਾਂ ਸ਼ਹਾਦਤ ਦੇਣਗੇ। ਅੱਜ ਵੀ ਉਹ ਉਸੇ ਗੱਲ 'ਤੇ ਕਾਇਮ ਹਨ। ਕਿਸਾਨ ਆਗੂ ਦੇ ਹੱਠ, ਸਿਦਕ ਅਤੇ ਦ੍ਰਿੜ੍ਹਤਾ ਨੂੰ ਦੇਖ ਕੇ ਹਰ ਕੋਈ ਹੈਰਾਨ ਹੈ। ਲੋਕ ਢਾਬੀ ਗੁੱਜਰਾਂ ਬਾਰਡਰ 'ਤੇ ਆਪ ਮੁਹਾਰੇ ਪਹੁੰਚ ਕੇ ਮੋਰਚੇ ਦਾ ਸਮਰਥਨ ਦੇ ਰਹੇ ਹਨ। ਦਿੱਲੀ ਦੇ ਮੋਰਚੇ ਵਾਂਗ ਢਾਬੀ ਗੁੱਜਰਾਂ ਮੋਰਚਾ ਵੀ ਵਿਸ਼ਾਲ ਹੋ ਰਿਹਾ ਹੈ। ਕਿਸਾਨ ਹੱਡ ਚੀਰਵੀਂ ਠੰਡ, ਬਰਸਾਤ ਦੀ ਪ੍ਰਵਾਹ ਨਾ ਕਰਦੇ ਬੜੀ ਦਲੇਰੀ ਤੇ ਦ੍ਰਿੜਤਾ ਨਾਲ ਜ਼ਿੰਮੇਵਾਰੀ ਨਿਭਾਅ ਰਹੇ ਹਨ।

ਪਿਛਲੇ ਦਿਨੀਂ ਜਦੋਂ ਕਿਸਾਨ ਆਗੂ ਨੂੰ ਸਟਰੈਚਰ 'ਤੇ ਸਟੇਜ ਉਪਰ ਲਿਆ ਕੇ ਸ਼ੀਸ਼ੇ ਦੇ ਕੈਬਿਨ ਵਿੱਚ ਮੰਜੇ 'ਤੇ ਲਿਟਾਇਆ ਗਿਆ, ਪੰਡਾਲ ਵਿੱਚ ਬੈਠੀਆਂ ਔਰਤਾਂ, ਬੱਚੇ ਅਤੇ ਕਿਸਾਨ ਅੱਖਾਂ ਭਰ ਆਏ, ਤੇ ਸਾਰੇ ਪਾਸੇ ਇਕਦਮ ਸੰਨਾਟਾ ਛਾਅ ਗਿਆ। ਸ਼ਾਮ ਨੂੰ ਕੈਂਡਲ ਮਾਰਚ ਵਿੱਚ ਸ਼ਾਮਿਲ ਲੋਕਾਂ ਦੇ ਮੂੰਹੋਂ ਇਹੀ ਗੱਲ ਨਿਕਲ ਰਹੀ ਸੀ ਕਿ ਕਿਸਾਨ ਆਗੂ ਡੱਲੇਵਾਲ ਵੱਲੋਂ ਸਮੁੱਚੀਆਂ ਕਿਸਾਨ ਜਥੇਬੰਦੀਆਂ, ਭਾਈਚਾਰਿਆਂ, ਧਾਰਮਿਕ, ਸਮਾਜਿਕ ਅਤੇ ਮੁਲਾਜ਼ਮ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠਾ ਹੋਣ ਹੋਣ ਦੀ ਕੀਤੀ ਅਪੀਲ ਸ਼ੁਭ ਸੰਕੇਤ ਹੈ। ਇਸੇ ਦੌਰਾਨ ਲੋਕਾਂ ਦਾ ਕਹਿਣਾ ਸੀ ਕਿ ਜੇ ਨਾ ਜਾਣੇ ਕਿਸਾਨ ਆਗੂ ਨੂੰ ਕੁਝ ਹੋ ਗਿਆ ਤਾਂ ਪਾਟੋਧਾੜ ਦਾ ਸ਼ਿਕਾਰ ਹੋਈਆਂ ਕਿਸਾਨ ਜਥੇਬੰਦੀਆਂ ਲੋਕਾਂ ਨੂੰ ਕੀ ਮੂੰਹ ਦਿਖਾਉਣਗੀਆਂ?

ਇੱਕ ਡਾਕਟਰ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਹੈ ਕਿ ਕਿਸਾਨ ਆਗੂ ਦਾ ਬਲੱਡ ਪ੍ਰੈਸ਼ਰ ਤੇਜ਼ੀ ਨਾਲ ਉਤਰਾਅ-ਚੜ੍ਹਾਅ ਕਰ ਰਿਹਾ ਹੈ, ਉਨ੍ਹਾਂ ਨੂੰ ਸਟੇਜ 'ਤੇ ਬੜੀ ਸਾਵਧਾਨੀ ਨਾਲ ਲਿਆਂਦਾ ਗਿਆ ਸੀ, ਕਿਉਂਕਿ ਉਨ੍ਹਾਂ ਨੂੰ ਵਾਇਰਲ ਇਨਫੈਕਸ਼ਨ ਦਾ ਖ਼ਤਰਾ ਹੈ। ਉਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਗਿਆ ਹੈ।

ਸ. ਡੱਲੇਵਾਲ ਵੱਲੋਂ ਇਹ ਵੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਦਿੱਲੀ ਕਿਸਾਨ ਅੰਦੋਲਨ ਦੌਰਾਨ ਜਦੋਂ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਉਪਰੰਤ ਮੋਰਚਾ ਖਤਮ ਕਰਨ ਦੇ ਐਲਾਨ ਮਗਰੋਂ ਕਈ ਹੋਰ ਰਾਜਾਂ ਤੋਂ ਆਏ ਹਮਰੁਤਬਾ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੇ ਐਮ.ਐਸ.ਪੀ. ਦੀ ਗਾਰੰਟੀ ਦੇਣ ਵਾਲੇ ਕਾਨੂੰਨ ਵਰਗੀਆਂ ਹੋਰ ਮੰਗਾਂ ਨੂੰ ਪੂਰਾ ਕੀਤੇ ਬਿਨਾ ਅੰਦੋਲਨ ਨੂੰ ਅੱਧ ਵਿਚਾਲੇ ਛੱਡ ਦਿੱਤਾ ਹੈ। ਹੁਣ ਉਨ੍ਹਾਂ ਵੱਲੋਂ ਉਨ੍ਹਾਂ ਦੀ ਸ਼ਿਕਾਇਤ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਐਸ.ਕੇ.ਐਮ. (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ (ਕੇ.ਐਮ.ਐਮ.) ਦੀ ਤਰਫੋਂ ਸ. ਡੱਲੇਵਾਲ ਦੁਆਰਾ ਦਸਤਖਤ ਵਾਲਾ ਪੱਤਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜਿਆ ਗਿਆ ਹੈ। ਪੱਤਰ ਵਿੱਚ ਸ. ਡੱਲੇਵਾਲ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਆਪਣਾ ਮਰਨ ਵਰਤ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਸਮੇਤ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਹੋਣ ਤੋਂ ਬਾਅਦ ਹੀ ਖਤਮ ਕਰਨਗੇ ਜਾਂ ਉਹ ਮੋਰਚੇ ਵਾਲੀ ਥਾਂ 'ਤੇ ਹੀ ਮਰਨਗੇ। ਪ੍ਰਧਾਨ ਮੰਤਰੀ ਨੂੰ ਇਹ ਫ਼ੈਸਲਾ ਕਰਨ ਲਈ ਵੀ ਕਿਹਾ ਕਿ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਦੀਆਂ ਭਾਵਨਾਵਾਂ ਦਾ ਸਨਮਾਨ ਕਰਨ ਲਈ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾਉ ਜਾਂ ਮੇਰੀ ਕੁਰਬਾਨੀ ਦਾ ਇੰਤਜ਼ਾਰ ਕਰੋ।

ਹਰਿਆਣਾ ਦੇ ਪਿੰਡ ਘਮੇੜੀ ਜ਼ਿਲ੍ਹਾ ਕੈਥਲ ਦੇ ਕਿਸਾਨ ਵੱਲੋਂ ਦੋ ਟਰਾਲੀਆਂ ਸੁੱਕੇ ਬਾਲਣ ਦੀਆਂ ਲੈ ਆਉਣ 'ਤੇ ਬੀ.ਕੇ.ਯੂ. ਏਕਤਾ ਪੰਜਾਬ ਦੇ ਆਗੂ ਯਾਦਵਿੰਦਰ ਸਿੰਘ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਹਰਿਆਣਾ ਦੇ ਕਿਸਾਨ ਆਪਣੇ ਵੱਡੇ ਭਰਾ ਪੰਜਾਬ ਵੱਲੋਂ ਲੜੇ ਜਾ ਰਹੇ ਕਿਰਸਾਨੀ ਘੋਲ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਬਰਸਾਤ 'ਚ ਬਾਲਣ ਗਿੱਲਾ ਹੋ ਜਾਣ ਕਰਕੇ ਕੁਝ ਮੁਸ਼ਕਿਲ ਆ ਰਹੀ ਸੀ, ਹਰਿਆਣਾ ਵਾਸੀਆਂ ਨੇ ਉਹ ਸਮੱਸਿਆ ਦਾ ਹੱਲ ਕਰ ਦਿੱਤਾ ਹੈ, ਕਿਉਂਕਿ ਲੰਗਰ ਬਣਾਉਣ ਅਤੇ ਹੱਡ ਚੀਰਵੀਂ ਠੰਡ ਵਿੱਚ ਰਾਤ ਨੂੰ ਪਹਿਰਾ ਦਿੰਦੇ ਵਾਲੰਟੀਅਰਾਂ ਨੂੰ ਧੂਣੀਆਂ ਬਾਲ ਕੇ ਬੈਠਣਾ ਪੈਂਦਾ ਹੈ।

ਭੁੱਲਰ ਭਾਈਚਾਰਾ ਕਮੇਟੀ ਪੰਜਾਬ ਨੇ ਪ੍ਰਧਾਨ ਬਲਦੇਵ ਸਿੰਘ ਭੁੱਲਰ ਅਤੇ ਮੀਤ ਪ੍ਰਧਾਨ ਚਰਨਜੀਤ ਸਿੰਘ ਭੁੱਲਰ, ਰਾਜਵਿੰਦਰ ਸਿੰਘ ਭੁੱਲਰ ਬੁਗਰਾ, ਸਾਧੂ ਸਿੰਘ ਭੁੱਲਰ ਮਾਨਸਾ ਅਤੇ ਅੰਗਰੇਜ਼ ਸਿੰਘ ਭੁੱਲਰ ਦੀ ਅਗਵਾਈ ਵਿੱਚ ਭੁੱਲਰ ਭਾਈਚਾਰਾ ਦੋ ਬੱਸਾਂ ਲੈ ਕੇ ਉਕਤ ਬਾਰਡਰ 'ਤੇ ਪਹੁੰਚਿਆ। ਉਨ੍ਹਾਂ ਕਿਸਾਨ ਆਗੂ ਦਾ ਪਤਾ ਲੈਣ ਉਪਰੰਤ ਹਰ ਤਰ੍ਹਾਂ ਦੀ ਮਦਦ ਕਰਨ ਦਾ ਪ੍ਰਬੰਧਕਾਂ ਨੂੰ ਭਰੋਸਾ ਦਵਾਇਆ ਹੈ। ਉਨ੍ਹਾਂ ਕਿਹਾ ਹੈ, ਜੇਕਰ ਸ. ਡੱਲੇਵਾਲ ਨੂੰ ਕੁਝ ਹੋ ਗਿਆ ਤਾਂ ਕੇਂਦਰ ਤੇ ਪੰਜਾਬ ਸਰਕਾਰ ਦੇ ਨਾਲ ਨਾਲ ਕਿਸਾਨ ਜਥੇਬੰਦੀਆਂ ਵੀ ਜ਼ਿੰਮੇਵਾਰ ਹੋਣਗੀਆਂ।

## *ਢਾਬੀ ਗੁੱਜਰਾਂ ਬਾਰਡਰ 'ਤੇ ਠੰਢ ਤੋਂ ਬਚਣ ਲਈ ਕਿਸਾਨ ਵਰਤ ਰਹੇ ਨੇ ਆਧੁਨਿਕ ਯੰਤਰ*

ਢਾਬੀ ਗੁੱਜਰਾਂ ਬਾਰਡਰ 'ਤੇ ਕੇਂਦਰ ਸਰਕਾਰ ਵੱਲੋਂ ਦਿੱਲੀ ਅੰਦੋਲਨ ਦੌਰਾਨ ਮੰਨੀਆਂ ਗਈਆਂ ਮੰਗਾਂ ਅਤੇ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਵਾਉਣ ਲਈ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਸੁਰੱਖਿਆ ਘੇਰੇ ਨੂੰ ਮਜ਼ਬੂਤ ਕਰਨ ਅਤੇ ਰਾਤ ਸਮੇਂ ਕਿਸਾਨਾਂ ਨੂੰ ਹੱਡ ਚੀਰਵੀਂ ਠੰਢ ਤੋਂ ਬਚਾਉਣ ਲਈ ਨਿੱਘ ਦੇਣ ਵਾਲਾ ਇੱਕ ਆਧੁਨਿਕ ਯੰਤਰ ਵਰਤਿਆ ਜਾ ਹੈ। ਇਹ ਯੰਤਰ ਇੰਨੀ ਗਰਮੀ ਪੈਦਾ ਕਰਦਾ ਹੈ ਕਿ ਇਸ ਦੇ ਚਲਦਿਆਂ ਪੰਜ-ਪੰਜ ਮੀਟਰ ਦੂਰੀ ਤੱਕ ਠੰਢ ਨਹੀਂ ਲੱਗਦੀ। ਰਾਤ ਨੂੰ ਕਿਸਾਨ ਸਟੇਜ ਵਾਲੀ ਥਾਂ 'ਤੇ ਪੰਡਾਲ ਵਿੱਚ ਆਸਾਨੀ ਨਾਲ ਸੁੱਤੇ ਰਹਿੰਦੇ ਹਨ।

ਕਿਸਾਨਾਂ ਨੇ ਦੱਸਿਆ ਹੈ ਕਿ ਇਹ ਯੰਤਰ ਗੈਸ ਸਿਲੰਡਰ 'ਤੇ ਚਲਦਾ ਹੈ। ਇਸ 'ਚ ਇੱਕ ਵੱਡੀ ਪਾਇਪ ਉਤੇ ਬਰਨਰ ਫਿੱਟ ਕਰਕੇ ਸੇਕ ਨੂੰ ਉਪਰ ਜਾਣ ਤੋਂ ਰੋਕਣ ਲਈ ਇੱਕ ਤਵੀ ਲਾਈ ਹੋਈ ਹੈ, ਜਿਸ ਕਾਰਨ ਸੇਕ ਦੂਰ ਦੂਰ ਤੱਕ ਫੈਲਦਾ ਹੈ ਤੇ ਕਿਸਾਨਾਂ ਨੂੰ ਠੰਢ ਨਹੀਂ ਲੱਗਦੀ। ਇਸ ਤਵੀ ਕਾਰਨ ਇਹ ਖੁੰਬ ਵਾਂਗ ਦਿਖਾਈ ਦਿੰਦਾ ਹੈ ਤੇ ਇਸੇ ਕਾਰਨ ਇਸ ਨੂੰ 'ਮਸ਼ਰੂਮ ਗੈਸ ਹੀਟਰ' ਆਖਿਆ ਜਾਂਦਾ ਹੈ। ਉਂਝ ਇਸ ਨੂੰ ਖੁੱਲ੍ਹੀਆਂ ਥਾਵਾਂ 'ਤੇ ਹੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਦੇ ਚਲਦਿਆਂ ਰਾਤ ਨੂੰ ਪਹਿਰਾ ਦੇ ਰਹੇ ਕਿਸਾਨਾਂ ਨੂੰ ਧੂਣੀਆਂ ਆਦਿ ਲਾਉਣ ਦੀ ਲੋੜ ਨਹੀਂ ਪੈਂਦੀ ਤੇ ਸਾਰੀ ਰਾਤ ਉਤੇ ਕੱਪੜਾ ਲੈ ਕੇ ਬੈਠੇ ਤੇ ਪਏ ਰਹਿੰਦੇ ਹਨ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਅਣਗੌਲਿਆਂ ਕੀਤੇ ਜਾਣ 'ਤੇ ਉਹ 11 ਮਹੀਨਿਆਂ ਤੋਂ ਬਾਰਡਰ 'ਤੇ ਕਹਿਰਾਂ ਦੀ ਗਰਮੀ ਅਤੇ ਹੱਡ ਚੀਰਵੀਂ ਠੰਢ ਦਾ ਟਾਕਰਾ ਕਰ ਰਹੇ ਹਨ। ਇਸ ਦੌਰਾਨ ਮਰਨ ਵਰਤ ਉਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਕਾਰਨ ਉਨ੍ਹਾਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। ਇਸੇ ਦੌਰਾਨ ਪੰਡਾਲ ਵਿੱਚ ਬੈਠੇ 9-10 ਸਾਲ ਦੇ ਸੁਖਮਨ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦਾ (ਬਾਪੂ) ਕਿਸਾਨ ਆਗੂ ਮਰਨ ਵਰਤ 'ਤੇ ਬੈਠਾ ਹੈ, ਹੁਣ ਉਹ ਜਿੱਤ ਦੇ ਝੰਡੇ ਗੱਡ ਕੇ ਹੀ ਘਰਾਂ ਨੂੰ ਜਾਣਗੇ, ਇਹ ਠੰਡ-ਗਰਮੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ।

ਦੂਸਰੇ ਪਾਸੇ ਕਿਸਾਨ ਠੰਡ ਦੀ ਪਰਵਾਹ ਨਾ ਕਰਦੇ ਹੋਏ ਪ੍ਰਸ਼ਾਦੇ ਅਤੇ ਚਾਹ ਆਦਿ ਵਰਤਾਉਂਦੇ ਆਮ ਦੀ ਤਰ੍ਹਾਂ ਡਿਊਟੀ ਕਰ ਰਹੇ ਸਨ। ਕੁਝ ਕਿਸਾਨ ਬਾਰਡਰ 'ਤੇ ਆਰਜੀ ਤੌਰ 'ਤੇ ਬਣਾਏ ਰੈਣ ਬਸੇਰਿਆਂ, ਝੁੱਗੀਆਂ ਚੋਪੜੀਆਂ 'ਚ ਸਿਦਕ, ਸਬਰ ਤੇ ਸਿਰੜ ਦੀ ਲੜਾਈ ਲੜਦੇ ਮੰਗਾਂ ਮੰਨੇ ਜਾਣ ਅਤੇ ਵਾਅਦੇ ਪੂਰੇ ਹੋਣ ਦੀ ਉਡੀਕ ਕਰਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਤੇ ਮੋਰਚੇ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕਰ ਰਹੇ ਹਨ।

ਇਸੇ ਦੌਰਾਨ ਕਿਸਾਨ ਆਗੂ ਮਨਜੀਤ ਸਿੰਘ ਨਿਆਲ, ਯਾਦਵਿੰਦਰ ਸਿੰਘ ਬੁਰੜ ਰਾਜ ਸਿੰਘ ਥੇੜੀ ਅਤੇ ਦਲਬਾਗ ਸਿੰਘ ਹਰੀਗੜ੍ਹ ਨੇ ਦੱਸਿਆ ਹੈ ਕਿ ਕਿਸਾਨ ਕੁਦਰਤੀ ਆਫਤਾਂ, ਸਰਕਾਰ ਦੇ ਜ਼ਬਰ ਜ਼ੁਲਮ ਨੂੰ ਆਪਣੇ ਪਿੰਡੇ 'ਤੇ ਹੰਡਾਅ ਕੇ ਵੀ ਅਕਾਲ ਪੁਰਖ ਦਾ ਸ਼ੁਕਰ ਕਰਦਾ ਹੈ। ਇਸੇ ਕਰਕੇ ਇਸ ਨੂੰ ਅੰਨਦਾਤੇ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਉਹ ਕਿਸਾਨਾਂ ਦੇ ਸਿਦਕ ਦਾ ਇਮਤਿਹਾਨ ਲੈਣ ਦੀ ਥਾਂ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਅਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਬਚਾਉਣ ਦੀ ਕੋਸ਼ਿਸ਼ ਕਰੇ। ਜੇ ਉਨ੍ਹਾਂ ਨੂੰ ਕੁਝ ਹੋ ਗਿਆ ਤਾਂ ਮੱਥੇ 'ਤੇ ਲੱਗਿਆ ਕਾਲਖ ਦਾ ਟਿੱਕਾ ਕਦੇ ਨਹੀਂ ਉਤਰੇਗਾ।

ਮਾਂ ਗੁਜਰੀ ਦੇ ਚੰਨ, ਸਰਬੰਸ ਵਾਰਨ
ਵਾਲੇ ਖਾਲਸਾ ਪੰਥ ਦੇ ਬਾਨੀ

# ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਦੀ
ਸਮੂਹ ਸੰਗਤ ਨੂੰ

# ਲੱਖ ਲੱਖ ਵਧਾਈ



# ਨਵਾਂ ਸਾਲ 2025 ਮੁਬਾਰਕ

# Happy New Year



ਸੰਸਥਾ ਦੇ 'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ



*ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸਾਲ 2025 ਸਾਰਿਆਂ ਲਈ ਭਾਗਾਂ ਭਰਿਆ ਹੋਵੇ ਅਤੇ ਖ਼ੁਸ਼ੀਆਂ-ਖੇੜਿਆਂ ਦੀਆਂ ਰਹਿਮਤਾਂ ਨਾਲ ਨਿਵਾਜੇ*

## ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ

# ਇੱਕ ਸੁਨਹਿਰੀ ਯੁਗ ਦਾ ਅੰਤ

# ਸਰਦਾਰ ਮਨਮੋਹਨ ਸਿੰਘ



■ ਬਰਾਕ ਓਬਾਮਾ, ਡਾ. ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਗੁਰਸ਼ਰਨ ਕੌਰ

*ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਉਸਦੇ ਉਦੋਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਡਾ. ਮਨਮੋਹਨ ਸਿੰਘ ਦਾ ਰੈਡ ਕਾਰਪੈਟ ਨਾਲ ਸਵਾਗਤ ਕਰਦੇ ਸਨ ਅਤੇ ਉਨ੍ਹਾਂ ਤੋਂ ਅਗਵਾਈ ਲੈਂਦੇ ਰਹੇ ਹਨ, ਪਰ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਸਿਆਸਤਦਾਨਾਂ ਨੇ ਆਪਣੇ ਨਿੱਜੀ ਮੁਫਾਦ ਕਰਕੇ ਬਣਦਾ ਸਤਿਕਾਰ ਨਹੀਂ ਦਿੱਤਾ।*

**ਸ਼ਰਧਾਂਜਲੀ**

**ਉਜਾਗਰ ਸਿੰਘ**
**ਫੋਨ: 91-9417813072**



ਡਾ. ਮਨਮੋਹਨ ਸਿੰਘ ਦੇ ਤੁਰ ਜਾਣ ਨਾਲ ਇੱਕ ਯੁਗ ਦਾ ਅੰਤ ਹੋ ਗਿਆ। ਉਹ ਕਰਮਯੋਗੀ ਸਨ, ਜਿਨ੍ਹਾਂ ਸਾਰੀ ਉਮਰ ਸਾਦਗੀ ਦਾ ਪੱਲਾ ਨਹੀਂ ਛੱਡਿਆ। ਸੰਸਾਰ ਵਿੱਚ ਸਭ ਤੋਂ ਵੱਧ ਇਮਾਨਦਾਰੀ, ਕਾਬਲੀਅਤ ਅਤੇ ਸਾਦਗੀ ਦੇ ਪ੍ਰਤੀਕ ਦੇ ਤੌਰ 'ਤੇ ਸਤਿਕਾਰੇ ਜਾਣ ਵਾਲੇ ਇਨਸਾਨ, ਜੋ ਭਾਰਤ ਦੀ ਸਿਆਸਤ ਵਿਚ ਇਮਾਨਦਾਰੀ ਦਾ ਧਰੂ ਤਾਰਾ ਕਰਕੇ ਜਾਣੇ ਜਾਂਦੇ ਸਨ, ਡਾ. ਮਨਮੋਹਨ ਸਿੰਘ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਸੰਸਾਰ ਵਿਚ ਇਮਾਨਦਾਰੀ ਦੇ ਪ੍ਰਤੀਕ ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਆਰਥਿਕ ਮਾਹਿਰ ਸਿਆਸਤਦਾਨਾਂ ਲਈ ਰਾਹ ਦਸੇਰਾ ਬਣ ਕੇ ਵਿਚਰਦੇ ਰਹੇ। ਭਾਰਤ ਦੇ ਭ੍ਰਿਸ਼ਟ ਨਿਜ਼ਾਮ ਵਿਚ ਡਾ. ਮਨਮੋਹਨ ਸਿੰਘ ਆਪਣੀ ਕਾਬਲੀਅਤ, ਇਮਾਨਦਾਰੀ, ਦਿਆਨਤਦਾਰੀ, ਸੰਵੇਦਨਸ਼ੀਲਤਾ, ਸ਼ਹਿਨਸ਼ੀਲਤਾ ਅਤੇ ਸਾਦਗੀ ਕਰਕੇ ਦਿਨ ਨੂੰ ਸੂਰਜ ਦੀ ਤਰ੍ਹਾਂ ਅਤੇ ਰਾਤ ਨੂੰ ਧਰੂ ਤਾਰੇ ਦੀ ਤਰ੍ਹਾਂ ਚਮਕਦੇ ਰਹੇ ਹਨ। ਭਾਵੇਂ ਭਾਰਤੀ ਪਰਜਾਤੰਤਰ ਨੇ ਉਨ੍ਹਾਂ ਦੀ ਕਾਬਲੀਅਤ ਦਾ ਆਪਣੀ ਲੋੜ ਅਨੁਸਾਰ ਲਾਭ ਤਾਂ ਉਠਾ ਲਿਆ, ਪਰ ਉਨ੍ਹਾਂ ਨੂੰ ਬਣਦੀ ਇੱਜ਼ਤ ਤੇ ਮਾਣ ਨਹੀਂ ਦਿੱਤਾ। 1991 ਵਿਚ ਦੇਸ਼ ਦੀ ਆਰਥਕ ਤੌਰ 'ਤੇ ਡੁੱਬਦੀ ਬੇੜੀ ਨੂੰ ਪਾਰ ਲੰਘਾਉਣ ਵਾਲੇ ਡਾ. ਮਨਮੋਹਨ ਸਿੰਘ ਨੂੰ ਕਾਂਗਰਸ ਪਾਰਟੀ ਨੇ ਇਕ ਵਾਰ ਤਾਂ ਛੱਜ ਵਿਚ ਪਾ ਕੇ ਛੱਟ ਦਿੱਤਾ ਸੀ, ਪਰ ਮੁੜ ਕੇ ਫਿਰ ਕਾਂਗਰਸ ਪਾਰਟੀ ਨੂੰ ਡਾ. ਮਨਮੋਹਨ ਸਿੰਘ ਦਾ ਸਹਾਰਾ ਲੈਣਾ ਪਿਆ। ਡਾ. ਸਿੰਘ ਨੇ ਹੀ ਕਾਂਗਰਸ ਪਾਰਟੀ ਦੀ ਬੇੜੀ ਪਾਰ ਕੀਤੀ।

2004 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਜਦੋਂ ਸੋਨੀਆਂ ਗਾਂਧੀ ਦਾ ਵਿਦੇਸ਼ੀ ਹੋਣ ਦਾ ਮੁੱਦਾ ਜ਼ੋਰਾਂ 'ਤੇ ਸੀ ਤਾਂ ਉਨ੍ਹਾਂ ਨੇ ਮਜ਼ਬੂਰੀ ਵਸ ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ, ਕਾਬਲੀਅਤ ਅਤੇ ਦਿਆਨਤਦਾਰੀ ਨੂੰ ਮੁੱਖ ਰੱਖ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਕਰਕੇ ਉਨ੍ਹਾਂ ਦੇ ਸਿਰ 'ਤੇ ਪ੍ਰਧਾਨ ਮੰਤਰੀ ਦਾ ਤਾਜ ਰੱਖਿਆ। ਡਾ. ਮਨਮੋਹਨ ਸਿੰਘ ਨੇ ਆਪਣੀ ਯੋਗਤਾ ਦੀ ਛਾਪ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਮਾਣ ਵਧਾਇਆ ਅਤੇ ਦੇਸ਼ ਦਾ ਰਾਜ ਭਾਗ ਸਫਲਤਾ ਨਾਲ ਚਲਾਇਆ, ਜਿਸ ਕਰਕੇ ਦੁਨੀਆਂ ਵਿਚ ਭਾਰਤ ਦੀ ਅਤੇ ਡਾ. ਮਨਮੋਹਨ ਸਿੰਘ ਦੀ ਤੂਤੀ ਬੋਲਣ ਲੱਗ ਪਈ। ਘੱਟ ਗਿਣਤੀ ਦੀ ਮਿਲੀਜੁਲੀ ਸਰਕਾਰ ਨੂੰ ਬਾਖ਼ੂਬੀ ਚਲਾਉਣ ਦਾ ਸਿਹਰਾ ਵੀ ਡਾ. ਮਨਮੋਹਨ ਸਿੰਘ ਨੂੰ ਹੀ ਜਾਂਦਾ ਹੈ।

ਸਾਲ 2009 ਦੀਆਂ ਲੋਕ ਸਭਾ ਚੋਣਾਂ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਲੜੀਆਂ ਗਈਆਂ, ਜਿਸ ਕਰਕੇ ਦੂਜੀ ਵਾਰ ਕਾਂਗਰਸ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਸਫਲ ਹੋਈ। ਕਾਂਗਰਸ ਦੀਆਂ ਭਾਈਵਾਲ ਪਾਰਟੀਆਂ ਨੇ ਮਨਮਰਜ਼ੀ ਕਰਦਿਆਂ ਕੇਂਦਰ ਸਰਕਾਰ ਦਾ ਅਕਸ ਡਾ. ਮਨਮੋਹਨ ਸਿੰਘ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਖ਼ਰਾਬ ਕੀਤਾ। ਇਸ ਵਿਚ ਡਾ. ਮਨਮੋਹਨ ਸਿੰਘ ਦਾ ਕੋਈ ਕਸੂਰ ਨਹੀਂ ਸੀ, ਇਹ ਸਾਂਝੀ ਸਰਕਾਰ ਦੀਆਂ ਮਜ਼ਬੂਰੀਆਂ ਸਨ। ਇਹ ਡਾ. ਮਨਮੋਹਨ ਸਿੰਘ ਹੀ ਸੀ, ਜਿਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਦਾ ਸਾਹਮਣਾ ਕਰਨ ਵਾਲੇ ਮੰਤਰੀਆਂ ਦੀ ਛਾਂਟੀ ਕੀਤੀ, ਭਾਵੇਂ ਉਨ੍ਹਾਂ ਨੂੰ ਪਤਾ ਸੀ ਕਿ ਸਰਕਾਰ ਦੀ ਹੋਂਦ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ ਦਾ ਸਿੱਕਾ ਅਜੇ ਤੱਕ ਵੀ ਸਾਰਾ ਸੰਸਾਰ ਮੰਨਦਾ ਹੈ। ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਉਸਦੇ ਉਦੋਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਡਾ. ਮਨਮੋਹਨ ਸਿੰਘ ਦਾ ਰੈਡ ਕਾਰਪੈਟ ਨਾਲ ਸਵਾਗਤ ਕਰਦੇ ਸਨ ਅਤੇ ਉਨ੍ਹਾਂ ਤੋਂ ਅਗਵਾਈ ਲੈਂਦੇ ਰਹੇ ਹਨ, ਪਰ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਸਿਆਸਤਦਾਨਾਂ ਨੇ ਆਪਣੇ ਨਿੱਜੀ ਮੁਫਾਦ ਕਰਕੇ ਬਣਦਾ ਸਤਿਕਾਰ ਨਹੀਂ ਦਿੱਤਾ। ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਣ ਤੋਂ ਭਾਰਤੀ ਸਿਆਸਤਦਾਨ ਵੀ ਰੋਕ ਨਹੀਂ ਸਕਣਗੇ। ਯੂ.ਪੀ.ਏ. ਨੇ ਆਪਣੀਆਂ ਅਸਫਲਤਾਵਾਂ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਇਤਨਾ ਸਾਧਾਰਨ ਤੇ ਸਾਦਾ ਜੀਵਨ ਬਤੀਤ ਕਰਨ ਵਾਲਾ ਪ੍ਰਧਾਨ ਮੰਤਰੀ ਦੁਨੀਆਂ ਵਿਚ ਕੋਈ ਹੋ ਹੀ ਨਹੀਂ ਸਕਦਾ।

ਡਾ. ਮਨਮੋਹਨ ਸਿੰਘ ਦਾ ਜਨਮ ਪਾਕਿਸਤਾਨ ਦੇ ਗਾਹ ਪਿੰਡ ਵਿੱਚ ਸ. ਗੁਰਮੁਖ ਸਿੰਘ ਅਤੇ ਸ਼੍ਰੀਮਤੀ ਅੰਮ੍ਰਿਤ ਕੌਰ ਦੇ ਘਰ 26 ਸਤੰਬਰ 1932 ਨੂੰ ਹੋਇਆ ਸੀ। ਬਚਪਨ ਵਿੱਚ ਹੀ ਉਨ੍ਹਾਂ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੀ ਨਾਨੀ ਨੇ ਹੀ ਕੀਤਾ। ਉਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਪਾਕਿਸਤਾਨ ਵਾਲੇ ਪੰਜਾਬ ਵਿੱਚ ਹੀ ਕੀਤੀ। ਦੇਸ਼ ਦੀ ਵੰਡ ਸਮੇਂ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਵਿੱਚ ਆ ਕੇ ਰਹਿਣ ਲੱਗ ਪਿਆ। ਬੀ.ਏ. ਉਨ੍ਹਾਂ ਨੇ ਹਿੰਦੂ ਕਾਲਜ ਤੋਂ 1952 ਵਿੱਚ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਐਮ.ਏ. ਅਰਥ ਸ਼ਾਸ਼ਤਰ ਦੀ ਆਨਰਜ਼ ਵੀ ਪੰਜਾਬ ਯੂਨੀਵਰਸਿਟੀ ਤੋਂ 1954 ਵਿੱਚ ਕੀਤੀ। ਉਦੋਂ ਪੰਜਾਬ ਯੂਨੀਵਰਸਿਟੀ ਹੁਸ਼ਿਆਰਪੁਰ ਵਿੱਚ ਹੁੰਦੀ ਸੀ। ਉਹ ਹਰ ਇਮਤਿਹਾਨ ਵਿੱਚ ਕਲਾਸ ਵਿੱਚੋਂ ਪਹਿਲੇ ਨੰਬਰ 'ਤੇ ਹੀ ਆਉਂਦੇ ਸਨ। ਫਿਰ ਉਨ੍ਹਾਂ ਨੇ ਉਚ ਵਿਦਿਆ ਲਈ ਯੂਨੀਵਰਸਿਟੀ ਆਫ਼ ਕੈਂਬਰਿਜ ਦੇ ਸੇਂਟ ਜਾਹਨਜ ਕਾਲਜ ਵਿੱਚ ਦਾਖਲਾ ਲੈ ਲਿਆ। ਇਸ ਤੋਂ ਬਾਅਦ ਯੂਨੀਵਰਸਿਟੀ ਆਫ਼ ਆਕਸਫੋਰਡ ਦੇ ਨੂਈਫਡ ਕਾਲਜ ਵਿੱਚ ਦਾਖਲਾ ਲਿਆ, ਜਿੱਥੋਂ 1962 ਵਿੱਚ ਪੜ੍ਹਾਈ ਖਤਮ ਕੀਤੀ। ਉਨ੍ਹਾਂ ਨੂੰ ਉਪਰੋਕਤ ਯੂਨੀਵਰਸਿਟੀਆਂ ਨੇ ਸਕਾਲਰਸ਼ਿਪ ਦੇ ਕੇ ਪੜ੍ਹਾਇਆ। ਉਨ੍ਹਾਂ ਨੇ ਆਪਣੀ ਪੀਐਚ.ਡੀ. ਇੰਡੀਅਨ ਐਕਸਪੋਰਟ ਪਰਫਾਰਮੈਂਸ 1951-60 'ਐਕਸਪੋਰਟ ਪ੍ਰਾਸਪੈਕਟਸ ਐਂਡ ਪਾਲਿਸੀ ਇੰਪਲੀਕੇਸ਼ਨਜ' ਵਿਸ਼ੇ 'ਤੇ ਕੀਤੀ। ਉਨ੍ਹਾਂ ਨੇ ਇੱਕ ਪੁਸਤਕ 'ਇੰਡੀਆਜ਼ ਐਕਸਪੋਰਟ ਟਰੈਂਡਜ਼ ਐਂਡ ਪਰਾਸਪੈਕਟਸ ਫਾਰ ਸੈਲਫ ਸਸਟੇਂਡ ਗਰੋਥ' ਲਿਖੀ, ਜੋ ਕਿ ਉਨ੍ਹਾਂ ਦੇ ਪੀਐਚ.ਡੀ. ਥੀਸਜ਼ 'ਤੇ ਹੀ ਆਧਾਰਤ ਹੈ।

ਡਾ. ਮਨਮੋਹਨ ਸਿੰਘ ਦਿੱਲੀ ਯੂਨੀਵਰਸਿਟੀ ਵਿੱਚ 1957 ਤੋਂ 59 ਤੱਕ ਅਰਥ ਸ਼ਾਸ਼ਤਰ ਦੇ ਸੀਨੀਅਰ ਲੈਕਚਰਾਰ, 1959 ਤੋਂ 63 ਤੱਕ ਰੀਡਰ ਅਤੇ 1965 ਤੋਂ 67 ਤੱਕ ਪ੍ਰੋਫੈਸਰ ਰਹੇ। ਇਸ ਤੋਂ ਬਾਅਦ 1969 ਤੋਂ 71 ਤੱਕ ਪ੍ਰੋਫੈਸਰ ਇੰਟਰਨੈਸ਼ਨਲ ਟਰੇਡ ਰਹੇ। ਉਹ 1966 ਤੋਂ 69 ਤੱਕ ਯੂਨਾਈਟਡ ਨੇਸ਼ਨਜ਼ ਕਾਨਫਰੰਸ ਆਨ ਟਰੇਡ ਐਂਡ ਡਿਵੈਲਪਮੈਂਟ ਵਿੱਚ ਵੀ ਕੰਮ ਕਰਦੇ ਰਹੇ। ਇਕ ਵਾਰ ਉਹ ਜਹਾਜ਼ ਵਿੱਚ ਜਾ ਰਹੇ ਸਨ ਤਾਂ ਉਨ੍ਹਾਂ ਦੀ ਮੁਲਾਕਾਤ ਉਦੋਂ ਦੇ ਭਾਰਤ ਦੇ ਵਿਦੇਸ਼ ਮੰਤਰੀ ਲਲਿਤ ਨਰਾਇਣ ਮਿਸ਼ਰਾ ਨਾਲ ਹੋ ਗਈ। ਸ੍ਰੀ ਮਿਸ਼ਰਾ ਡਾ. ਮਨਮੋਹਨ ਸਿੰਘ ਨਾਲ ਹੋਈ ਗੱਲਬਾਤ ਤੋਂ ਏਨੇ ਪ੍ਰਭਾਵਤ ਹੋਏ ਤਾਂ ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਨੂੰ 1982 ਵਿੱਚ ਆਪਣੇ ਵਿਦੇਸ਼ ਮੰਤਰਾਲੇ ਵਿੱਚ ਸਲਾਹਕਾਰ ਨਿਯੁਕਤ ਕਰ ਲਿਆ। ਇਸ ਨਿਯੁਕਤੀ ਤੋਂ ਬਾਅਦ ਉਨ੍ਹਾਂ ਨੂੰ ਰਿਜਰਵ ਬੈਂਕ ਆਫ਼ ਇੰਡੀਆ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ, ਜਿਸ ਅਹੁਦੇ 'ਤੇ ਉਹ 1985 ਤੱਕ ਰਹੇ। ਉਨ੍ਹਾਂ ਦੀ ਕਾਬਲੀਅਤ ਦੀ ਧਾਂਕ ਚਾਰੇ ਪਾਸੇ ਫੈਲ ਗਈ, ਤਦ ਉਨ੍ਹਾਂ ਨੂੰ ਭਾਰਤ ਦੇ ਯੋਜਨਾ ਕਮਿਸ਼ਨ ਦਾ ਉਪ ਚੇਅਰਮੈਨ ਲਗਾ ਦਿੱਤਾ ਗਿਆ, ਕਿਉਂਕਿ ਕਮਿਸ਼ਨ ਦਾ ਚੇਅਰਮੈਨ ਤਾਂ ਹਮੇਸ਼ਾ ਪ੍ਰਧਾਨ ਮੰਤਰੀ ਹੀ ਹੁੰਦਾ ਹੈ। ਉਹ ਇਸ ਅਹੁਦੇ 'ਤੇ 1987 ਤੱਕ ਰਹੇ। ਆਰਥਿਕ ਪਾਲਿਸੀ 'ਤੇ ਇੱਕ ਅਜ਼ਾਦ ਥਿੰਕ ਟੈਂਕ ਸਾਊਥ ਕਮਿਸ਼ਨ ਹੈ, ਜਿਸਦਾ ਹੈਡਕਵਾਰਟਰ ਸਵਿਟਜ਼ਰਲੈਂਡ ਦੇ ਜਨੇਵਾ ਸ਼ਹਿਰ ਵਿਚ ਹੀ ਹੁੰਦਾ ਹੈ। ਡਾ. ਮਨਮੋਹਨ ਸਿੰਘ ਨੂੰ ਇਸ ਦਾ ਜਨਰਲ ਸਕੱਤਰ ਬਣਾਇਆ ਗਿਆ ਤੇ ਉਨ੍ਹਾਂ ਨੇ 87 ਤੋਂ 90 ਤੱਕ ਉਸ ਵਿੱਚ ਕੰਮ ਕੀਤਾ।

ਜਦੋਂ ਉਨ੍ਹਾਂ ਦੀ ਕਾਬਲੀਅਤ ਦੀ ਦੁਨੀਆਂ ਵਿੱਚ ਪ੍ਰਸ਼ੰਸਾ ਹੋ ਰਹੀ ਸੀ ਤਾਂ ਭਾਰਤ ਦੇ ਉਦੋਂ ਦੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ 1991 ਵਿੱਚ ਡਾ. ਮਨਮੋਹਨ ਸਿੰਘ ਨੂੰ ਭਾਰਤ ਸਰਕਾਰ ਦਾ ਖ਼ਜ਼ਾਨਾ ਮੰਤਰੀ ਬਣਾਇਆ। ਉਸ ਸਮੇਂ ਦੇਸ਼ ਦੀ ਆਰਥਕਤਾ ਬਹੁਤ ਹੀ ਡਾਵਾਂਡੋਲ ਸੀ। ਡਾ. ਮਨਮੋਹਨ ਸਿੰਘ ਨੇ ਆਪਣੀਆਂ ਆਰਥਕ ਨੀਤੀਆਂ ਨਾਲ ਦੇਸ਼ ਦੀ ਆਰਥਿਕਤਾ ਨੂੰ ਸਥਿਰ ਕੀਤਾ। ਉਨ੍ਹਾਂ ਨੇ ਲਿਬਰਲਾਈਜੇਸ਼ਨ ਦੀ ਪਾਲਿਸੀ ਅਪਣਾਈ। ਵਿਦੇਸ਼ੀ ਵਪਾਰੀਆਂ ਨੂੰ ਭਾਰਤ ਦੀ ਮਾਰਕੀਟ ਵਿੱਚ ਆਉਣ ਦੀ ਇਜਾਜ਼ਤ ਦਿੱਤੀ। ਲਾਈਸੈਂਸ ਰਾਜ ਸਿਸਟਮ ਖ਼ਤਮ ਕਰ ਦਿੱਤਾ। ਹਰ ਖੇਤਰ ਵਿੱਚ ਸਰਕਾਰ ਦੀ ਮਨਾਪਲੀ ਖ਼ਤਮ ਕਰ ਦਿੱਤੀ ਤਾਂ ਕਿਤੇ ਜਾ ਕੇ ਭਾਰਤ ਦੀ ਆਰਥਿਕਤਾ ਮਜ਼ਬੂਤ ਹੋਈ। ਉਨ੍ਹਾਂ ਨੂੰ ਭਾਰਤ ਦੀ ਆਰਥਿਕਤਾ ਨੂੰ ਸ਼ੋਸ਼ਲਿਸਟ ਰੂਪ ਦੇਣ ਵਾਲਾ ਵਿਤ ਮੰਤਰੀ ਕਿਹਾ ਜਾ ਸਕਦਾ ਹੈ। ਦੁਨੀਆਂ ਦੇ ਦੂਜੇ ਦੇਸ਼ਾਂ ਦੇ ਲੀਡਰਾਂ ਨੇ ਡਾ. ਮਨਮੋਹਨ ਸਿੰਘ ਦੀ ਕਾਬਲੀਅਤ ਦੀ ਈਨ ਮੰਨ ਲਈ ਅਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਬਨਾਉਣਾ ਸ਼ੁਰੂ ਕਰ ਦਿੱਤਾ। ਨਿਊਜ਼ ਵੀਕ ਮੈਗਜ਼ੀਨ ਨੇ ਲਿਖਿਆ, ਦੂਜੇ ਲੀਡਰਾਂ ਦਾ ਪਿਆਰਾ ਲੀਡਰ ਡਾ. ਮਨਮੋਹਨ ਸਿੰਘ। ਮੁਹੰਮਦ ਇਲਬਰਾਲ ਨੇ ਲਿਖਿਆ ਕਿ ਡਾ. ਮਨਮੋਹਨ ਸਿੰਘ ਦੁਨੀਆਂ ਦੇ ਦੂਜੇ ਲੀਡਰਾਂ ਦਾ ਰੋਲ ਮਾਡਲ ਲੀਡਰ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਹਮੇਸ਼ਾ ਉਨ੍ਹਾਂ ਤੋਂ ਆਰਥਕ ਮਾਮਲਿਆਂ ਵਿੱਚ ਸਲਾਹ ਲੈਂਦੇ ਰਹੇ ਹਨ। ਫੋਰਬਜ਼ ਮੈਗਜ਼ੀਨ ਨੇ ਵੀ ਮੋਸਟ ਪਾਵਰਫੁਲ ਲੀਡਰਾਂ ਵਿੱਚ ਡਾ. ਮਨਮੋਹਨ ਸਿੰਘ ਨੂੰ 18ਵੇਂ ਨੰਬਰ 'ਤੇ ਰੱਖਿਆ ਹੈ। ਪੰਡਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਬੈਸਟ ਪ੍ਰਾਈਮ ਮਨਿਸਟਰ ਕਿਹਾ ਅਤੇ ਨਹਿਰੂ ਤੋਂ ਬਾਅਦ ਆਪਣੀ ਟਰਮ ਪੂਰੀ ਕਰਕੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਵਾਲੇ ਉਹ ਪਹਿਲੇ ਪ੍ਰਧਾਨ ਮੰਤਰੀ ਸਨ। ਕਾਂਗਰਸ ਦੇ ਸੱਤਵੇਂ ਤੇ ਪਹਿਲੇ ਨਾਨ ਹਿੰਦੂ ਪ੍ਰਧਾਨ ਮੰਤਰੀ ਸਨ। ਰਾਜ ਸਭਾ ਵਿੱਚੋਂ ਦੇਸ਼ ਦੇ ਅਠਾਰਵੇਂ ਪ੍ਰਧਾਨ ਮੰਤਰੀ ਬਣਨ ਵਾਲਾ ਦੂਜੇ ਪ੍ਰਧਾਨ ਮੰਤਰੀ ਹਨ। ਉਹ ਰਾਜ ਸਭਾ ਲਈ 1991, 1997, 2003, 2009, 2014 ਅਤੇ 2019 ਵਿੱਚ ਚੁਣੇ ਗਏ ਸਨ। ਉਹ 22 ਮਈ 2004 ਤੋਂ ਮਈ 2009 ਤੱਕ ਅਤੇ ਮਈ 2009 ਤੋਂ ਮਈ 2014 ਤੱਕ ਪ੍ਰਧਾਨ ਮੰਤਰੀ ਰਹੇ ਹਨ।

ਡਾ. ਮਨਮੋਹਨ ਸਿੰਘ ਨੂੰ ਬਹੁਤ ਸਾਰੀਆਂ ਯੂਨੀਵਰਸਿਟੀਆਂ ਨੇ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਸੀ। ਸਾਲ 1997 ਵਿੱਚ ਯੂਨੀਵਰਸਿਟੀ ਆਫ਼ ਅਲਬਰਟਾ ਨੇ ਆਨਰੇਰੀ ਡਾਕਟਰ ਆਫ਼ ਲਾਅ, ਯੂਨੀਵਰਸਿਟੀ ਆਫ਼ ਆਕਸਫੋਰਡ ਨੇ ਜੁਲਾਈ 2005 ਵਿੱਚ ਡਾਕਟਰ ਆਫ਼ ਸਿਵਲ ਲਾਅ, ਯੂਨੀਵਰਸਿਟੀ ਆਫ ਕੈਂਬਰਿਜ਼ ਨੇ ਡਾਕਟਰ ਆਫ਼ ਸਿਵਲ ਲਾਅ, ਸੇਂਟ ਜਾਹਨਜ਼ ਕਾਲਜ ਨੇ ਉਨ੍ਹਾਂ ਦੇ ਨਾਂ ਤੇ ਪੀਐਚ.ਡੀ. ਦੀ ਡਿਗਰੀ ਕਰਨ ਲਈ ਡਾ. ਮਨਮੋਹਨ ਸਿੰਘ ਸਕਾਲਰਸ਼ਿਪ ਦੇਣ ਦਾ ਫੈਸਲਾ ਕੀਤਾ; ਬਨਾਰਸ ਹਿੰਦੂ ਯੂਨੀਵਰਸਿਟੀ ਨੇ ਡਾਕਟਰੇਟ ਆਫ਼ ਲੈਟਰਜ਼ 2008, ਯੂਨੀਵਰਸਿਟੀ ਆਫ਼ ਮਦਰਾਸ ਨੇ 2008 ਵਿੱਚ ਆਨਰੇਰੀ ਡਾਕਟਰੇਟ ਦੀ ਡਿਗਰੀ ਅਤੇ ਕਿੰਗ ਸਾਊਤ ਯੂਨੀਵਰਸਿਟੀ ਨੇ ਡਾਕਟਰੇਟ ਦੀ ਆਨਰੇਰੀ ਡਿਗਰੀ 2010 ਵਿੱਚ ਦਿੱਤੀ।

ਉਨ੍ਹਾਂ ਨੂੰ 1987 ਵਿੱਚ ਪਦਮ ਵਿਭੂਸ਼ਣ ਦਾ ਖ਼ਿਤਾਬ ਦਿੱਤਾ ਗਿਆ ਸੀ। ਉਨ੍ਹਾਂ ਨੇ ਆਪਣੇ ਕਾਰਜ ਕਾਲ ਦੌਰਾਨ ਬਹੁਤ ਹੀ ਮਾਅਰਕੇ ਦੇ ਕੰਮ ਕੀਤੇ, ਭਾਵੇਂ ਸਾਂਝੀ ਸਰਕਾਰ ਦੀਆਂ ਆਪਣੀਆਂ ਵੱਖਰੀ ਤਰ੍ਹਾਂ ਦੀਆਂ ਮੁਸ਼ਕਲਾਂ ਹੁੰਦੀਆਂ ਹਨ। ਉਨ੍ਹਾਂ ਵਿੱਚੋਂ ਕੁਝ ਕੁ ਵਰਨਣਯੋਗ ਹਨ, ਜਿਵੇਂ ਕਿ ਰਾਈਟ ਟੂ ਇਨਫਰਮੇਸ਼ਨ ਕਾਨੂੰਨ, ਗ਼ਰੀਬਾਂ ਲਈ ਨਰੇਗਾ, ਰੂਰਲ ਹੈਲਥ ਮਿਸ਼ਨ, ਆਈ.ਆਈ.ਟੀਜ, ਤੇ ਆਈ.ਆਈ. ਮੈਨੇਜਮੈਂਟ ਦਾ ਸਥਾਪਤ ਕਰਨਾ ਸ਼ਾਮਲ ਹਨ।

ਉਨ੍ਹਾਂ ਦਾ ਵਿਆਹ ਸ਼੍ਰੀਮਤੀ ਗੁਰਸ਼ਰਨ ਕੌਰ ਨਾਲ 1958 ਵਿੱਚ ਹੋਇਆ। ਉਹ ਦੋਵੇਂ ਕੋਹਲੀ ਪਰਿਵਾਰ ਵਿੱਚੋਂ ਹਨ, ਪਰ ਆਪਣੇ ਨਾਂ ਨਾਲ ਕੋਹਲੀ ਨਹੀਂ ਲਿਖਦੇ। ਉਨ੍ਹਾਂ ਦੇ ਤਿੰਨ ਲੜਕੀਆਂ- ਉਪਿੰਦਰ, ਦਮਨ ਅਤੇ ਅੰਮ੍ਰਿਤਾ ਸਿੰਘ ਹਨ। ਡਾ. ਮਨਮੋਹਨ ਸਿੰਘ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਵੀ ਹੋਣਗੇ, ਜਿਨ੍ਹਾਂ ਨੇ ਆਪਣਾ ਅਹੁਦਾ ਛੱਡਣ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਦਾ ਨਿਵਾਸ ਖਾਲੀ ਕਰ ਦਿੱਤੀ ਸੀ। ਆਮ ਤੌਰ 'ਤੇ ਸਿਆਸਤਦਾਨ ਸਰਕਾਰੀ ਸਹੂਲਤਾਂ ਦਾ ਰਿਟਾਇਰਮੈਂਟ ਤੋਂ ਬਾਅਦ ਵੀ ਆਨੰਦ ਮਾਣਦੇ ਰਹਿੰਦੇ ਹਨ। ਭਾਰਤ ਸਰਕਾਰ ਨੇ ਉਨ੍ਹਾਂ ਦੇ ਸਤਿਕਾਰ ਵਜੋਂ 7 ਦਿਨ ਦਾ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ।

## 7 ਫ਼ੈਸਲੇ: ਜਿਨ੍ਹਾਂ ਨੇ ਭਾਰਤ ਦੀ ਦਿਸ਼ਾ ਤੇ ਦਸ਼ਾ ਬਦਲੀ

ਪਰਮਾਣੂ ਤਕਨੀਕ ਅਤੇ ਤੇਲ ਮਿਲਣ ਦਾ ਰਾਹ ਖੁੱਲ੍ਹ ਗਿਆ। ਪਰਮਾਣੂ ਸਮਝੌਤੇ ਤਹਿਤ ਪਰਮਾਣੂ ਸਪਲਾਇਰ ਗਰੁੱਪ (ਐੱਨ.ਐੱਸ.ਜੀ.) ਨੇ ਭਾਰਤ ਨੂੰ ਇੱਕ ਵਿਸ਼ੇਸ਼ ਛੋਟ ਦਿੱਤੀ। ਇਸ ਛੋਟ ਦੀ ਮਦਦ ਨਾਲ ਭਾਰਤ ਨੇ ਫਰਾਂਸ, ਰੂਸ, ਕੈਨੇਡਾ, ਜਾਪਾਨ ਅਤੇ ਕੋਰੀਆ ਸਣੇ ਦਰਜਨ ਭਰ ਤੋਂ ਜ਼ਿਆਦਾ ਦੇਸ਼ਾਂ ਦੇ ਨਾਲ ਸ਼ਾਂਤੀਪੂਰਨ ਉਪਯੋਗ ਦੇ ਲਈ ਪਰਮਾਣੂ ਸਮਝੌਤੇ 'ਤੇ ਦਸਤਖ਼ਤ ਕੀਤੇ।

ਹਾਲਾਂਕਿ ਇਸ ਸਮਝੌਤੇ ਨੇ ਮਨਮੋਹਨ ਸਿੰਘ ਸਰਕਾਰ ਦੇ ਸਾਹਮਣੇ ਹੋਂਦ ਦਾ ਸੰਕਟ ਖੜ੍ਹਾ ਕਰ ਦਿੱਤਾ ਸੀ, ਕਿਉਂਕਿ ਖੱਬੇਪੱਖੀ ਧਿਰਾਂ ਨੇ ਇਸ ਨੂੰ ਲੈ ਕੇ ਸਖ਼ਤ ਵਿਰੋਧ ਜਤਾਇਆ ਅਤੇ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ। ਇਸ ਮੁਸ਼ਕਲ ਸਮੇਂ ਵਿੱਚ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੇ ਨਾਲ ਅਤੇ ਸਮਾਜਵਾਦੀ ਪਾਰਟੀ ਦੇ ਸਹਿਯੋਗ ਨਾਲ ਮਨਮੋਹਨ ਸਰਕਾਰ ਭਰੋਸਗੀ ਮਤਾ ਜਿੱਤਣ ਵਿੱਚ ਕਾਮਯਾਬ ਰਹੀ ਸੀ।

**ਆਰਥਿਕ ਮੰਦੀ ਤੋਂ ਕਿਵੇਂ ਬਚਾਇਆ:** ਸਾਲ 2008 ਵਿੱਚ ਦੁਨੀਆ ਭਰ ਵਿੱਚ ਆਰਥਿਕ ਤਬਾਹੀ ਮਚੀ ਹੋਈ ਸੀ। ਹਰ ਕੋਨੇ ਤੋਂ ਸ਼ੇਅਰ ਬਾਜ਼ਾਰ ਦੇ ਡਿੱਗਣ ਦੀਆਂ ਖ਼ਬਰਾਂ ਆ ਰਹੀਆਂ ਸਨ। ਭਾਰਤ ਦਾ ਵੀ ਕੁਝ ਅਜਿਹਾ ਹੀ ਹਾਲ ਸੀ। ਨਿਵੇਸ਼ਕਾਂ ਦੇ ਲੱਖਾਂ ਕਰੋੜਾਂ ਰੁਪਏ ਹਰ ਰੋਜ਼ ਹਵਾ ਹੋ ਰਹੇ ਸਨ। ਕੰਪਨੀਆਂ ਵੱਡੇ ਪੈਮਾਨੇ ਉਪਰ ਛਾਂਟੀਆਂ ਕਰ ਰਹੀਆਂ ਸਨ। ਇਹ ਵਿਸ਼ਵ ਪੱਧਰੀ ਸੰਕਟ ਦਾ ਸਮਾਂ ਸੀ ਅਤੇ ਉਸ ਦਾ ਅਸਰ ਹਰ ਥਾਂ ਹੋਇਆ। ਭਾਰਤ ਉਪਰ ਵੀ ਦਬਾਅ ਆਇਆ। ਜਦੋਂ ਲੱਗਾ ਕਿ ਭਾਰਤੀ ਅਰਥਵਿਵਸਥਾ ਢਹਿ-ਢੇਰੀ ਹੋ ਜਾਵੇਗੀ, ਉਦੋਂ ਹੀ ਸ. ਮਨਮੋਹਨ ਸਿੰਘ ਸਰਕਾਰ ਦੀ ਸੂਝ-ਬੂਝ ਨੇ ਹਾਲਾਤ ਸੰਭਾਲਣੇ ਸ਼ੁਰੂ ਕਰ ਦਿੱਤੇ ਅਤੇ ਇਹ ਸਿਲਸਿਲਾ ਅਜਿਹਾ ਚੱਲਿਆ ਕਿ ਭਾਰਤ ਇਸ ਆਰਥਿਕ ਮੰਦੀ ਦੀ ਚਪੇਟ ਵਿੱਚ ਆਉਣ ਤੋਂ ਬਚ ਗਿਆ। ਆਰਥਿਕ ਮਾਮਲਿਆਂ ਦੇ ਜਾਣਕਾਰਾਂ ਮੁਤਾਬਕ ਸਾਲ 2008 ਵਿੱਚ ਆਰਥਿਕ ਮੰਦੀ ਦੇ ਸਮੇਂ ਯੂ.ਪੀ.ਏ. ਸਰਕਾਰ ਨੇ ਜ਼ਿਆਦਾ ਪੈਸਾ ਖਰਚ ਕੀਤਾ, ਜਿਸ ਨਾਲ ਵਿੱਤੀ ਘਾਟਾ ਵਧ ਗਿਆ। ਉਸ ਸਮੇਂ ਮਨਮੋਹਨ ਸਰਕਾਰ ਨੇ ਪੈਟਰੋਲ ਦੇ ਭਾਅ ਵਧਾ ਕੇ ਮਾਲੀਆ ਵਧਾਉਣ ਦਾ ਕੰਮ ਕੀਤਾ। ਮਾਹਿਰਾਂ ਮੁਤਾਬਕ ਉਸ ਵੇਲੇ ਰਿਜ਼ਰਵ ਬੈਂਕ ਨੇ ਆਪਣੀ ਮੁਦਰਾ ਨੀਤੀ ਵਿੱਚ ਬਦਲਾਅ ਕੀਤਾ। ਉਸ ਜ਼ਰੀਏ ਬਾਜ਼ਾਰ ਨੂੰ ਸਸਤਾ ਪੈਸਾ ਮੁਹੱਈਆ ਕਰਵਾਇਆ ਗਿਆ। ਇਨ੍ਹਾਂ ਨੀਤੀਆਂ ਦੀ ਵਜ੍ਹਾ ਨਾਲ ਭਾਰਤੀ ਅਰਥਵਿਵਸਥਾ ਸੰਭਲੀ ਰਹੀ ਅਤੇ ਦੁਨੀਆ ਭਰ ਵਿੱਚ ਆਈ ਮੰਦੀ ਦਾ ਭਾਰਤ ਉਪਰ ਸੀਮਤ ਅਸਰ ਪਿਆ।

**ਸਿੱਖਿਆ ਦਾ ਅਧਿਕਾਰ:** ਸਾਲ 2010 ਵਿੱਚ ਮਨਮੋਹਨ ਸਿੰਘ ਦੀ ਸਰਕਾਰ ਨੇ ਦੇਸ਼ ਵਿੱਚ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ। ਇਸ ਤਹਿਤ ਛੇ ਤੋਂ ਚੌਦਾਂ ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਵਾਉਣਾ ਸੰਵਿਧਾਨਿਕ ਅਧਿਕਾਰ ਬਣਾ ਦਿੱਤਾ ਗਿਆ। ਇਹ ਕਾਨੂੰਨ ਲਾਗੂ ਕਰਨ ਤੋਂ ਬਾਅਦ ਡਾ. ਮਨਮੋਹਨ ਸਿੰਘ ਨੇ ਆਪਣੀ ਉਦਾਹਰਣ ਦਿੰਦੇ ਹੋਏ ਕਿਹਾ ਸੀ, "ਮੈਂ ਜੋ ਕੁਝ ਵੀ ਹਾਂ, ਉਹ ਸਿੱਖਿਆ ਦੀ ਬਦੌਲਤ ਹਾਂ। ਮੈਂ ਚਾਹੁੰਦਾ ਹਾਂ ਕਿ ਸਿੱਖਿਆ ਦੀ ਰੋਸ਼ਨੀ ਹਰ ਕਿਸੇ ਕੋਲ ਪਹੁੰਚੇ।"

**ਭੋਜਨ ਦਾ ਅਧਿਕਾਰ:** ਸਾਲ 2013 ਵਿੱਚ ਦੇਸ਼ ਦੇ ਗਰੀਬ ਲੋਕਾਂ ਲਈ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮਨਮੋਹਨ ਸਿੰਘ ਦੀ ਸਰਕਾਰ ਨੇ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤਾ। ਸਾਲ 2009 ਵਿੱਚ ਆਮ ਚੋਣਾਂ ਦੇ ਮਨੋਰਥ ਪੱਤਰ ਵਿੱਚ ਕਾਂਗਰਸ ਨੇ ਆਮ ਲੋਕਾਂ ਨੂੰ ਖੁਰਾਕ ਸੁਰੱਖਿਆ ਦਾ ਅਧਿਕਾਰ ਦੇਣ ਦਾ ਵਾਅਦਾ ਕੀਤਾ ਸੀ। ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਦੇਸ਼ ਵਿੱਚ 81.35 ਕਰੋੜ ਆਬਾਦੀ ਨੂੰ ਕਵਰ ਕਰਦਾ ਹੈ। ਹੁਣ ਸਰਕਾਰ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਦੇ ਤਹਿਤ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਦੇ ਲਾਭਪਾਤਰੀਆਂ ਨੂੰ ਰਾਸ਼ਨ ਦਿੰਦੀ ਹੈ।



ਸਰਬੰਸ ਦਾਨੀ, ਕਲਗੀਧਰ ਪਾਤਸ਼ਾਹ
ਭਗਤੀ ਤੇ ਸ਼ਕਤੀ ਦੇ ਮੁਜੱਸਮੇ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਆਗਮਨ ਪੁਰਬ ਦੀ
ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

# ਨਵਾਂ ਵਰ੍ਹਾ 2025 ਮੁਬਾਰਕ ਹੋਵੇ

ਇਸ ਸ਼ੁਭ ਦਿਹਾੜੇ 'ਤੇ ਅਸੀਂ ਆਪਣੇ ਸਾਕ-ਸਬੰਧੀਆਂ ਸਮੇਤ ਕੁਲ ਲੋਕਾਈ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦੇ ਹਾਂ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਲ 2025 ਸਾਰਿਆਂ ਨੂੰ ਖੁਸ਼ੀਆਂ, ਤੰਦਰੁਸਤੀ ਤੇ ਚੜ੍ਹਦੀ ਕਲਾ ਨਾਲ ਨਿਵਾਜੇ।



ਗੁਰਲਾਲ ਸਿੰਘ ਭੱਠਲ, ਪੂਨਮ ਭੱਠਲ ਤੇ ਹਰਨੂਰ ਭੱਠਲ

# Happy New Year 2025

May the New Year bring new adventures, success, and happiness to all of you!

ਹਰਜੀਤ ਸਿੰਘ (ਹੈਰੀ) ਬਾਠ ਅਤੇ ਸਮੂਹ ਬਾਠ ਪਰਿਵਾਰ (ਸ਼ਿਕਾਗੋ) ਵੱਲੋਂ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਬਾਦਸ਼ਾਹ-ਏ-ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ

## ਲੱਖ ਲੱਖ ਵਧਾਈਆਂ

IMMEDIATE AIR CARGO TRANSIT

IACT

Celebrating **30 Years** of Service



OUR LOCATION
1371 North Wood Dale Rd
Wood Dale, IL 60191

## Your Business Requires Immediate Action

### Mission Statement

Immediate Air Cargo Aims To Provide Client Tailored, Efficient, One Stop Solution To All Your Transportation And Logistics Needs. Utilizing Our Experience, Enthusiastic Employees, And User-friendly Customer Interfaces, We Strive To Be Your. Leading Logistics Partner Committed To Tracking The Challenges Of An Ever-changing Transportation Landscape.

### Warehousing Services

*We‘re Just Minutes Out Site of Chicago O‘Hare International Airport.
*4 Docks & 1 Overhead Ramp Door.
*FCL Breakdown
*Short Term & Long Term Storage Solutions.
*Palletizing, Shrink Wrapping And Banding Available In House.

### Client Tailored Solutions & Services

Trucking Services
Air Freight Services
Dedicated Hot Shot Services
Ocean Freight Services
Distribution Services
Warehousing Services
Drop Shipping Solutions

**Call us: Harjit S. Bath & Team IACT Direct: 847.366.3826 Office: 847.357.1200**

HarryB@immediateAir.com Contact@immidiateAir.com Immediateair.com

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ)

ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ, ਸ਼ੁਭਚਿੰਤਕਾਂ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

## ਮਾਂ ਗੁਜਰੀ ਦੇ ਲਾਲ, ਬਾਦਸ਼ਾਹ-ਏ-ਦਰਵੇਸ਼, ਸਰਬੰਸ ਦਾਨੀ

## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ

ਮੂਲ ਨਾਨਕਸ਼ਾਹੀ ਕੈਲੰਡਰ ਸੰਮਤ 556, ਪੋਹ 23 (5 ਜਨਵਰੀ)

ਨਵੇਂ ਸਾਲ 2025 ਦੀ

## ਲੱਖ-ਲੱਖ ਵਧਾਈ ਹੋਵੇ


ਅੰਮ੍ਰਿਤਪਾਲ ਸਿੰਘ ਗਿੱਲ
920-460-1001


ਪਰਮਿੰਦਰ ਸਿੰਘ ਵਾਲੀਆ
847-477-1613


ਬਲਵਿੰਦਰ ਸਿੰਘ ਚੱਠਾ
630-523-3412


ਅਮਰਦੇਵ ਸਿੰਘ ਬੰਦੇਸ਼ਾ
708-612-7963


ਲਖਵਿੰਦਰ ਸਿੰਘ
815-690-0941


ਹਰਦੀਪ ਸਿੰਘ ਬੰਦੇਸ਼ਾ
815-546-0525


ਦਰਸ਼ਨ ਸਿੰਘ ਪੰਮਾਂ
847-561-7101


ਗੁਰਦੇਵ ਸਿੰਘ ਗਿੱਲ
847-271-7451


ਜਸਰੂਪ ਸਿੰਘ ਬੱਲ
224-578-2939


ਅਮਰਜੀਤ ਸਿੰਘ ਬੰਦੇਸ਼ਾ
815-474-5424


ਮਨਜਿੰਦਰ ਸਿੰਘ ਚੀਮਾ
815-261-2148


ਅੰਮ੍ਰਿਤਪਾਲ ਸਿੰਘ ਮਾਂਗਟ
847-890-0704

SHER-E-PUNJAB SPORTS CLUB CHICAGO MIDWEST

ਪਿਛਲੇ ਸਾਲਾਂ ਵਿੱਚ ਖੇਡ ਮੇਲਿਆਂ ਦੌਰਾਨ ਸਮੂਹ ਧਾਰਮਿਕ, ਸਮਾਜਿਕ ਅਤੇ ਖੇਡ ਸੰਸਥਾਵਾਂ ਤੋਂ ਇਲਾਵਾ ਸਪਾਂਸਰਾਂ, ਖਿਡਾਰੀਆਂ ਤੇ ਭਾਈਚਾਰੇ ਵੱਲੋਂ ਮਿਲੇ ਭਰਵੇਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ। ਭਵਿੱਖ ਵਿੱਚ ਵੀ ਤੁਹਾਡੇ ਸਹਿਯੋਗ ਨਾਲ ਪੰਜਾਬੀਆਂ ਦੀ ਖੇਡ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਉਪਰਾਲੇ ਜਾਰੀ ਰਹਿਣਗੇ।

**Sher-e-Punjab Sports Club, Chicago (Midwest)**

## ਜੁਗ ਜੁਗ ਜੀਓ... (20)

# ਸਰੀਰ ਦਾ ਸੰਸਾਰ: ਕੀ ਤੁਸੀਂ ਜਾਣਦੇ ਹੋ?

**ਡਾ. ਹਰਬੰਸ ਕੌਰ ਦਿਓਲ**

***ਅਧਿਆਤਮਕ ਤੌਰ 'ਤੇ ਵਿਚਾਰੀਏ ਤਾਂ ਸਰੀਰ ਨੂੰ ਪਰਮਾਤਮਾ ਦੁਆਰਾ ਦਿੱਤਾ ਗਿਆ ਭਾਂਡਾ, ਆਤਮਾ ਲਈ ਇੱਕ ਅਸਥਾਈ ਨਿਵਾਸ ਸਥਾਨ ਮੰਨਿਆ ਗਿਆ ਹੈ ਅਤੇ ਇਸ ਨੂੰ 'ਪਰਮਾਤਮਾ ਦਾ ਮੰਦਰ' ਸਮਝ ਕੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ ਤੇ ਰੋਜ਼ਮੱਰ੍ਹਾ ਜ਼ਿੰਦਗੀ ਵਿੱਚ ਇਸ ਦੀ ਸਾਂਭ-ਸੰਭਾਲ ਪ੍ਰਤੀ ਉਦਮ ਕਰਨ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣਾ ਜ਼ਰੂਰੀ ਹੈ; ਕਿਉਂਕਿ ਜ਼ਿਆਦਾਤਰ ਬਿਮਾਰੀਆਂ ਦੀ ਜੜ ਬੇਪ੍ਰਵਾਹੀਆਂ ਵਿੱਚ ਹੈ। ਸੁਚੇਤ ਹੋਣ ਦਾ ਹੋਕਾ ਸੁਜੱਗ ਲੋਕ ਹੀ ਲਾਉਂਦੇ ਹਨ। ਇੰਜ ਹੀ ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ 'ਸਿਹਤਮੰਦ ਲੋਕ, ਸਿਹਤਮੰਦ ਸਮਾਜ' ਦੇ ਨਜ਼ਰੀਏ ਤੋਂ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਕੁਝ ਹਫਤਿਆਂ ਦੇ ਵਕਫੇ ਮਗਰੋਂ ਡਾ. ਦਿਓਲ ਨੇ ਆਪਣਾ ਕਾਲਮ ਮੁੜ ਸ਼ੁਰੂ ਕੀਤਾ ਹੈ। ਪਿਛਲੇ ਲੇਖਾਂ ਦੀ ਨਿਰੰਤਰਤਾ ਵਿੱਚ ਉਨ੍ਹਾਂ ਦਾ ਹਥਲਾ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ। ਪਾਠਕਾਂ ਦੀ ਨਜ਼ਰ ਹੈ, 'ਸਰੀਰ' ਬਾਰੇ ਜਾਣਕਾਰੀ ਸਬੰਧੀ ਲੇਖ ਦਾ ਪਹਿਲਾ ਭਾਗ... ਪ੍ਰਬੰਧਕੀ ਸੰਪਾਦਕ***



*ਹੁਣ ਤੱਕ ਸਭ ਤੋਂ ਜ਼ਿਆਦਾ ਉਮਰ ਦਾ ਰਿਕਾਰਡ ਹੈ Jeanne Calment ਦਾ, ਜਿਸ ਦੀ ਉਮਰ ਸੀ 122 ਸਾਲ 146 ਦਿਨ (1875-1997)*

ਬਲਿਹਾਰ ਜਾਵਾਂ ਉਸ ਪਰਵਦਗਾਰ ਦੇ। ਕੈਸੀ ਕਰਾਮਾਤ, ਕੈਸੀ ਰਚਨਾ ਰਚੀ ਹੈ ਮੇਰੇ ਵਾਹਿਗੁਰੂ ਨੇ। ਵੱਖਰੇ ਵੱਖਰੇ ਹਿੱਸੇ, ਪ੍ਰਣਾਲੀਆਂ ਕਿਵੇਂ ਇੱਕ ਦੂਜੇ ਦਾ ਸਾਥ ਦੇ ਕੇ ਹੱਥ ਵਟਾਉਂਦੇ ਨੇ- ਸਰੀਰ ਦੇ ਸਾਰੇ ਕੰਮ ਨੇਪਰੇ ਚੜ੍ਹਾਉਣ ਲਈ। ਕਿੰਨੀ ਗੁੰਝਲਦਾਰ ਬਣਤਰ ਦੇ ਬਾਵਜੂਦ ਕਿੰਨਾ ਨਿਰਵਿਘਨ ਕਾਰਵਾਈ (smooth operation) ਹੁੰਦੈ; ਹੈਰਾਨੀਜਨਕ ਹੈ।

1. ਮਨੁੱਖੀ ਸਰੀਰ 30 ਟ੍ਰਿਲੀਅਨ ਸੈੱਲਾਂ ਤੋਂ ਬਣਿਆ ਹੋਇਆ ਹੈ।

2. ਤਕਰੀਬਨ 38 ਟ੍ਰਿਲੀਅਨ ਜਰਮ (germs) {ਸਰੀਰ ਦੇ ਸੈਲਾਂ ਤੋਂ ਵੀ ਜ਼ਿਆਦਾ} ਆਪਣਾ ਬਸਰ ਕਰ ਰਹੇ ਹਨ ਸਰੀਰ ਵਿੱਚ। ਕਾਫੀ ਤਾਂ ਚਮੜੀ 'ਤੇ ਹੀ ਆਪਣਾ ਘਰ ਬਣਾ ਬੈਠੇ ਹਨ। ਬਾਕੀ ਮੂੰਹ ਵਿੱਚ ਅਤੇ ਖੁਰਾਕ ਪ੍ਰਣਾਲੀ ਦੇ ਅਖੀਰਲੇ ਹਿੱਸੇ ਵਿੱਚ ਡੇਰਾ ਲਾਈ ਬੈਠੇ ਹਨ। ਜੇ ਤੁਸੀਂ ਉਨ੍ਹਾਂ ਦੀਆਂ ਖਾਣ-ਪੀਣ ਵਾਲੀਆਂ ਵਸਤਾਂ ਵੱਲ ਪੂਰੀ ਤਵੱਜੋ ਦੇਵੋ ਤਾਂ ਉਹ ਦੋਸਤੀ ਦਾ ਫਰਜ਼ ਵੱਡੀ ਜ਼ਿੰਮੇਵਾਰੀ ਨਾਲ ਅਦਾ ਕਰਦੇ ਹਨ, ਤੁਹਾਨੂੰ ਤੰਦਰੁਸਤ ਰੱਖਣ ਲਈ।

3. ਸਰੀਰ ਦੇ 330 ਬਿਲੀਆਨ ਸੈੱਲ ਰੋਜ਼ ਨਵੇਂ ਸੈੱਲਾਂ ਨਾਲ ਰੀਪਲੇਸ (ਬਦਲ ਜਾਂਦੇ) ਹੋ ਜਾਂਦੇ ਨੇ। ਸੱਤ ਕੁ ਸਾਲਾਂ ਵਿੱਚ ਤਕਰੀਬਨ ਸਰੀਰ ਦੇ ਸਾਰੇ ਹੀ ਨਵੇਂ ਸੈੱਲ ਬਣ ਜਾਂਦੇ ਹਨ, ਸਿਵਾਏ ਦਿਲ ਦੇ ਪੱਠੇ (ਜਿਨ੍ਹਾਂ ਨੂੰ ਬਦਲਣ ਲਈ 40 ਸਾਲ ਲੱਗਦੇ ਨੇ ਜਾਂ ਸਕੈਲਟਨ ਮਸਲ, ਜਿਨ੍ਹਾਂ ਨੂੰ 15 ਸਾਲ ਲੱਗ ਜਾਂਦੇ ਨੇ। ਨਰਵ ਸੈੱਲ ਤਾਂ ਪੂਰੀ ਉਮਰ ਤੱਕ ਨਹੀਂ ਬਦਲਦੇ, ਪਰ ਖੂਨ ਅਤੇ ਖੁਰਾਕ ਪ੍ਰਣਾਲੀ ਦੇ ਸੈੱਲ ਤਾਂ ਜਲਦੀ ਜਲਦੀ ਹੀ ਬਦਲੀ ਜਾਂਦੇ ਹਨ।

4. ਮਨੁੱਖੀ ਸਰੀਰ ਵਿੱਚ 206 ਹੱਡੀਆਂ ਹਨ, ਜਿਨ੍ਹਾਂ ਵਿੱਚੋਂ 80 ਤਾਂ ਕੇਂਦਰ (spine ਵਗੈਰਾ) ਅਤੇ 126 appendicular ਪਿੰਜਰ (ਯਾਨਿ ਲੱਤਾਂ-ਬਾਹਵਾਂ) ਵਿੱਚ ਹਨ।

5. ਤਕਰੀਬਨ 600 ਪੱਠੇ (muscles) ਹਨ।

6. ਸਰੀਰ ਵਿੱਚ ਜੋੜ (joints) 250 ਦੀ ਗਿਣਤੀ ਵਿੱਚ ਹਨ।

7. ਪਸਲੀਆਂ (ribs) ਜੋ ਛਾਤੀ ਦਾ ਪਿੰਜਰ ਬਣਾਉਂਦੀਆਂ ਹਨ, ਉਨ੍ਹਾਂ ਦੇ 12 ਜੋੜੇ ਹਨ। ਕਿਸੇ ਕਿਸੇ ਬੰਦੇ ਦੇ 1-2 ਵਾਧੂ ਹੋ ਸਕਦੀਆਂ ਹਨ। ਇਹ ਜਾਂ ਤਾਂ ਗਰਦਨ ਵਿੱਚ ਜਾਂ ਪਸਲੀਆਂ ਦੇ ਅਖੀਰ ਵਿੱਚ, ਜਿੱਥੇ ਪੇਟ ਸ਼ੁਰੂ ਹੁੰਦੈ, ਉੱਥੇ ਹੋ ਸਕਦੀਆਂ ਹਨ।

8. ਸਰੀਰ 'ਚ 4.5 ਲਿਟਰ ਤੋਂ 5.5 ਲਿਟਰ ਤੱਕ ਖੂਨ ਦੌਰਾ ਕਰਦਾ ਹੈ। ਇਹ ਸਰੀਰ ਦੇ ਸਾਈਜ਼ 'ਤੇ ਨਿਰਭਰ ਹੈ।

9. ਖੂਨ ਦੀਆਂ ਨਾੜੀਆਂ ਜਿਨ੍ਹਾਂ ਵਿੱਚ ਆਰਟਰੀਜ਼ (arteries) ਵੇਨਜ਼ (veins) ਅਤੇ ਕੈਪਿਲਰੀਜ਼ (capillaries) ਆ ਜਾਂਦੀਆਂ ਨੇ, ਦੀ ਲੰਬਾਈ 60 ਹਜ਼ਾਰ ਮੀਲ ਹੈ, ਯਾਨਿ ਇੱਕ ਲੱਖ ਕਿਲੋਮੀਟਰ ਹੈ। ਕਿਹਾ ਜਾਂਦੈ, ਇਹ ਦੁਨੀਆਂ ਦੇ ਆਲੇ-ਦੁਆਲੇ (around the world distance) ਦੇ ਫਾਸਲੇ ਨਾਲੋਂ ਦੁੱਗਣਾ ਹੈ। ਇਨ੍ਹਾਂ ਰਾਹੀਂ ਸਰੀਰ ਦੇ ਵੱਖਰੇ-ਵੱਖਰੇ ਅੰਗਾਂ ਨੂੰ ਖੁਰਾਕ (oxygen ਅਤੇ nutrition) ਮਿਲਦੀ ਹੈ।

10. ਆਪਣਾ ਦਿਲ ਰੋਜ਼ ਤਕਰੀਬਨ ਇੱਕ ਲੱਖ ਵਾਰੀ ਧੜਕਦਾ ਹੈ, ਯਾਨਿ ਇੱਕ ਮਿੰਟ ਵਿੱਚ 70-80 ਧੜਕਣਾਂ ਦੇ ਹਿਸਾਬ ਨਾਲ। ਕੁਝ ਵੱਧ-ਘੱਟ ਵੀ ਹੋ ਸਕਦਾ ਹੈ, ਜੇ ਤੁਸੀਂ ਨਰਵਸ ਹੋਵੋ ਜਾਂ ਕੋਈ ਬਿਮਾਰੀ ਹੋਵੇ।

11. ਇੱਕ ਮਿੰਟ ਵਿੱਚ ਤੁਸੀਂ 12-18 ਵਾਰੀ ਸਾਹ ਲੈਂਦੇ ਹੋ, ਯਾਨਿ 22 ਹਜ਼ਾਰ ਵਾਰੀ ਇੱਕ ਦਿਨ ਵਿੱਚ। ਇਸ ਨਾਲ ਔਕਸੀਜਨ ਅੰਦਰ ਜਾਂਦੀ ਏ ਅਤੇ ਕਾਰਬਨਡਾਈਔਕਸਾਈਡ (CO2) ਬਾਹਰ ਨਿਕਲਦੀ ਹੈ। ਲੱਗਦੈ ਦਿਲ ਅਤੇ ਫੇਫੜਿਆਂ ਨੂੰ ਖੂਬ ਦਬ ਕੇ ਕੰਮ ਕਰਨਾ ਪੈਂਦਾ ਏ, ਸਾਨੂੰ ਤੰਦਰੁਸਤ ਰੱਖਣ ਲਈ।

12. ਔਕਸੀਜਨ (O2) ਸਿਹਤ ਲਈ ਬਹੁਤ ਹੀ ਜਰੂਰੀ ਹੈ।

ਦਿਮਾਗ ਦੇ ਸੈੱਲ ਔਕਸੀਜਨ ਨਾ ਮਿਲਣ 'ਤੇ ਇੱਕ ਮਿੰਟ ਤੋਂ ਬਾਅਦ ਹੀ ਮਰਨੇ ਸ਼ੁਰੂ ਹੋ ਜਾਂਦੇ ਨੇ। ਚਾਰ ਮਿੰਟ ਤੋਂ ਬਾਅਦ ਤਾਂ ਪੱਕਾ ਨੁਕਸਾਨ (permanent brain damage) ਹੀ ਹੋ ਜਾਂਦੈ।

13. ਪਾਣੀ ਦੀ ਘਾਟ ਦਾ ਅਸਰ ਨਿਰਭਰ ਹੈ- ਉਮਰ, ਸਿਹਤ, ਖੁਰਾਕ, ਆਲਾ ਦੁਆਲਾ (environment) ਅਤੇ ਐਕਟਿਵਿਟੀ (activity) 'ਤੇ। ਆਮ ਤੌਰ 'ਤੇ ਜੇ ਪਾਣੀ ਬਿਲਕੁਲ ਨਾ ਮਿਲੇ ਤਾਂ ਤਿੰਨ ਦਿਨਾਂ ਬਾਅਦ ਹੀ ਬਹੁਤ ਗੜਬੜ ਹੋ ਜਾਂਦੀ ਏ, ਖਤਰਨਾਕ ਕੰਪਲੀਕੇਸ਼ਨਜ਼ ਸ਼ੁਰੂ ਹੋ ਜਾਂਦੀਆਂ ਨੇ।

ਗੁਰਦੇ ਅਤੇ ਹੋਰ ਅੰਗ ਫੇਲ੍ਹ ਹੋਣੇ ਸ਼ੁਰੂ ਹੋ ਜਾਂਦੇ ਨੇ। ਦਿਮਾਗੀ ਉਲਝਣ (confusion), ਇਲੈਕਟਰੋਲਾਈਟ ਵਿੱਚ ਅਸੰਤੁਲਨ (imbalance) ਹੋ ਜਾਂਦੈ।

14. ਅਮਰੀਕਾ ਵਿੱਚ ਸਾਲ ਵਿੱਚ ਇੱਕ ਬੰਦਾ 1996 ਪਾਊਂਡ - ਇੱਕ ਟਨ ਦੇ ਨੇੜੇ ਖੁਰਾਕ ਖਾ ਲੈਂਦੈ।

15 . ਖੁਰਾਕ ਨਾ ਮਿਲੇ ਤਾਂ ਬੰਦਾ 30-40 ਦਿਨ ਤੱਕ ਵੀ ਜੀ ਸਕਦੈ। ਨਿਰਭਰ ਹੈ ਕਿ ਪਹਿਲਾਂ ਸਿਹਤ ਕਿਸ ਤਰ੍ਹਾਂ ਦੀ ਹੈ, ਕੋਈ ਬਿਮਾਰੀ ਹੈ, ਕਿੰਨੀ ਉਮਰ ਵਗੈਰਾ!

16. ਔਸਤ ਇੱਕ ਇਸਤਰੀ ਦੀ ਉਮਰ ਅਮਰੀਕਾ ਵਿੱਚ ਹੈ- 80.2 ਸਾਲ ਅਤੇ ਆਦਮੀ ਦੀ ਹੈ 74.8 ਸਾਲ।

17. ਨੀਂਦ ਤੋਂ ਬਿਨਾ ਦਾ ਰਿਕਾਰਡ ਹੈ, 11 ਦਿਨ ਦਾ।

ਘੱਟ ਨੀਂਦ ਕਾਰਨ ਦਿਲ ਦੀ ਬਿਮਾਰੀ, ਗੁਰਦਿਆਂ, ਖੂਨ ਦੇ ਦੌਰੇ ਦੀ ਬਿਮਾਰੀ ਹੋ ਸਕਦੀ ਹੈ ਅਤੇ ਸੱਟ ਲੱਗਣ, ਐਕਸੀਡੈਂਟ ਅਤੇ ਉਦਾਸੀ ਵਗੈਰਾ ਵੀ ਹੋ ਸਕਦੇ ਹਨ।

60-70 ਮਿਲੀਅਨ ਲੋਕਾਂ ਨੂੰ ਸੌਣ ਦੀ ਤਕਲੀਫ ਹੈ, ਜਿਸ ਕਰਕੇ ਮਾਨਸਿਕ ਤੇ ਸਰੀਰਕ ਸਿਹਤ ਅਤੇ ਜੀਵਨ ਦੀ ਗੁਣਵੱਤਾ (ਕੁਆਲਿਟੀ ਆਫ ਲਾਈਫ) 'ਤੇ ਅਸਰ ਪੈਂਦਾ ਹੈ।

ਆਪਣੇ ਦਿਮਾਗ ਦੀ ਮੁਰੰਮਤ (repair) ਨੀਂਦ ਵੇਲੇ ਹੁੰਦੀ ਏ, ਜਿਸ ਤਰ੍ਹਾਂ ਕਾਰ ਵਾਸ਼ ਨਾਲ ਕਾਰ ਸਾਫ ਹੋ ਜਾਂਦੀ ਏ, ਧੂੜ-ਮਿੱਟੀ ਵਗੈਰਾ ਤੋਂ, ਉਸੇ ਤਰ੍ਹਾਂ ਸੌਣ ਵੇਲੇ ਸੀ.ਐਸ.ਐਫ. (fluid) ਦੇ jet ਆਉਂਦੇ ਨੇ, ਦਿਮਾਗ ਨੂੰ ਵਾਸ਼ ਕਰਨ ਲਈ ਅਤੇ ਜੋ ਟੌਕਸਿਨਜ਼ ਵਗੈਰਾ ਦਿਨ ਦੇ ਕੰਮ ਕਰਨ ਨਾਲ ਖਰਚੀ ਹੋਈ ਐਨਰਜੀ ਅਤੇ ਮੈਟਾਬੋਲਿਜ਼ਮ ਤੋਂ ਕੱਠੀਆਂ ਹੋਈਆਂ ਸਨ, ਉਹ ਸਭ ਨੀਂਦ ਦੌਰਾਨ ਧੋਤੀਆਂ ਜਾਂਦੀਆਂ ਹਨ ਅਤੇ ਦਿਮਾਗ ਦੂਸਰੇ ਦਿਨ ਦਾ ਸਾਹਮਣਾ ਕਰਨ ਲਈ ਬਿਲਕੁਲ ਤਿਆਰ ਹੋ ਜਾਂਦੈ, ਐਨ ਤਰੋ-ਤਾਜ਼ਾ!

ਕਿਉਂ ਨਾ ਆਪਾਂ ਇੱਥੇ ਹੀ ਰੁਕ ਜਾਈਏ। ਥੋੜ੍ਹਾ ਸੋਚੀਏ, ਵਿਚਾਰੀਏ ਅਤੇ ਉਸ ਪਰਮਾਤਮਾ ਦਾ ਸ਼ੁਕਰੀਆ ਅਦਾ ਕਰੀਏ, ਇਨ੍ਹਾਂ ਰਹਿਮਤਾਂ ਲਈ। ਕੀ ਸਰੀਰ ਬਣਾਇਆ ਏ, ਕਿੰਨੇ ਪ੍ਰਣਾਲੀ ਸਿਸਟਮ, ਕਿਵੇਂ ਨਿਰਵਿਘਨ ਕੰਮ ਕਰਦੇ ਨੇ ਸਾਡੇ ਲਈ? ਆਓ ਪ੍ਰਣ ਕਰੀਏ ਇਸ ਅਨਮੁੱਲੇ ਸਰੀਰ ਦੀ ਰੱਖਿਆ ਕਰਨ ਦੀ।

ਬਾਕੀ ਅਗਲੀ ਵਾਰ। ਖੁਸ਼ ਰਹੋ, ਤੰਦਰੁਸਤ ਰਹੋ!

## ਸਾਂਝੇ ਦੁੱਖ

**ਹਰਜੋਤ ਸਿੰਘ ਸਿੱਧੂ**
**ਫੋਨ: +91-9854800075**



# ਜੱਗੇ ਨੂੰ ਤਾਂ 'ਦੂਜਾ' ਹੋ ਗਿਆ!



***ਬਠਿੰਡੇ ਤੋਂ ਬੀਕਾਨੇਰ ਤੱਕ ਰਾਤ ਭਰ ਦਾ ਰੇਲਗੱਡੀ ਸਫ਼ਰ 'ਉਮੀਦ ਦਾ ਸਫਰ' ਹੈ। ਰੇਲਗੱਡੀ ਵਿੱਚ ਸਫਰ ਕਰਦੇ ਕੈਂਸਰ ਦੇ ਮਰੀਜ਼ ਭਾਵੇਂ ਇੱਕ ਦੂਜੇ ਤੋਂ ਵੱਖਰੇ ਹੋ ਸਕਦੇ ਹਨ, ਪਰ ਦੁੱਖ ਦੇ ਸਾਂਝੇ ਧਾਗੇ ਨਾਲ ਜੁੜੇ ਹੋਏ ਹਨ।***

"ਚੋਣ ਜ਼ਾਬਤਾ ਲਾਗੂ ਹੋ ਗਿਆ ਬਾਈ, ਲਾਂਗੜ ਕਸ ਲਓ ਹੁਣ", ਪਾਰਟੀ ਦੀ ਮੀਟਿੰਗ ਵਿੱਚ ਇੱਕ ਬੰਦਾ ਬੜੇ ਜੋਸ਼ ਨਾਲ ਆਖ ਰਿਹਾ ਸੀ। ਉਸਦੇ ਕਹੇ ਦਾ ਸਭ ਨੇ ਉਤਸ਼ਾਹ ਨਾਲ ਹੁੰਗਾਰਾ ਭਰਿਆ, ਪਰ ਬਹੁਤਿਆਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਹੈ ਕੌਣ! ਕਿਸੇ ਅਨਜਾਣ ਦੇ ਪੁੱਛਣ 'ਤੇ ਵਿੱਚੋਂ ਹੀ ਕਿਸੇ ਜਾਣੂ ਨੇ ਦੱਸਿਆ, "ਇਹ ਜੱਗਾ ਐ", ਉਸਦੇ ਪਿੰਡ ਬਾਰੇ ਸ਼ਾਇਦ ਉਹ ਵੀ ਨਹੀਂ ਸੀ ਜਾਣਦਾ। ਭਾਵੇਂ ਜੱਗਾ ਕੋਈ ਮਸ਼ਹੂਰ ਹਸਤੀ ਨਹੀਂ ਸੀ, ਜਿਸ ਬਾਰੇ ਆਏ ਦਿਨ ਅਖਬਾਰਾਂ ਵਿੱਚ ਕੁਝ ਨਾ ਕੁਝ ਛਪਦਾ ਹੋਵੇ, ਪਰ ਉਸ ਸਾਧਾਰਣ ਪੰਜਾਬੀ ਦੇ ਆਸਵੰਦ ਲਹਿਜੇ ਵਿੱਚੋਂ ਜ਼ਿੰਦਗੀ ਸਹਿਜੇ ਹੀ ਝਲਕ ਰਹੀ ਸੀ।

ਇੱਕ ਸਿਆਸੀ ਰੈਲੀ ਦੌਰਾਨ ਜਗਮੇਲ ਸਿੰਘ ਉਰਫ ਜੱਗਾ ਨਾਲ ਮੇਰੀ ਪਹਿਲੀ ਮੁਲਾਕਾਤ ਸਾਲ 2011 ਵਿੱਚ ਹੋਈ ਸੀ। ਮੈਨੂੰ ਯਾਦ ਹੈ ਕਿ ਰੈਲੀ ਦੀ ਭੀੜ ਵਿੱਚ ਉਸ ਨੇ ਜਦੋਂ ਮੈਨੂੰ ਲੱਭ ਕੇ ਬੁਲਾਇਆ ਸੀ ਤਾਂ ਪਹਿਲੀ ਗੱਲ ਇਹੀ ਆਖੀ ਸੀ, "ਬਾਈ, ਮੈਨੂੰ ਪਾਰਟੀ ਵਲੰਟੀਅਰ ਬਣਵਾ ਦਿਓ, ਇੱਕ ਮੌਕਾ ਦੁਆ ਦਿਓ, 'ਤੇ ਫੇਰ ਵੇਖਿਓ ਸਹੀ।" ਉਹ ਲਾਜ਼ਮੀ ਮੇਰੇ ਬਾਰੇ ਜਾਣਦਾ ਸੀ। ਉਸ ਨੇ ਦੱਸਿਆ ਸੀ ਕਿ ਉਹ ਇੱਕ ਟਰੈਕਟਰ ਕੰਪਨੀ ਵਿੱਚ ਬਤੌਰ ਸੇਲਜ਼ਮੈਨ ਕੰਮ ਕਰਦਾ ਰਿਹਾ ਹੈ ਅਤੇ ਇਸ ਇਲਾਕੇ ਦੇ ਸਾਰੇ ਪਿੰਡਾਂ 'ਚ ਉਸਦੀ ਪਛਾਣ ਹੈ, ਤੇ ਉਹ ਇਸਦਾ ਲਾਹਾ ਪਾਰਟੀ ਵਾਸਤੇ ਲੈਣਾ ਚਾਹੁੰਦਾ ਸੀ।

ਮੈਂ ਪਾਰਟੀ ਦੇ ਉੱਚ ਅਹੁਦੇਦਾਰਾਂ ਨਾਲ ਗੱਲ ਕੀਤੀ ਅਤੇ ਜਿਸ ਤਰ੍ਹਾਂ ਦੀ ਜ਼ਿੰਮੇਵਾਰੀ ਜੱਗਾ ਚਾਹੁੰਦਾ ਸੀ, ਉਸ ਨੂੰ ਸੌਂਪ ਦਿੱਤੀ ਗਈ। "ਬਾਈ, ਹੁਣ ਤਬਦੀਲੀ ਲਿਆ ਕੇ ਹੀ ਸਾਹ ਲਵਾਂਗੇ", ਉਸਨੇ ਬੜੇ ਜ਼ੋਰ ਨਾਲ ਹੱਥ ਮਿਲਾਇਆ ਸੀ ਉਸ ਦਿਨ। ਫਿਰ ਤਾਂ ਜੱਗਾ ਸੀ ਤੇ ਉਸਦਾ ਮੋਟਰ ਸਾਈਕਲ, ਚੱਲ ਸੋ ਚੱਲ ਦੋਵੇਂ, ਕੀ ਦਿਨ 'ਤੇ ਕੀ ਰਾਤ, ਕੀ ਗਰਮੀ ਤੇ ਕੀ ਸਰਦੀ, ਕੀ ਮੀਂਹ ਤੇ ਕੀ ਹਨੇਰੀ; ਕੋਈ ਵੀ ਔਕੜ ਉਨ੍ਹਾਂ ਨੂੰ ਰੋਕ ਨਹੀਂ ਸਕੀ ਸੀ। ਪਾਰਟੀ ਦੁਆਰਾ ਦਿੱਤੀ ਗਈ ਜ਼ਿੰਮੇਵਾਰੀ ਨੂੰ ਜੱਗਾ ਸਾਫ਼ਗੋਈ, ਉਤਸ਼ਾਹ ਅਤੇ ਲਗਨ ਨਾਲ ਹੱਸਦਿਆਂ ਹੱਸਦਿਆਂ ਨਿਭਾਉਂਦਾ ਰਿਹਾ ਸੀ।

ਸਾਲ 2015 ਦੇ ਨਵੰਬਰ ਮਹੀਨੇ ਵਿੱਚ ਮੈਨੂੰ ਜੱਗੇ ਦਾ ਫ਼ੋਨ ਆਇਆ ਤਾਂ ਉਸ ਦੀ ਵਿਗੜੀ ਸਿਹਤ ਬਾਰੇ ਪਤਾ ਲੱਗਿਆ, ਕਿਉਂਕਿ ਗੱਲਬਾਤ ਤੋਂ ਉਹ ਸਖ਼ਤ ਬੀਮਾਰ ਅਤੇ ਡੂੰਘੀ ਔਖ ਵਿੱਚ ਲੱਗ ਰਿਹਾ ਸੀ ਅਤੇ ਸ਼ਾਇਦ ਧਰਵਾਸ ਲਈ ਤਾਂਘ ਰਿਹਾ ਸੀ। ਉਸੇ ਹੀ ਸ਼ਾਮ ਜਦ ਮੈਂ ਉਸਦੇ ਪਿੰਡ ਉਸਦੇ ਘਰ ਪੁੱਜਾ ਤਾਂ ਉਹ ਮੰਜੇ 'ਤੇ ਪਿਆ ਸੀ, ਪਰ ਮੈਨੂੰ ਵੇਖ ਕੇ ਉਹ ਉੱਠ ਖਲੋਤਾ ਅਤੇ ਫਤਹਿ ਬੁਲਾਈ। ਉਹ ਬੜੀ ਮੁਸ਼ਕਲ ਨਾਲ ਖੜ੍ਹਾ ਹੋਇਆ ਸੀ, ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ ਅਤੇ ਚਿਹਰਾ ਮੁਰਝਾਇਆ ਹੋਇਆ ਸੀ, ਤੇ ਦਾੜੀ ਤਾਂ ਤਕਰੀਬਨ ਉੱਡ ਹੀ ਗਈ ਸੀ। ਹਾਲਾਂਕਿ ਸਭ ਕੁਝ ਸਾਫ਼ ਨਜ਼ਰ ਆ ਰਿਹਾ ਸੀ, ਪਰ ਫ਼ਿਰ ਵੀ ਮੈਂ ਉਸਨੂੰ ਉਸਦੀ ਸਿਹਤ ਬਾਰੇ ਪੁੱਛਿਆ।

ਜੱਗੇ ਨੇ ਮੈਨੂੰ ਦੱਸਿਆ, "ਬਾਈ, ਮਹੀਨੇ ਸਾਰੇ ਤੋਂ ਤਾਂ ਕੁਝ ਖਾ ਹੀ ਨਹੀਂ ਹੁੰਦਾ ਮੈਥੋਂ, ਤੇ ਜੇ ਔਖਾ ਸੌਖਾ ਭੋਰਾ ਖਾ ਲਵਾਂ ਤਾਂ ਹਜ਼ਮ ਨਹੀਂ ਹੁੰਦਾ। ਬੜੇ ਡਾਕਟਰਾਂ ਨੂੰ ਵਿਖਾਇਆ, ਪਰ ਕਿਸੇ ਦੇ ਗੱਲ ਸਮਝ ਨਹੀਂ ਆਈ, ਤੇ ਫੇਰ ਕਹਿੰਦੇ ਬੀਕਾਨੇਰ ਵਿਖਾ ਕੇ ਆ। ਮੈਂ ਬਠਿੰਡਿਓਂ ਬੀਕਾਨੇਰ ਨੂੰ ਬਹਿ ਗਿਆ, ਕੈਂਸਰ ਆਲੀ ਗੱਡੀ! ਤੇ ਉੱਥੇ ਕਹਿੰਦੇ ਬਈ ਕੈਂਸਰ ਆ ਤੈਨੂੰ, ਤੇ ਸਟੇਜ ਵੀ ਅਖੀਰਲੀ ਆ। ਬਾਈ, ਮੈਂ ਤਾਂ ਫੇਰ ਪਿੰਡ ਹੀ ਮੁੜ ਆਇਆ ਤੇ ਹੁਣ ਫਰੀਦਕੋਟ ਆਲੇ ਸਰਕਾਰੀ ਹਸਪਤਾਲ ਜਾਨਾਂ ਹੁੰਦਾਂ, ਜੇ ਕੋਈ ਗੱਲ ਬਣ'ਜੇ ਤਾਂ ਭਲਾ। ਉੱਥੇ ਮੂੰਹ ਹਨੇਰੇ ਈ ਜਾਣਾ ਪੈਂਦਾ, ਬੜੀ ਭੀੜ ਹੁੰਦੀ ਆ, 'ਕੱਲੇ 'ਕੱਲੇ ਮੰਜੇ 'ਤੇ ਦੋ-ਦੋ, ਤਿੰਨ-ਤਿੰਨ ਮਰੀਜ਼ ਪਏ ਹੁੰਦੇ ਆ। ਹੁਣ ਤਾਂ ਮੈਂ ਘਰੋਂ ਕਿਤੇ ਨਹੀਂ ਜਾਂਦਾ, ਪਿੰਡ ਆਲੇ ਸਾਰੇ ਕਹੀ ਜਾਂਦੇ ਆ ਕਿ ਜੱਗੇ ਨੂੰ ਤਾਂ 'ਦੂਜਾ' ਹੋ ਗਿਆ, ਹੁਣ ਨਹੀਂ ਬਚਦਾ ਇਹ। ਬਾਈ, ਲੋਕ ਤਾਂ ਏਨਾ ਡਰੇ ਹੋਏ ਆ ਇਸ ਬਿਮਾਰੀ ਤੋਂ ਕਿ ਕੈਂਸਰ ਦਾ ਤਾਂ ਨਾਂ ਵੀ ਨਹੀਂ ਕੱਢਦੇ ਮੂੰਹੋਂ, 'ਦੂਜਾ' ਕਹਿੰਦੇ ਆ ਇਹਨੂੰ। ਮੈਂ ਸੁਣਿਆਂ ਕ੍ਰਿਕਟ ਆਲਾ ਯੁਵਰਾਜ ਕਹਿੰਦਾ, "ਕੈਂਸਰ ਦਾ ਇਹ ਮਤਲਬ ਨਹੀਂ ਕਿ ਤੁਸੀਂ ਮਰ ਜਾਓਗੇ, ਇਸ ਨੂੰ ਮਾਤ ਦਿੱਤੀ ਜਾ ਸਕਦੀ ਹੈ, ਮੇਰੇ ਵੱਲ ਵੇਖ ਲਓ ਮੈਂ ਹਰਾਇਆ ਹੈ ਕੈਂਸਰ ਨੂੰ।" ਤੇ ਉਹ ਫ਼ਿਲਮਾਂ ਆਲੀ ਮਨੀਸ਼ਾ ਕੋਰਾਲਾ ਆਖਦੀ ਆ, "ਕੈਂਸਰ ਦਾ ਹੱਲ ਹੈ।" ਬਾਈ, ਸੱਚ ਦੱਸਾਂ ਤਾਂ ਕੈਂਸਰ ਦਾ ਮਤਲਬ ਹੈ ਕਿ ਤੁਸੀਂ ਮਰ ਹੀ ਜਾਣਾ ਅੰਤ ਨੂੰ, ਕੈਂਸਰ ਦਾ ਕੋਈ ਹੱਲ ਨਹੀਂ ਏਥੇ, ਕਿਤੇ ਹੋਰ ਹਾਰਦਾ ਹੋਊ ਇਹ, ਪੰਜਾਬ 'ਚ ਨਹੀਂ। ਪਿੰਡ ਆਲੇ ਸਹੀ ਕਹਿੰਦੇ ਆ, ਹੁਣ ਬਚਦਾ ਨਹੀਂ ਮੈਂ।"

ਆਪਣੇ ਇਲਾਜ ਦੇ ਚੱਲਦਿਆਂ ਹੀ ਜੱਗਾ ਕਮਜ਼ੋਰ ਹੁੰਦਾ ਹੁੰਦਾ ਆਖਿਰ ਮਰ ਗਿਆ। 'ਦੂਜਾ' ਜਿੱਤ ਗਿਆ 'ਤੇ ਜੱਗਾ ਹਾਰ ਕੇ ਇਸ ਸੰਸਾਰ ਨੂੰ ਸਦਾ ਲਈ ਛੱਡ ਗਿਆ, ਤੇ ਸ਼ਾਇਦ ਉਸਦੇ ਸੁਪਨੇ ਵੀ ਉਸਦੇ ਨਾਲ ਹੀ ਹੋ ਤੁਰੇ। ਦਰਅਸਲ, ਇਹ ਕਹਾਣੀ ਇੱਕ ਜੱਗੇ ਦੀ ਨਹੀਂ ਹੈ, ਪੰਜਾਬ ਦੇ ਹਜ਼ਾਰਾਂ ਪਰਿਵਾਰਾਂ 'ਚ ਇਸ ਤਰ੍ਹਾਂ ਦੇ ਜੱਗੇ ਹਨ, ਜੋ ਕੈਂਸਰ ਨਾਮ ਦੀ ਇਸ ਭਿਆਨਕ ਅਤੇ ਮਾਰੂ ਬਿਮਾਰੀ ਤੋਂ ਪੀੜਤ ਹਨ। ਭਾਰਤ ਦੇਸ਼ ਦੇ ਅੰਨ ਭੰਡਾਰ ਪੰਜਾਬ ਅੰਦਰ ਕੁੱਲ ਦੇਸ਼ ਵਿੱਚੋਂ ਕੈਂਸਰ ਦੀ ਦਰ ਸਭ ਸੂਬਿਆਂ ਤੋਂ ਵੱਧ ਹੈ। ਪੰਜਾਬ ਦੇ ਹਰ ਇੱਕ ਲੱਖ ਲੋਕਾਂ ਵਿੱਚੋਂ ਸੌ ਦੇ ਨੇੜੇ ਕੈਂਸਰ ਦੇ ਮਰੀਜ਼ ਹਨ ਅਤੇ ਰੋਜ਼ ਤਕਰੀਬਨ ਵੀਹ ਲੋਕ ਕੈਂਸਰ ਦੀ ਬਿਮਾਰੀ ਕਾਰਨ ਮਰ ਰਹੇ ਹਨ। ਸੂਬੇ ਦੇ ਮਾਲਵਾ ਖੇਤਰ ਨੂੰ, ਜਿੱਥੇ ਜੱਗਾ ਰਹਿੰਦਾ ਸੀ, 'ਕੈਂਸਰ ਪੱਟੀ' ਆਖਿਆ ਜਾਂਦਾ ਹੈ ਅਤੇ ਇੱਥੇ ਹੀ ਬਠਿੰਡੇ ਤੋਂ ਬੀਕਾਨੇਰ ਨੂੰ 'ਕੈਂਸਰ ਟਰੇਨ' ਚੱਲਦੀ ਹੈ।

ਅਮਰੀਕੀ ਲੇਖਿਕਾ ਬਾਰਬਰਾ ਇਹਨਰਾਈਕ ਆਖਦੀ ਹੈ, "ਮੈਂ ਆਪਣੇ ਆਪ ਨੂੰ ਕਦੇ ਵੀ ਇੱਕ ਕੈਂਸਰ ਨੂੰ ਮਾਤ ਪਾਉਣ ਵਾਲੀ ਨਹੀਂ ਕਹਾਂਗੀ, ਕਿਉਂਕਿ ਇਹ ਉਨ੍ਹਾਂ ਲੋਕਾਂ ਦਾ ਨਿਰਾਦਰ ਹੋਵੇਗਾ ਜੋ ਕੈਂਸਰ ਤੋਂ ਬਚ ਨਹੀਂ ਸਕੇ। ਇਹ ਮਾਤਰ ਕਲਪਨਾ ਹੀ ਹੈ ਕਿ ਕੁਝ ਲੋਕ ਬਹਾਦਰੀ ਨਾਲ ਆਪਣੇ ਕੈਂਸਰ ਨਾਲ ਲੜੇ ਅਤੇ ਬਚਣ ਵਿੱਚ ਕਾਮਯਾਬ ਹੋਏ। ਕੀ ਇਹ ਸੰਭਵ ਨਹੀਂ ਕਿ ਜੋ ਬਚ ਨਹੀਂ ਸਕੇ, ਉਹ ਵੀ ਬਹਾਦਰ ਅਤੇ ਸ਼ਾਨਦਾਰ ਲੋਕ ਹੋਣ?"

ਅੱਜ ਕੈਂਸਰ ਨੂੰ ਰੋਕਣ ਲਈ ਜਿੱਥੇ ਜਾਗਰੂਕਤਾ ਦੀ ਲੋੜ ਹੈ, ਉੱਥੇ ਇਸ ਦੇ ਇਲਾਜ ਲਈ ਬਿਹਤਰ ਜਨਤਕ ਹਸਪਤਾਲ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਸਥਾਪਤ ਕੀਤੇ ਜਾਣ ਦੀ ਜ਼ਰੂਰਤ ਹੈ। ਮੂਲ ਰੂਪ ਵਿੱਚ, ਇਹ ਜ਼ਿੰਮੇਦਾਰੀ ਸਮੇਂ ਦੀ ਸਰਕਾਰ ਦੀ ਬਣਦੀ ਹੈ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥



'ਚਾਰ ਮੂਏ ਤੋ ਕਿਆ ਹੁਆ ਜੀਵਿਤ ਕਈ ਹਜਾਰ' ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

ਲੱਖ ਲੱਖ ਵਧਾਈ

ਨਵਾਂ ਵਰ੍ਹਾ 2025 ਮੁਬਾਰਕ ਹੋਵੇ

ਇਸ ਸ਼ੁਭ ਦਿਹਾੜੇ 'ਤੇ ਅਸੀਂ ਆਪਣੇ ਸਾਕ-ਸਬੰਧੀਆਂ ਸਮੇਤ ਕੁਲ ਲੋਕਾਈ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦੇ ਹਾਂ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਲ 2025 ਸਾਰਿਆਂ ਨੂੰ ਖੁਸ਼ੀਆਂ, ਤੰਦਰੁਸਤੀ ਤੇ ਚੜ੍ਹਦੀ ਕਲਾ ਨਾਲ ਨਿਵਾਜੇ



ਸ. ਹਰਵਿੰਦਰ ਸਿੰਘ ਘੋਤੜਾ (ਸ਼ਿਕਾਗੋ) ਅਤੇ ਸਮੂਹ ਪਰਿਵਾਰ

ਫੋਨ: 708-228-8520

# 'ਡੇ ਆਫ ਜਜਮੈਂਟ' ਅਤੇ ਅਕਾਲੀ ਦਲ ਦਾ ਭਵਿੱਖ

ਸ਼੍ਰੋਮਣੀ ਅਕਾਲੀ ਦਲ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਹੈ। ਜਦੋਂ 14 ਦਸੰਬਰ 1920 ਵਿੱਚ ਇਹਦਾ ਗਠਨ ਕੀਤਾ ਗਿਆ ਸੀ ਤਾਂ ਇਹ ਭਾਂਪ ਲਿਆ ਗਿਆ ਸੀ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਅਤੇ ਬਦਲ ਰਹੇ ਹਾਲਾਤ ਵਿੱਚ ਸਿਆਸੀ ਸਮੀਕਰਨਾਂ ਨੂੰ ਮੁਖ ਰੱਖਦਿਆਂ ਸਿੱਖਾਂ ਨੂੰ ਆਪਣੇ ਭਵਿੱਖ ਬਾਰੇ ਸੋਚਣ ਲਈ ਅਜਿਹੀ ਪਾਰਟੀ ਦੀ ਲੋੜ ਹੈ, ਜੋ ਉਨ੍ਹਾਂ ਦੀ ਅਗਵਾਈ ਕਰ ਸਕੇ ਤੇ ਸਿਆਸੀ ਤੌਰ 'ਤੇ ਉਨ੍ਹਾਂ ਨੂੰ ਉਹ ਰੁਤਬਾ ਦਿਵਾ ਸਕੇ, ਜਿਸ ਦੇ ਉਹ ਹੱਕਦਾਰ ਹਨ। ਜੇ ਇਸਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਵੇਂ ਪੰਜਾਬੀਆਂ ਦਾ ਸਾਂਝਾ ਰਾਜ ਸੀ ਤੇ ਅੰਗਰੇਜ਼ਾਂ ਖਿਲਾਫ਼ ਹੋਈਆਂ ਜੰਗਾਂ ਵਿੱਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦਾ ਖ਼ੂਨ ਡੁੱਲ੍ਹਿਆ ਸੀ, ਜਿਸ ਹਕੂਮਤ ਦੇ ਖਾਤਮੇ 'ਤੇ ਸ਼ਾਹ ਮੁਹੰਮਦ ਵਰਗਾ ਕਵੀ ਖ਼ੂਨ ਦੇ ਹੰਝੂ ਡੋਲ੍ਹਦਾ ਹੈ, ਪਰ ਅੰਗਰੇਜ਼ਾਂ ਦੀਆਂ ਨਜ਼ਰਾਂ ਵਿੱਚ ਇਹ ਸਿੱਖ ਰਾਜ ਸੀ। ਇਹਦੇ ਵਿੱਚ ਕੋਈ ਸ਼ੱਕ ਵੀ ਨਹੀਂ ਕਿ ਮਹਾਰਾਜੇ ਨੇ ਸਿੱਖ ਪੰਥ ਲਈ ਬਹੁਤ ਕੁਝ ਕੀਤਾ, ਹਾਲਾਂਕਿ ਮੰਦਿਰਾਂ, ਮਸਜਿਦਾਂ ਤੇ ਪੰਜਾਬੀਆਂ ਲਈ ਕੀਤੇ ਉਹਦੇ ਕੰਮ ਯਾਦਗਾਰੀ ਹਨ। ਸ਼ਾਇਦ ਇਸੇ ਕਰਕੇ ਅੰਗਰੇਜ਼ ਡਰਦੇ ਉਹਦੇ ਹੁੰਦਿਆਂ ਪੰਜਾਬ ਵੱਲ ਮੂੰਹ ਨਹੀਂ ਸਨ ਕਰਦੇ। ਮਹਾਰਾਜੇ ਦੀ ਫੌਜੀ ਤਾਕਤ ਤੇ ਦ੍ਰਿੜ ਇੱਛਾ ਸ਼ਕਤੀ ਤੋਂ ਉਹ ਭਲੀ ਭਾਂਤ ਜਾਣੂ ਸਨ। ਇਸੇ ਕਰਕੇ ਉਨ੍ਹਾਂ ਨੇ ਸੰਧੀ ਕਰਕੇ ਸਤਲੁਜ ਨੂੰ ਹੱਦ ਮੰਨ ਲਿਆ ਸੀ, ਪਰ ਮਹਾਰਾਜੇ ਦੇ ਅਕਾਲ ਚਲਾਣੇ ਤੇ ਡੋਗਰਿਆਂ ਦੀ ਬੁਛਾਗਰਦੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਹ ਸਾਲਾਂ ਦੇ ਰਾਜ ਨੂੰ ਕਤਲੋਗਾਰਤ ਤੇ ਗੱਦਾਰੀਆਂ ਵਿੱਚ ਤਬਾਹ ਕਰ ਦਿੱਤਾ।

ਅੰਗਰੇਜ਼ਾਂ ਨੇ ਇਸ ਸਾਂਝੇ ਰਾਜ ਦੀ ਸ਼ਕਤੀ ਦੇ ਸਾਰੇ ਚਿੰਨ੍ਹ ਮਿਟਾਉਣ ਲਈ ਪੂਰੀ ਯੋਜਨਾਬੰਦੀ ਕੀਤੀ। ਪਹਿਲਾ ਨਿਸ਼ਾਨਾ ਮਹਾਰਾਜੇ ਦੇ ਨਾਬਾਲਗ ਪੁੱਤਰ ਦਲੀਪ ਸਿੰਘ ਕੋਲੋਂ ਬਾਲਗ ਹੋਣ ਤੋਂ ਪਹਿਲਾਂ ਸਾਰੇ ਅਧਿਕਾਰ ਖੋਹ ਕੇ, ਅਜਿਹੇ ਹੱਥਾਂ ਵਿੱਚ ਉਹਦੀ ਨਿਗਰਾਨੀ ਸੌਂਪ ਦਿੱਤੀ ਗਈ, ਜਿਨ੍ਹਾਂ ਨੇ ਨਾ ਕੇਵਲ ਉਹਦੇ ਦਿਮਾਗ਼ ਵਿੱਚੋਂ ਆਪਣੇ ਰਾਜ ਨੂੰ ਮੁੜ ਪ੍ਰਾਪਤ ਕਰਨ ਦੇ ਖਿਆਲ ਨੂੰ ਹੀ ਸਦਾ ਲਈ ਕੱਢ ਦਿੱਤਾ, ਸਗੋਂ ਆਪਣੇ ਵੱਡੇ ਵਡੇਰਿਆਂ ਦੇ ਧਰਮ ਤੋਂ ਪਤਿਤ ਕਰਕੇ ਉਹਨੂੰ ਇਸਾਈ ਬਣਾ ਲਿਆ।


ਦੂਜਾ ਮਹਾਰਾਣੀ ਜਿੰਦਾਂ ਨੂੰ ਕੈਦ ਕਰਕੇ, ਪੰਜਾਬ ਦੇ ਹਰ ਉਪੱਦਰ ਦੀ ਜ਼ਿੰਮੇਵਾਰ ਸਿੱਧ ਕਰਕੇ, ਉਹਦੀ ਹਰ ਪੱਖ ਤੋਂ ਹੇਠੀ ਕੀਤੀ ਗਈ, ਕਿਉਂਕਿ ਲਾਰਡ ਡਲਹੌਜ਼ੀ ਉਹਨੂੰ ਬੜੀ ਸੂਝਵਾਨ ਤੇ ਮਰਦਾਵੇਂ ਗੁਣਾਂ ਵਾਲੀ ਮੰਨ ਕੇ ਉਹਦੇ ਤੋਂ ਭੈਅ ਖਾਂਦਾ ਸੀ ਕਿ ਉਹ ਅੰਗਰੇਜ਼ੀ ਰਾਜ ਲਈ ਖਤਰਨਾਕ ਹੋ ਸਕਦੀ ਹੈ। ਸਿੱਖਾਂ ਵਿੱਚ ਉਹਦੇ ਅਤੇ ਦਲੀਪ ਸਿੰਘ ਲਈ ਹਮਦਰਦੀ ਸੀ, ਤੇ ਇਸ ਨਾਲ ਖਾਲਸਾ ਰਾਜ ਦੀ ਮੁੜ ਬਹਾਲੀ ਲਈ ਬਗਾਵਤ ਹੋ ਸਕਦੀ ਸੀ। ਇਸੇ ਕਰਕੇ ਮਹਾਰਾਣੀ ਨੂੰ ਦਲੀਪ ਸਿੰਘ ਤੋਂ ਵੱਖ ਕਰਕੇ ਜਲਾਵਤਨ ਕਰ ਦਿੱਤਾ ਗਿਆ।

ਤੀਜਾ, ਜੌਹਨ ਲਾਰੰਸ ਨੇ ਪੰਝੀ ਉੱਘੇ ਸਿੱਖ ਸਰਦਾਰਾਂ ਦੀਆਂ ਜਾਇਦਾਦਾਂ ਜਬਤ ਕਰ ਲਈਆਂ, ਨਾਲ ਹੀ ਉਨ੍ਹਾਂ ਦੀਆਂ ਪਦਵੀਆਂ ਤੇ ਅਹੁਦੇ ਖੋਹ ਲਏ। ਬਹੁਤਿਆਂ ਨੂੰ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਤੇ ਜਿਨ੍ਹਾਂ ਕੋਲੋਂ ਸਰਕਾਰ ਨੂੰ ਵੱਧ ਖਤਰਾ ਸੀ, ਉਨ੍ਹਾਂ ਨੂੰ ਕਲਕੱਤੇ ਤੇ ਇਲਾਹਾਬਾਦ ਸ਼ਹਿਰਾਂ ਵਿੱਚ ਦੇਸ਼ ਨਿਕਾਲਾ ਦੇ ਦਿੱਤਾ। ਉਨ੍ਹਾਂ ਨੂੰ ਪਤਾ ਸੀ ਕਿ ਹਥਿਆਰ ਰੱਖਣੇ ਸਿੱਖਾਂ ਵਿੱਚ ਜ਼ਰੂਰੀ ਹਨ। ਅੰਗਰੇਜ਼ਾਂ ਨੇ ਹਥਿਆਰ ਰੱਖਣ, ਬਾਹਰਲੇ ਲੋਕਾਂ ਨਾਲ ਮੇਲ-ਜੋਲ ਕਾਇਮ ਕਰਨ ਤੇ ਵੀਹਾਂ ਤੋਂ ਵੱਧ ਬੰਦਿਆਂ ਨੂੰ ਆਪਣੇ ਕਰਮਚਾਰੀ ਰੱਖਣ 'ਤੇ ਪਾਬੰਦੀ ਲਾ ਦਿੱਤੀ। ਇਸਦੀ ਉਲੰਘਣਾ ਕਰਨ ਵਾਲੇ ਬਰਤਾਨਵੀ ਸਰਕਾਰ ਦੇ ਦੁਸ਼ਮਣ ਸਮਝੇ ਜਾਂਦੇ ਸਨ ਤੇ ਸਜ਼ਾ ਦੇ ਭਾਗੀ ਬਣਦੇ ਸਨ। ਹਰ ਵੱਡੇ ਜ਼ਿਮੀਦਾਰ ਦੀ ਜ਼ਮੀਨ ਦੀ ਪੜਤਾਲ ਕਰਕੇ ਵੱਧ ਤੋਂ ਵੱਧ ਰੱਖਣ ਦੀ ਹੱਦ ਮਿੱਥ ਦਿੱਤੀ ਗਈ। ਜਗੀਰਦਾਰਾਂ ਤੇ ਰਸੂਖਦਾਰ ਸ਼੍ਰੇਣੀਆਂ ਦੇ ਨਾਲ ਨਾਲ ਬੇਦੀਆਂ ਤੇ ਸੋਢੀਆਂ ਨੂੰ ਦਬਾਉਣ ਤੇ ਪਦਵੀਆਂ ਤੋਂ ਲਾਹੁਣ ਲਈ ਯਤਨ ਅਰੰਭੇ ਗਏ। ਜਿਹੜਾ ਵੀ ਥੋੜ੍ਹੇ ਬਹੁਤੇ ਰਸੂਖ ਦਾ ਮਾਲਕ ਸੀ, ਅੰਗਰੇਜ਼ੀ ਸਰਕਾਰ ਵੱਲੋਂ ਉਹਦੀ ਹੇਠੀ ਕੀਤੀ ਜਾਂਦੀ।

ਚੌਥਾ, ਅੰਗਰੇਜ਼ੀ ਸਰਕਾਰ ਸਭ ਤੋਂ ਵੱਧ ਸਿੱਖ ਫੌਜਾਂ ਕੋਲੋਂ ਡਰਦੀ ਸੀ ਕਿਉਂਕਿ ਸਿੱਖਾਂ ਨਾਲ ਹੋਈਆਂ ਲੜਾਈਆਂ ਵਿੱਚ ਉਹ ਇਨ੍ਹਾਂ ਦੀ ਬਹਾਦਰੀ ਦੇ ਜੌਹਰ ਵੇਖ ਚੁੱਕੀ ਸੀ। ਪੰਜਾਬ 'ਤੇ ਕਬਜੇ ਉਪਰੰਤ ਪੰਜਾਹ ਹਜ਼ਾਰ ਸੈਨਿਕਾਂ ਨੂੰ ਘਰੋ ਘਰੀ ਤੋਰ ਦਿੱਤਾ ਗਿਆ। ਕੇਵਲ ਦਸਵੇਂ ਹਿੱਸੇ ਦੇ ਬਰਾਬਰ ਵਫਾਦਾਰ ਸਮਝੇ ਜਾਣ ਵਾਲਿਆਂ ਨੂੰ ਰੱਖ ਲਿਆ, ਪਰ ਉਨ੍ਹਾਂ ਨਾਲ ਵੀ ਦੁਸ਼ਮਣਾਂ ਵਾਲਾ ਵਿਹਾਰ ਕੀਤਾ ਜਾਂਦਾ ਸੀ। ਇਨ੍ਹਾਂ ਨੂੰ ਕੇਸ ਕਟਾਉਣ ਲਈ ਮਜਬੂਰ ਕੀਤਾ ਗਿਆ।

ਪੰਜਵਾਂ, ਅੰਗਰੇਜ਼ੀ ਸਰਕਾਰ ਨੇ ਨਾ ਸਿਰਫ ਰਾਜ ਘਰਾਣਿਆਂ ਨੂੰ ਤਬਾਹ ਕੀਤਾ ਸਗੋਂ ਖਾਲਸਾ ਰਾਜ ਦੀ ਆਰਥਕਤਾ ਨੂੰ ਖੇਰੂੰ ਖੇਰੂੰ ਕਰਕੇ ਭਿਖਾਰੀ ਬਣਾ ਦਿੱਤਾ। ਛੇਵਾਂ, ਸਾਧਾਰਨ ਸ਼ਹਿਰੀਆਂ ਵਿੱਚ ਦਹਿਸ਼ਤ ਪਾ ਕੇ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ ਗਿਆ। ਸਿੱਖ ਜ਼ਿਮੀਦਾਰਾਂ 'ਤੇ ਝੂਠੇ ਮੁਕੱਦਮੇ, ਹਵਾਲਾਤਾਂ, ਮਾਲ ਦੀ ਜਬਤੀ, ਤਸੀਹੇ ਇਸ ਹੱਦ ਤੱਕ ਵੱਧ ਗਏ ਕਿ ਸਾਰੇ ਪੰਜਾਬ ਵਿੱਚ ਹਾਹਾਕਾਰ ਮੱਚ ਗਈ। ਸੱਤਵਾਂ, ਸਿੱਖਾਂ ਦੀ ਵਿਸ਼ਾਦ ਗ੍ਰਸਤ ਤੇ ਤਰਸਯੋਗ ਹਾਲਤ ਦਾ ਫਾਇਦਾ ਉਠਾਉਂਦੇ ਹੋਏ ਇਸਾਈ ਸਿੱਖ ਮਿਸ਼ਨਰੀਆਂ ਨੇ ਪ੍ਰਚਾਰ ਸਰਗਰਮੀਆਂ ਤੇਜ਼ ਕਰ ਦਿੱਤੀਆਂ ਤੇ ਸਿੱਖਾਂ ਨੂੰ ਇਸਾਈ ਬਣਾਉਣ ਦਾ ਮੁੱਢ ਬੰਨ੍ਹਿਆ। ਇਸਾਈ ਪਾਦਰੀ ਸ਼ੱਰੇਆਮ ਗੁਰੂ ਗ੍ਰੰਥ ਸਾਹਿਬ ਦੀ ਗਲੀਆਂ-ਬਾਜ਼ਾਰਾਂ ਵਿੱਚ ਬੇਅਦਬੀ ਕਰਨ ਲੱਗੇ ਤੇ ਇਸਨੂੰ ਕਾਫਰਾਂ ਦੀ ਬਾਣੀ ਕਹਿ ਕੇ ਭੰਡਦੇ। ਅੱਠਵਾਂ, 29 ਮਾਰਚ 1849 ਨੂੰ ਲਾਹੌਰ ਦੇ ਲਕਸ਼ਮੀ ਚੌਂਕ ਵਿੱਚ ਪੰਜਾਬੀ ਕਿਤਾਬਾਂ ਤੇ ਕਾਇਦਿਆਂ ਦੀ ਹੋਲੀ ਬਾਲੀ ਗਈ। ਕਿਤਾਬ ਜਾਂ ਕਾਇਦਾ ਸਰਕਾਰ ਕੋਲ ਜਮ੍ਹਾਂ ਕਰਾਉਣ 'ਤੇ ਦੋ ਰੁਪਏ ਮਿਲਦੇ ਸਨ। ਟਕੂਆ, ਕੁਹਾੜੀ, ਸੋਟਾ, ਡਾਂਗ ਜਮ੍ਹਾਂ ਕਰਾਉਣ 'ਤੇ ਇੱਕ ਰੁਪਿਆ ਜਾਂ ਅਠਿਆਨੀ ਮਿਲਦੀ ਸੀ।





ਮਹਾਰਾਜਾ ਰਣਜੀਤ ਸਿੰਘ ਦਾ ਇੱਕ ਚਿੱਤਰ ਮਹਾਰਾਣੀ ਜਿੰਦਾਂ

**ਚਰਚਾ**

**ਪਰਮਜੀਤ ਢੀਂਗਰਾ**
**ਫੋਨ:+91-9417358120**



ਇਸ ਤਰ੍ਹਾਂ ਸਿੱਖਾਂ ਨੂੰ ਸ਼ਸ਼ਤਰ ਤੇ ਸ਼ਾਸਤਰ ਤੋਂ ਹੀਣੇ ਕਰਕੇ ਇਤਿਹਾਸਕ ਗੌਰਵ ਤੋਂ ਵਾਂਝਿਆਂ ਕੀਤਾ ਗਿਆ। ਇਹ ਉਹ ਕਾਰਨ ਸਨ, ਜਿਨ੍ਹਾਂ ਕਰਕੇ ਸਿੱਖਾਂ ਨੂੰ ਲੰਮਾ ਸਮਾਂ ਦਬਾਉਣ ਦੀ ਨੀਤੀ ਕਰਕੇ ਦਹਿਸ਼ਤ ਫੈਲਾਈ ਗਈ। ਸਿੱਖ ਗੁਰਦਵਾਰਿਆਂ 'ਤੇ ਕਾਬਜ਼ ਮਹੰਤਾਂ ਰਾਹੀਂ ਮਨਮਤੀਆਂ ਕਰਾ ਕੇ ਸਿੱਖ ਧਰਮ ਨੂੰ ਕਮਜ਼ੋਰ ਕਰਨ ਦੀ ਵਿਓਂਤ ਘੜੀ ਗਈ। ਅਜਿਹੇ ਹਾਲਾਤ ਵਿੱਚ ਸੂਝਵਾਨ ਸਿੱਖ ਆਗੂਆਂ ਨੇ ਹੌਲੀ ਹੌਲੀ ਆਪਣੇ ਆਪ ਨੂੰ ਇਕੱਠਿਆਂ ਕਰਕੇ ਗੁਰੁਦਆਰਾ ਸੁਧਾਰ ਲਹਿਰ ਦੀ ਮੁਹਿੰਮ ਚਲਾਈ, ਕੁਰਬਾਨੀਆਂ ਤੋਂ ਬਾਅਦ ਗੁਰਦਵਾਰੇ ਆਜ਼ਾਦ ਕਰਾਏ ਗਏ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਇਸ ਵਿੱਚੋਂ ਹੀ ਮੀਰੀ-ਪੀਰੀ ਦੇ ਸਿਧਾਂਤ ਦੀ ਰੌਸ਼ਨੀ ਵਿੱਚ ਅਕਾਲੀ ਦਲ ਹੋਂਦ ਵਿੱਚ ਆਇਆ। ਇਸ ਨੇ ਪੰਥ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁੱਦਈ ਬਣ ਕੇ ਹਰ ਮੋਰਚੇ 'ਤੇ ਸਫਲਤਾ ਪ੍ਰਾਪਤ ਕੀਤੀ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬੀ ਸੂਬੇ ਦਾ ਮੋਰਚਾ, ਐਮਰਜੈਂਸੀ ਅਤੇ ਪਾਣੀਆਂ ਦੇ ਮੁੱਦਿਆਂ 'ਤੇ ਅਕਾਲੀ ਦਲ ਨੇ ਪੰਜਾਬ ਦੀ ਅਗਵਾਈ ਕੀਤੀ ਤੇ ਪੰਜਾਬੀਆਂ ਨੇ ਭਰਵਾਂ ਸਾਥ ਦਿੱਤਾ। ਪੰਜਾਬ ਜਾਂ ਪੰਥ 'ਤੇ ਜਦੋਂ ਵੀ ਭੀੜ ਪੈਂਦੀ ਤਾਂ ਲੋਕ ਅਕਾਲੀ ਦਲ ਵੱਖ ਦੇਖਦੇ, ਕਿਉਂਕਿ ਉਨ੍ਹਾਂ ਨੂੰ ਇਸ 'ਤੇ ਇਤਿਹਾਸਕ ਭਰੋਸਾ ਸੀ। ਇਹ ਬੜੀਆਂ ਕੁਰਬਾਨੀਆਂ ਤੇ ਲੰਮੇ ਸੰਘਰਸ਼ ਵਿੱਚੋਂ ਉਭਰ ਕੇ ਪ੍ਰਮੁੱਖ ਖੇਤਰੀ ਪਾਰਟੀ ਵਜੋਂ ਹੋਂਦ ਵਿੱਚ ਆਇਆ ਸੀ। ਇਹ ਇੱਕੋ ਇੱਕ ਦਲ ਸੀ, ਜਿਸਨੇ ਅਨੰਦਪੁਰ ਮਤੇ ਅਧੀਨ ਫੈਡਰਲ ਢਾਂਚੇ ਦੀ ਦੱਬ ਕੇ ਵਕਾਲਤ ਕੀਤੀ ਸੀ। ਅੱਜ ਜਦੋਂ ਇੱਕ ਰਾਸ਼ਟਰ, ਇੱਕ ਭਾਸ਼ਾ, ਇੱਕ ਕੌਮ ਤੇ ਹਿੰਦੂ ਰਾਸ਼ਟਰ ਵਰਗੇ ਮੁੱਦੇ ਉਭਰ ਰਹੇ ਹਨ ਅਤੇ ਭਾਰਤ ਦੀ ਬਹੁਕੌਮੀ, ਬਹੁ ਭਾਸ਼ਾਈ, ਬਹੁ ਸਭਿਆਚਾਰਕ ਹੋਂਦ ਨੂੰ ਵਿਗਾੜਨ ਦੇ ਯਤਨ ਹੋ ਰਹੇ ਹਨ ਤਾਂ ਫੈਡਰਲ ਢਾਂਚੇ ਦੀ ਲੋੜ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ। ਅਕਾਲੀ ਦਲ ਦਾ ਫੈਡਰਲ ਢਾਂਚੇ ਵੱਲੋਂ ਮੂੰਹ ਮੋੜਨਾ ਬੜਾ ਨੁਕਸਾਨਦੇਹ ਹੈ।

ਅਕਾਲੀ ਦਲ ਹੌਲੀ ਹੌਲੀ ਆਪਣੇ ਪੰਥਕ ਮੁੱਦਿਆਂ ਅਤੇ ਸਿਆਸੀ ਜੋੜਾਂ-ਤੋੜਾਂ ਤੇ ਵੋਟ ਦੀ ਰਾਜਨੀਤੀ ਵਿੱਚ ਫਸ ਕੇ ਸੰਕਟ ਦਾ ਸ਼ਿਕਾਰ ਹੋ ਗਿਆ। ਅੱਜ ਇਹਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਗੋਲੀ ਕਾਂਡ, ਸਿਰਸੇ ਵਾਲੇ ਸਾਧ ਨੂੰ ਮੁਆਫੀ, ਦਾਗੀ ਪੁਲਿਸ ਅਫਸਰਾਂ ਨੂੰ ਉਚ ਅਹੁਦੇ ਬਖਸ਼ਣੇ ਤੇ ਇਸਤੋਂ ਪਹਿਲਾਂ ਨਿਰੰਕਾਰੀ ਕਤਲ ਕਾਂਡ ਵਿੱਚ ਸਿੱਖਾਂ ਦੇ ਕਾਤਲਾਂ ਨੂੰ ਬਚਾਉਣ ਤੇ ਕਸੂਰਵਾਰ ਅਫਸਰਾਂ ਨੂੰ ਸਜ਼ਾ ਨਾ ਦੇਣ ਦੀ ਇੱਕ ਲੰਮੀ ਲੜੀ ਹੈ। ਇਸ ਵਿੱਚ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਸਿਆਸੀ ਮੁਫਾਦ ਤੇ ਭ੍ਰਿਸ਼ਟਾਚਾਰ ਵਿੱਚ ਲਿਪਤ ਹੋ ਕੇ ਇਸਦੇ ਗੌਰਵ ਨੂੰ ਵੱਡਾ ਖੋਰਾ ਲਾਇਆ। ਸਿਆਸੀ ਜਮਾਤ ਦੀ ਹੋਂਦ ਨੂੰ ਪਰਿਵਾਰਕ ਰੂਪ ਦੇ ਕੇ ਆਲੇ-ਦੁਆਲੇ ਜੁੜੇ ਲੋਕਾਂ ਤੇ ਪਰਿਵਾਰਵਾਦ ਨੇ ਅਕਾਲੀ ਦਲ ਦਾ ਵੱਡਾ ਨੁਕਸਾਨ ਕੀਤਾ। ਆਰਥਕ ਤੌਰ 'ਤੇ ਰੇਤੇ ਦੀਆਂ ਖੱਡਾਂ ਦੀ ਲੁੱਟ ਤੇ ਨਸ਼ਿਆਂ ਦੇ ਮੱਕੜਜਾਲ ਨੇ ਅਕਾਲੀ ਦਲ ਨੂੰ ਕਲੰਕਿਤ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਆਈ ਗਿਰਾਵਟ ਲਈ ਅਕਾਲੀ ਦਲ ਨੂੰ ਦੋਸ਼ੀ ਮੰਨਿਆ ਗਿਆ। ਇਸ ਨਾਲ ਅਕਾਲੀ ਦਲ ਹੌਲੀ ਹੌਲੀ ਸੁੰਗੜਦਾ ਪੰਜਾਬ ਦੀ ਸਿਆਸੀ ਸਟੇਜ ਤੋਂ ਲਗਪਗ ਅਲੋਪ ਹੋ ਗਿਆ। ਅਕਾਲੀ ਦਲ ਵਿੱਚੋਂ ਸੁਧਾਰ ਲਹਿਰ ਦੇ ਨਾਂ 'ਤੇ ਇੱਕ ਵੱਡਾ ਹਿੱਸਾ ਵੱਖ ਹੋ ਕੇ ਦੂਸ਼ਨਬਾਜ਼ੀ ਵਿੱਚ ਪੈ ਕੇ ਇਸਨੂੰ ਕਮਜ਼ੋਰ ਕਰਨ ਦੇ ਰਾਹ ਤੁਰ ਪਿਆ।

ਇਨ੍ਹਾਂ ਸਾਰੀਆਂ ਸੰਕਟ ਕਾਲੀ ਸਥਿਤੀਆਂ ਵਿੱਚੋਂ ਲੋਕ ਨਿਰਾਸ਼ ਹਨ, ਕਿਉਂਕਿ ਅਕਾਲੀ ਦਲ ਦਾ ਖੇਤਰੀ ਪਾਰਟੀ ਵਜੋਂ ਕਾਇਮ ਰਹਿਣਾ ਬੇਹੱਦ ਅਹਿਮ ਹੈ। ਸਿਆਸੀ ਤੌਰ 'ਤੇ ਇਹਦੀ ਪਛਾਣ ਤੇ ਕਾਡਰ ਦੀ ਮਹੱਤਤਾ ਇਤਿਹਾਸਕ ਮਾਣ ਵਾਲੀ ਹੈ। ਇਸਦੀ ਭਰੋਸੇਯੋਗਤਾ ਨੂੰ ਜੇ ਨਾਲਾਇਕ ਲੀਡਰਸ਼ਿਪ ਕਾਇਮ ਨਹੀਂ ਰੱਖ ਸਕੀ ਤਾਂ ਇਸੇ ਚਿੰਤਾ ਵਿੱਚੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਉਨ੍ਹਾਂ ਦੇ ਸਾਥੀ ਜਥੇਦਾਰਾਂ ਨੇ ਅਹਿਮ ਭੂਮਿਕਾ ਨਿਭਾਉਂਦਿਆਂ ਅਕਾਲੀ ਦਲ 'ਚ ਨਵੀਂ ਰੂਹ ਫੂਕਣ ਦਾ ਯਤਨ ਕੀਤਾ ਹੈ।




*ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬੀ ਸੂਬੇ ਦਾ ਮੋਰਚਾ, ਐਮਰਜੈਂਸੀ ਅਤੇ ਪਾਣੀਆਂ ਦੇ ਮੁੱਦਿਆਂ 'ਤੇ ਅਕਾਲੀ ਦਲ ਨੇ ਪੰਜਾਬ ਦੀ ਅਗਵਾਈ ਕੀਤੀ ਤੇ ਪੰਜਾਬੀਆਂ ਨੇ ਭਰਵਾਂ ਸਾਥ ਦਿੱਤਾ। ਪੰਜਾਬ ਜਾਂ ਪੰਥ 'ਤੇ ਜਦੋਂ ਵੀ ਭੀੜ ਪੈਂਦੀ ਤਾਂ ਲੋਕ ਅਕਾਲੀ ਦਲ ਵੱਖ ਦੇਖਦੇ, ਕਿਉਂਕਿ ਉਨ੍ਹਾਂ ਨੂੰ ਇਸ 'ਤੇ ਇਤਿਹਾਸਕ ਭਰੋਸਾ ਸੀ। ਇਹ ਬੜੀਆਂ ਕੁਰਬਾਨੀਆਂ ਤੇ ਲੰਮੇ ਸੰਘਰਸ਼ ਵਿੱਚੋਂ ਉਭਰ ਕੇ ਪ੍ਰਮੁੱਖ ਖੇਤਰੀ ਪਾਰਟੀ ਵਜੋਂ ਹੋਂਦ ਵਿੱਚ ਆਇਆ ਸੀ। ਇਹ ਇੱਕੋ ਇੱਕ ਦਲ ਸੀ, ਜਿਸਨੇ ਅਨੰਦਪੁਰ ਮਤੇ ਅਧੀਨ ਫੈਡਰਲ ਢਾਂਚੇ ਦੀ ਦੱਬ ਕੇ ਵਕਾਲਤ ਕੀਤੀ ਸੀ। ਅਕਾਲੀ ਦਲ ਦਾ ਫੈਡਰਲ ਢਾਂਚੇ ਵੱਲੋਂ ਮੂੰਹ ਮੋੜਨਾ ਬੜਾ ਨੁਕਸਾਨਦੇਹ ਹੈ।*

ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕਰਕੇ ਸਪਸ਼ਟੀਕਰਨ ਲਏ ਗਏ। ਉਨ੍ਹਾਂ ਦੇ ਗੁਨਾਹਾਂ ਬਾਰੇ ਪੁੱਛ ਪੜਤਾਲ ਕਰਕੇ ਸਿੱਖ ਕੌਮ ਵਿੱਚ ਭਰੋਸੇਯੋਗਤਾ ਪੈਦਾ ਕਰਨ ਦਾ ਯਤਨ ਕੀਤਾ ਗਿਆ। ਸਾਰੀ ਲੀਡਰਸ਼ਿਪ ਨੇ ਆਪਣੀਆਂ ਗਲਤੀਆਂ ਸਵੀਕਾਰ ਕਰਕੇ ਤਨਖਾਹ ਲਵਾਈ ਤੇ ਸਿਰ ਝੁਕਾ ਕੇ ਉਸ ਨੂੰ ਪ੍ਰਵਾਨ ਕੀਤਾ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ 'ਫਖਰ-ਏ-ਕੌਮ' ਦਾ ਖਿਤਾਬ ਵਾਪਸ ਲੈਣਾ ਅਤੇ ਸਰਸੇ ਵਾਲੇ ਸਾਧ ਨੂੰ ਮੁਆਫੀ ਦੇਣ ਵਾਲੇ ਸਾਬਕਾ ਜਥੇਦਾਰ ਤੇ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਸਿੰਘ ਨੂੰ ਵੀ ਤਲਬ ਕਰਨਾ ਅਹਿਮ ਪੱਖ ਰਹੇ। ਇਸ ਤੋਂ ਇਲਾਵਾ ਜਿਨ੍ਹਾਂ ਨੇ ਅਕਾਲ ਤਖਤ ਸਾਹਿਬ ਅਤੇ ਜਥੇਦਾਰਾਂ ਬਾਰੇ ਸੋਸ਼ਲ ਮੀਡੀਏ 'ਤੇ ਵੱਧ-ਘੱਟ ਬੋਲਿਆ, ਉਨ੍ਹਾਂ ਵਿੱਚੋਂ ਕਈਆਂ ਨੂੰ ਤਨਖਹੀਆ ਘੋਸ਼ਿਤ ਕੀਤਾ ਗਿਆ ਤੇ ਕਈਆਂ ਨੂੰ ਤਾੜਨਾ ਕੀਤੀ ਕਿ ਜੇ ਉਹ ਬਾਜ ਨਾ ਆਏ ਤਾਂ ਉਨ੍ਹਾਂ ਨੂੰ ਤਲਬ ਕਰਕੇ ਸਜ਼ਾ ਸੁਣਾਈ ਜਾਏਗੀ।

ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਜਥੇਦਾਰ ਸਾਹਿਬਾਨ ਨੇ ਆਪਣੀ ਭੂਮਿਕਾ ਨੂੰ ਇਤਿਹਾਸਕ ਸਮਝ ਕੇ ਪੰਥ ਦੀ ਅਗਵਾਈ ਕਰਦਿਆਂ ਤਨਖਾਹ ਲਾਈ। ਕਈ ਇਸ ਤਨਖਾਹ ਨੂੰ ਸੇਵਾ ਵਜੋਂ ਦੇਖ ਕੇ ਕਿੰਤੂ-ਪ੍ਰੰਤੂ ਕਰਦੇ ਹਨ, ਪਰ ਉਹ ਉਸ ਸਿੱਖੀ ਸਪਿਰਟ ਨੂੰ ਨਹੀਂ ਸਮਝਦੇ ਕਿ ਨੀਵੇਂ ਹੋਣ ਨਾਲ ਸਿਆਸੀ ਆਕੜ ਘਟਦੀ ਹੈ ਤੇ ਸੇਵਾ ਕਰਨ ਨਾਲ ਕੁਰਸੀ 'ਤੇ ਬੈਠਣ ਵਾਲਾ ਧਰਤੀ ਨਾਲ ਜੁੜਦਾ ਹੈ।

ਅਕਾਲ ਤਖਤ ਸਾਹਿਬ ਦੇ ਫੈਸਲੇ ਤੋਂ ਬਾਅਦ ਜਿਸ ਤਰ੍ਹਾਂ ਦੇ ਦਿਸ਼ਾ ਨਿਰਦੇਸ਼ ਦੇ ਕੇ ਅਕਾਲੀ ਦਲ ਨੂੰ ਸੰਕਟ ਵਿੱਚੋਂ ਕੱਢ ਕੇ ਨਵੀਂ ਰੂਹ ਫੂਕਣ ਦਾ ਯਤਨ ਕੀਤਾ ਗਿਆ ਹੈ, ਉਹ ਕਾਬਲਿ-ਤਾਰੀਫ ਹੈ। ਹੁਣ ਵਾਰੀ ਅਕਾਲੀ ਦਲ ਦੀ ਹੈ ਕਿ ਉਸ ਨੇ ਪੰਜਾਬ ਦੇ ਭਲੇ ਲਈ ਕਿਹੋ ਜਿਹਾ ਸਿਆਸੀ, ਆਰਥਕ, ਭਾਸ਼ਾਈ, ਸੱਭਿਆਚਾਰਕ, ਸਮਾਜਕ ਤੇ ਫੈਡਰਲ ਢਾਂਚੇ ਵਾਲਾ ਮਾਡਲ ਵਿਕਸਤ ਕਰਕੇ ਪੰਥ ਤੇ ਪੰਜਾਬ ਦੀ ਅਗਵਾਈ ਕਰਨੀ ਹੈ। ਸੰਭਲਣ ਦਾ ਇਹ ਆਖਰੀ ਮੌਕਾ ਹੈ; ਸਚਿਆਰ ਬਣ ਕੇ ਹੀ ਭਰੋਸੇਯੋਗਤਾ ਪੈਦਾ ਕੀਤੀ ਜਾ ਸਕਦੀ ਹੈ, ਨਹੀਂ ਤਾਂ ਇਤਿਹਾਸ ਵਿੱਚੋਂ ਮਿਟਦਿਆਂ ਦੇਰ ਨਹੀਂ ਲੱਗੇਗੀ।

ਗੁਰੂ ਨਾਨਕ ਸਾਹਿਬ ਬਾਰੇ ਇੱਕ ਸਾਖੀ ਅਗਵਾਈ ਕਰ ਸਕਦੀ ਹੈ- ਇੱਕ ਵਾਰ ਗੁਰੂ ਨਾਨਕ ਸਾਹਿਬ ਇੱਕ ਇਲਾਕੇ ਵਿੱਚ ਗਏ ਤੇ ਸੁੱਕੇ ਬਾਗ ਵਿੱਚ ਜਾ ਡੇਰਾ ਲਾਇਆ। ਰੱਬ ਦੀ ਕਰਨੀ, ਗੁਰੂ ਜੀ ਦੀ ਚਰਨ ਛੋਹ ਨਾਲ ਬਾਗ ਹਰਿਆ ਭਰਿਆ ਹੋ ਗਿਆ। ਜਦੋਂ ਖਬਰ ਰਾਜੇ ਕੋਲ ਪਹੁੰਚੀ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਰਾਜੇ ਵਿੱਚ ਰਾਜਿਆਂ ਵਾਲਾ ਗਰੂਰ ਸੀ। ਮੱਥਾ ਟੇਕ ਕੇ ਪਾਤਸ਼ਾਹ ਨੂੰ ਕਹਿਣ ਲੱਗਾ ਕਿ ਦੱਸੋ ਤੁਹਾਨੂੰ ਕੀ ਭੇਟਾ ਕਰਾਂ, ਤੁਸੀਂ ਬਾਗ ਹਰਿਆ ਕਰ ਦਿੱਤਾ ਹੈ; ਮੈਂ ਰਾਜਾ ਹਾਂ, ਜੋ ਮੰਗੋਗੇ ਮਿਲ ਜਾਏਗਾ। ਗੁਰੂ ਜੀ ਕਹਿਣ ਲੱਗੇ ਕਿ ਤੂੰ ਕੀ ਦੇ ਸਕਦੈਂ? ਰਾਜਾ ਕਹਿਣ ਲੱਗਾ- ਧਨ, ਦੌਲਤ, ਸੋਨਾ, ਚਾਂਦੀ। ਗੁਰੂ ਜੀ ਕਹਿਣ ਲੱਗੇ, ਉਹ ਤਾਂ ਤੂੰ ਲੁੱਟ ਕੇ ਇਕੱਠਾ ਕੀਤਾ ਹੈ। ਤੂੰ ਆਪਣਾ ਕੀ ਦੇ ਸਕਦੈਂ। ਕਹਿਣ ਲੱਗਾ- ਮੈਂ ਅੱਧਾ ਰਾਜ ਦੇ ਸਕਦਾਂ। ਗੁਰੂ ਜੀ ਕਹਿਣ ਲੱਗੇ, ਉਹ ਤਾਂ ਲੋਕਾਂ ਦਾ ਹੈ। ਰਾਜਾ ਕਹਿਣ ਲੱਗਾ- ਫਿਰ ਮੇਰਾ ਸਰੀਰ ਹੈ। ਗੁਰੂ ਜੀ ਕਹਿਣ ਲੱਗੇ ਕਿ ਇਹ ਤਾਂ ਸਵਾਹ ਦੀ ਢੇਰੀ ਹੈ, ਪਲ ਦਾ ਵਿਸਾਹ ਨਹੀਂ। ਫਿਰ ਕਹਿਣ ਲੱਗਾ- ਮਨ ਦੇ ਸਕਦਾਂ। ਗੁਰੂ ਜੀ ਕਹਿਣ ਲੱਗੇ ਕਿ ਮਨ ਤਾਂ ਤੇਰਾ ਵਿਕਾਰਾਂ ਨਾਲ ਭਰਿਆ ਪਿਆ ਹੈ।

ਅਖੀਰ ਰਾਜਾ ਕਹਿਣ ਲੱਗਾ- ਤੁਸੀਂ ਦੱਸੋ ਕੀ ਦਿਆਂ? ਗੁਰੂ ਜੀ ਕਹਿਣ ਲੱਗੇ ਕਿ ਆਪਣੀ 'ਮੈਂ' ਦੇ ਦੇ। ਉਹ ਗੁਰੂ ਜੀ ਦੇ ਚਰਨੀਂ ਢਹਿ ਪਿਆ। ਗੁਰੂ ਜੀ ਕਹਿਣ ਲੱਗੇ, ਰਾਜਾ ਉੱਠ ਤੇ ਜਾ ਕੇ ਰਾਜ ਕਰ। ਰਾਜਾ ਕਹਿਣ ਲੱਗਾ- ਮਹਾਰਾਜ ਜੀ! ਹੁਣ ਕਿਹੜਾ ਰਾਜ ਤੇ ਕਿਹੜਾ ਰਾਜਾ? 'ਮੈਂ' ਤਾਂ ਤੁਹਾਨੂੰ ਦੇ ਦਿੱਤੀ। ਹੁਣ ਮੈਨੂੰ ਕੁਝ ਨਹੀਂ ਚਾਹੀਦਾ। ਗੁਰੂ ਜੀ ਕਹਿਣ ਲੱਗੇ, ਨਹੀਂ! ਹੁਣ ਤੂੰ ਜਾਹ ਤੇ ਰਾਜ ਧਰਮ ਦਾ ਪਾਲਣ ਕਰ, ਪਰਜਾ ਤੈਨੂੰ ਉਡੀਕ ਰਹੀ ਹੈ, ਉਹਨੂੰ ਸੁੱਖ, ਸ਼ਾਂਤੀ, ਰੁਜਗਾਰ ਦੇ। ਉਨ੍ਹਾਂ ਦਾ ਭਲਾ ਕਰ। ਇਹ ਸਾਰਾ ਕੁਝ ਪਰਜਾ ਦਾ ਹੈ, ਤੂੰ ਪਹਿਰੇਦਾਰ ਬਣ ਕੇ ਇਹਦੀ ਰਾਖੀ ਕਰ, ਨਾ ਕੇ ਰਾਜਾ ਬਣ ਕੇ ਹੰਕਾਰ।

ਅਕਾਲੀ ਦਲ ਨੂੰ ਇਸਤੋਂ ਸੇਧ ਲੈ ਕੇ ਆਪਣੀ ਪਹਿਰੇਦਾਰੀ ਵਾਲੀ ਭੂਮਿਕਾ ਵਿੱਚ ਆ ਕੇ ਰਾਜ ਧਰਮ ਦਾ ਪਾਲਣ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤੇ 'ਮੈਂ' ਦਾ ਤਿਆਗ ਕਰਕੇ ਸਚਿਆਰ ਬਣਨਾ ਚਾਹੀਦਾ ਹੈ; ਤਾਂ ਹੀ ਉਹਦੇ ਗੁਨਾਹ ਮੁਆਫ ਹੋਣਗੇ ਤੇ ਭਰੋਸੇਯੋਗਤਾ ਕਾਇਮ ਹੋਵੇਗੀ।


ਖਾਲਸੇ ਦੀ ਸਿਰਜਣਾ ਕਰ ਕੇ ਜ਼ੁਲਮ ਦੇ ਟਾਕਰੇ ਲਈ ਇੱਕ ਨੂੰ ਸਵਾ ਲੱਖ ਨਾਲ ਲੜਾਉਣ ਦੇ ਸਮਰਥ ਕਰਨ ਵਾਲੇ ਸਾਹਿਬ-ਏ-ਕਮਾਲ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਭਨਾਂ ਨੂੰ ਕੋਟਾਨਿ ਕੋਟਿ ਵਧਾਈ

## ਨਵੇਂ ਵਰ੍ਹੇ 2025 ਨੂੰ ਨਿੱਘੀ ਜੀ ਆਇਆਂ

ਆਪ ਸਭ ਦੀ ਖੁਸ਼ਹਾਲੀ, ਤੰਦਰੁਸਤੀ ਤੇ ਤਰੱਕੀ ਦੀ
ਕਾਮਨਾ ਕਰਦੇ ਹੋਏ ਸ਼ੁਭ ਇੱਛਾਵਾਂ ਭੇਟ ਕਰਦੇ ਹਾਂ

HAPPY NEW YEAR 2025



HAPPY NEW YEAR 2025

ਵੱਲੋਂ: ਭੁਪਿੰਦਰ ਸਿੰਘ ਧਾਲੀਵਾਲ, ਰਾਜ ਧਾਲੀਵਾਲ ਅਤੇ ਪਰਿਵਾਰ

# ਪੰਜਾਬ ਅਤੇ ਕੈਂਸਰ

## ਸਮੱਸਿਆ ਕਿਤੇ ਹੋਰ, ਦੋਸ਼ ਕਿਤੇ ਹੋਰ!

ਡਾ. ਐੱਸ.ਪੀ.ਐੱਸ. ਬਰਾੜ

ਹਰੀ ਕ੍ਰਾਂਤੀ (ਤਕਨੀਕੀ ਖੇਤੀ) ਨੇ ਦੇਸ਼ ਦੇ ਅੰਨ ਭੰਡਾਰ ਭਰ ਦਿੱਤੇ। ਇਹੀ ਨਹੀਂ, ਦੇਸ਼ ਦੇ ਚੌਲ 129 ਦੇਸ਼ਾਂ ਵਿੱਚ ਜਾ ਰਹੇ ਹਨ ਅਤੇ ਕਣਕ ਦੀ ਮੰਗ ਵੀ ਯੂਕਰੇਨ ਦੀ ਲੜਾਈ ਸਮੇਂ ਜਦੋਂ ਭਾਰਤ ਨੇ ਕਣਕ ਦੀ ਬਰਾਮਦ ਬੰਦ ਕੀਤੀ ਤਾਂ ਯੂਰਪੀਅਨ ਦੇਸ਼ਾਂ ਨੇ ਇਸ ਫੈਸਲੇ ਖਿਲਾਫ ਰੌਲਾ ਪਾਇਆ ਅਤੇ ਆਈ.ਐੱਮ.ਐੱਫ. ਦੀ ਡਿਪਟੀ ਮੈਨੇਜਿੰਗ ਡਾਇਰੈਕਟਰ ਗੀਤਾ ਗੋਪੀਨਾਥ ਨੇ ਇਹ ਵੀ ਕਿਹਾ ਕਿ ਇਸ ਵਕਤ ਇਹ ਫੈਸਲਾ ਠੀਕ ਨਹੀਂ; ਭਾਵ ਕਣਕ ਦੀ ਬਰਾਮਦ ਰੋਕਣ ਨਾਲ ਦੁਨੀਆ ਵਿੱਚ ਕਣਕ ਦੇ ਭਾਅ ਵਧ ਜਾਣਗੇ, ਪਰ ਇਸ ਦੇ ਬਾਵਜੂਦ ਦੇਸ਼ ਅੰਦਰ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੀਆਂ ਜ਼ਮੀਨਾਂ ਅਤੇ ਧਰਤੀ ਹੇਠਲੇ ਪਾਣੀ ਵਿੱਚ ਭਾਰੀ ਧਾਤਾਂ ਦੀ ਮਾਤਰਾ ਵਧਾ ਦਿੱਤੀ ਹੈ, ਜਿਸ ਨਾਲ ਜ਼ਮੀਨ ਦੀ ਸਿਹਤ ਖਰਾਬ ਹੋ ਗਈ ਅਤੇ ਇੱਥੇ ਪੈਦਾ ਕੀਤੀਆਂ ਜਾਣ ਵਾਲੀਆਂ ਫਸਲਾਂ ਵਿੱਚ ਜ਼ਹਿਰੀਲੇ ਰਸਾਇਣਾਂ ਦੀ ਮਾਤਰਾ ਜ਼ਿਆਦਾ ਹੈ। ਇਸ ਲਿਖਤ ਵਿੱਚ ਇਹ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਅਜੇ ਤੱਕ ਖਾਦਾਂ ਅਤੇ ਪੈਸਟੀਸਾਈਡ ਦੀ ਵਰਤੋਂ ਨਾਲ ਨਾ ਜ਼ਮੀਨ ਦੀ ਸਿਹਤ ਖਰਾਬ ਹੋਈ ਹੈ, ਨਾ ਪਾਣੀ ਪਲੀਤ ਹੋਇਆ ਅਤੇ ਨਾ ਹੀ ਇੱਥੇ ਪੈਦਾ ਹੋਣ ਵਾਲੇ ਅਨਾਜ। ਸਮੱਸਿਆ ਕਿਤੇ ਹੋਰ ਹੈ, ਇਲਜ਼ਾਮ ਕਿਤੇ ਹੋਰ ਲਗਾਇਆ ਜਾ ਰਿਹਾ ਹੈ।

ਇਸ ਵਕਤ ਬ੍ਰਹਿਮੰਡ ਵਿੱਚ 119 ਤੱਤਾਂ ਦੀ ਸ਼ਨਾਖਤ ਹੋਈ ਹੈ। ਤੱਤ ਤੋਂ ਭਾਵ ਕਾਰਬਨ, ਆਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਵਗੈਰਾ ਹਨ। ਇਨ੍ਹਾਂ ਵਿੱਚੋਂ 95 ਕੁਦਰਤੀ ਹਨ ਅਤੇ ਬਾਕੀ 24 ਨਿਊਕਲੀਅਰ ਰਿਐਕਟਰਾਂ ਨਾਲ ਲੈਬਾਰਟਰੀਆਂ ਵਿੱਚ ਬਣਾਏ ਗਏ ਹਨ। ਜਿਹੜੇ ਤੱਤਾਂ ਦਾ ਅਟੌਮਿਕ ਭਾਰ ਜ਼ਿਆਦਾ ਹੈ ਅਤੇ ਇਨ੍ਹਾਂ ਦੀ ਘਣਤਾ 5 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਤੋਂ ਵੱਧ ਹੈ, ਉਨ੍ਹਾਂ ਨੂੰ ਭਾਰੀਆਂ ਧਾਤਾਂ ਵੀ ਕਿਹਾ ਜਾਂਦਾ ਹੈ। ਇਹ ਧਾਤਾਂ ਮਿੱਥੀ ਹੱਦ ਤੋਂ ਵੱਧ ਪੌਦਿਆਂ ਅਤੇ ਜੀਵ ਜੰਤੂਆਂ ਨੂੰ ਨੁਕਸਾਨਦਾਇਕ ਹਨ। ਇਹ ਧਾਤਾਂ ਥੋੜ੍ਹੀ ਬਹੁਤੀ ਮਾਤਰਾ ਵਿੱਚ ਹਰ ਜ਼ਮੀਨ ਵਿੱਚ ਹੁੰਦੀਆਂ ਹਨ। ਜ਼ਮੀਨ ਵਿੱਚ ਉੱਗਣ ਵਾਲੇ ਪੌਦੇ ਵਿੱਚ ਵੀ ਤਕਰੀਬਨ 70 ਤੱਤ ਹੁੰਦੇ ਹਨ, ਭਾਵੇਂ ਪੌਦੇ ਲਈ ਜ਼ਰੂਰੀ ਸਿਰਫ 16 ਤੱਤ ਹੀ ਹੁੰਦੇ ਹਨ। ਇਹ ਤੱਤ ਜ਼ਮੀਨ ਵਿੱਚ ਹੁੰਦੇ ਹਨ, ਇਸ ਲਈ ਇਹ ਕੁਝ ਮਾਤਰਾ ਵਿੱਚ ਬੂਟੇ ਨੂੰ ਜ਼ਰੂਰਤ ਨਾ ਹੋਣ ਦੇ ਬਾਵਜੂਦ ਅੰਦਰ ਚਲੇ ਜਾਂਦੇ ਹਨ। ਇਨ੍ਹਾਂ ਵਿੱਚੋਂ ਕੁਝ ਤੱਤ ਲੋੜ ਤੋਂ ਵੱਧ ਮਾਤਰਾ ਵਿੱਚ ਜ਼ਹਿਰੀਲੇ ਹਨ, ਜੋ ਹੌਲੀ-ਹੌਲੀ ਕੈਂਸਰ ਜਾਂ ਹੋਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

### ਪੰਜਾਬ ਦੀਆਂ ਜ਼ਮੀਨਾਂ ਵਿੱਚ ਭਾਰੀ ਧਾਤਾਂ ਦੀ ਮਾਤਰਾ

ਪੰਜਾਬ ਵਿੱਚ ਵੱਖ-ਵੱਖ ਸਾਇੰਸਦਾਨਾਂ ਨੇ ਮਿੱਟੀ ਦੀ ਪਰਖ ਕਰ ਕੇ ਭਾਰੀਆਂ ਧਾਤਾਂ ਦੇ ਜੋ ਅੰਕੜੇ ਦਿੱਤੇ ਹਨ, ਉਹ ਇਸ ਪ੍ਰਕਾਰ ਹਨ: ਐਲੂਮੀਨੀਅਮ 11542 ਮਿਲੀਗ੍ਰਾਮ ਪ੍ਰਤੀ ਕਿਲੋ, ਲੋਹਾ 1038, ਵਨੇਡੀਅਨ 1289, ਮੈਨਗਨੀਜ਼ 154-422.1, ਸਿੱਕਾ 0.4 ਤੋਂ 118, ਤਾਂਬਾ 0।.4 ਤੋਂ 58.1, ਕੋਬਾਲਟ 0.1 ਤੋਂ 19।.2, ਨਿਕਲ 3.9 ਤੋਂ 27.9, ਕੈਡਮੀਅਮ 0.1 ਤੋਂ 30.0, ਕਰੋਮੀਅਮ ਨਾਮਾਤਰ (ਪਰਖਿਆ ਨਹੀਂ ਜਾ ਸਕਦਾ) ਤੋਂ 75.7, ਆਰਸੇਨਿਕ 1.7, ਜ਼ਿੰਕ 0.1 ਤੋਂ 98.1 ਮਿਲੀਗ੍ਰਾਮ/ਕਿਲੋ। ਇਨ੍ਹਾਂ ਵਿੱਚ ਕੁਝ ਤੱਤ/ਧਾਤਾਂ ਪੌਦਿਆਂ ਲਈ ਜ਼ਰੂਰੀ ਹਨ, ਜਿਵੇਂ ਲੋਹਾ, ਤਾਂਬਾ, ਮੈਨਗਨੀਜ਼ ਅਤੇ ਜ਼ਿੰਕ। ਅੱਜ ਤੱਕ ਦੀ ਖੋਜ ਅਨੁਸਾਰ ਤਕਰੀਬਨ ਸਭ ਨੇ ਇਹੋ ਕਿਹਾ ਕਿ ਉਪਰੋਕਤ ਤੱਤ ਜ਼ਮੀਨ ਵਿੱਚ ਮਿੱਥੀ ਹੱਦ ਤੋਂ ਘੱਟ ਹਨ; ਸਿਰਫ 1-2 ਥਾਵਾਂ 'ਤੇ ਕੈਡਮੀਅਮ ਅਤੇ ਸਿੱਕਾ ਮਿੱਥੀ ਹੱਦ ਤੋਂ ਥੋੜ੍ਹਾ ਵੱਧ ਹਨ।

### ਤੱਤਾਂ ਦਾ ਜ਼ਮੀਨ ਵਿੱਚ ਸਰੋਤ

ਇਨ੍ਹਾਂ ਤੱਤਾ ਦਾ ਮੁੱਖ ਸਰੋਤ ਚੱਟਾਨਾਂ ਹਨ, ਜਿਨ੍ਹਾਂ ਤੋਂ ਇਹ ਜ਼ਮੀਨ ਬਣੀ ਹੈ; ਭਾਵ ਮੁੱਖ ਸਰੋਤ ਕੁਦਰਤੀ ਹੈ ਜਾਂ ਕਹਿ ਲਓ ਕਿ ਜ਼ਮੀਨ ਦੀ ਬਣਤਰ ਦਾ ਹਿੱਸਾ ਹਨ; ਜਿਵੇਂ ਚੀਕਣੀ ਮਿੱਟੀ ਨੂੰ ਰਸਾਇਣਿਕ ਵਿਗਿਆਨ ਦੀ ਭਾਸ਼ਾ ਵਿੱਚ ਅਲਮੀਨੋ ਸਿਲੀਕੇਟ (ਐਲੂਮੀਨੀਅਮ ਤੇ ਸਿਲੀਕਾ) ਕਿਹਾ ਜਾਂਦਾ ਹੈ। ਬਾਕੀ ਦੀਆਂ ਧਾਤਾਂ ਇਹਦੇ ਨਾਲ ਜੁੜੀਆਂ ਹੁੰਦੀਆਂ ਹਨ।

ਇਨ੍ਹਾਂ ਧਾਤਾਂ ਦਾ ਦੂਜਾ ਸਰੋਤ ਹੈ, ਬੰਦੇ ਵੱਲੋਂ ਹਰ ਫਾਲਤੂ ਚੀਜ਼ ਜ਼ਮੀਨ ਵਿੱਚ ਸੁੱਟਣਾ ਜਾਂ ਦੱਬਣਾ। ਮੁੱਖ ਤੌਰ 'ਤੇ ਜਿਨ੍ਹਾਂ ਵੀ ਆਦਮੀਆਂ ਅਤੇ ਜਾਨਵਰਾਂ ਦਾ ਰਹਿੰਦ-ਖੂੰਹਦ ਹੈ, ਉਹ ਸਾਰਾ ਧਰਤੀ ਵਿੱਚ ਹੀ ਜਾਂਦਾ ਹੈ, ਜਿਹੜਾ ਬਾਇਓਲਾਜੀਕਲ ਵੇਸਟ ਹੈ, ਉਹ ਧਰਤੀ ਵਿੱਚ ਗਲ ਕੇ ਧਰਤੀ ਦਾ ਹਿੱਸਾ ਬਣ ਜਾਂਦਾ ਹੈ, ਪਰ ਜਿਹੜਾ ਵੇਸਟ ਕਾਰਖਾਨਿਆਂ ਦਾ ਹੈ, ਉਹ ਗਲ ਕੇ ਧਰਤੀ ਵਿੱਚ ਸਮਾਉਂਦਾ ਨਹੀਂ ਅਤੇ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ।

### ਖੇਤੀ ਵਿੱਚ ਵਰਤੋਂ ਵਾਲੇ ਰਸਾਇਣਾਂ ਦਾ ਪ੍ਰਦੂਸ਼ਣ

ਖੇਤੀ ਵਿੱਚ ਦੋ ਤਰ੍ਹਾਂ ਦੇ ਰਸਾਇਣ ਵਰਤੇ ਜਾਂਦੇ ਹਨ। ਬੂਟਿਆਂ ਦੇ ਖੁਰਾਕੀ ਤੱਤ, ਜਿਨ੍ਹਾਂ ਨੂੰ ਖਾਦਾਂ ਕਹਿੰਦੇ ਹਨ; ਦੂਜੇ ਪੈਸਟੀਸਾਈਡ ਜੋ ਫਸਲ ਨੂੰ ਕੀੜੇ, ਬਿਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਵਰਤੇ ਜਾਂਦੇ ਹਨ। ਖਾਦਾਂ ਮੁੱਖ ਤੌਰ 'ਤੇ ਯੂਰੀਆ, ਡੀ.ਏ.ਪੀ., ਮਿਊਰੇਟ ਆਫ ਪੋਟਾਸ਼ ਅਤੇ ਜ਼ਿੰਕ ਸਲਫੇਟ ਹੀ ਜ਼ਮੀਨ ਵਿੱਚ ਹਨ। ਇਨ੍ਹਾਂ ਵਿੱਚ ਭਾਰੀਆਂ ਧਾਤਾਂ ਜ਼ਿੰਕ ਨੂੰ ਛੱਡ ਕੇ ਹੋਰ ਕਿਸੇ ਵੀ ਖਾਦ ਦਾ ਅੰਗ ਨਹੀਂ, ਪਰ ਕਿਉਂਕਿ ਡੀ.ਏ.ਪੀ. ਅਤੇ ਮਿਉਰੇਟ ਆਫ ਪੋਟਾਸ਼ ਖਾਣਾਂ ਵਿੱਚੋਂ ਲਏ ਖਣਿਜਾਂ ਤੋਂ ਬਣਦੀ ਹੈ, ਇਸ ਕਰ ਕੇ ਉਸ ਦੀ ਸਫਾਈ ਕਰਨ ਵੇਲੇ ਬਹੁਤ ਘੱਟ




ਮਾਤਰਾ ਵਿੱਚ ਭਾਰੀਆਂ ਧਾਤਾਂ ਰਹਿ ਸਕਦੀਆਂ ਹਨ। ਯੂਰੀਆ ਵਿੱਚ ਔਸਤ 1.8 ਮਿਲੀਗ੍ਰਾਮ ਪ੍ਰਤੀ ਕਿਲੋ ਸਿੱਕਾ, 2.8 ਮਿਲੀਗ੍ਰਾਮ ਕਰੋਮੀਅਮ, 2.6 ਮਿਲੀਗ੍ਰਾਮ ਨਿਕਲ, 0.25 ਮਿਲੀਗ੍ਰਾਮ ਕੈਡਮੀਅਮ, 0.16 ਮਿਲੀਗ੍ਰਾਮ ਕੋਬਾਲਟ ਹੁੰਦਾ ਹੈ; ਮਤਲਬ, ਸਾਰੀਆਂ ਧਾਤਾਂ ਮਿਲਾ ਕੇ ਵੀ 7.61 ਮਿਲੀਗ੍ਰਾਮ ਪ੍ਰਤੀ ਕਿਲੋ ਬਣਦੀਆਂ ਹਨ; ਭਾਵ ਜੇ ਤਿੰਨ ਬੋਰੀਆਂ ਯੂਰੀਏ ਦੀਆਂ ਝੋਨੇ ਅਤੇ ਤਿੰਨ ਹੀ ਕਣਕ ਨੂੰ ਪਾਈਏ ਤਾਂ ਸਾਲ ਵਿੱਚ 2 ਗ੍ਰਾਮ ਭਾਰੀਆਂ ਧਾਤਾਂ ਖੇਤ ਵਿੱਚ ਜਾਂਦੀਆਂ ਹਨ।

ਡੀ.ਏ.ਪੀ. ਵਿੱਚ ਇਹ ਧਾਤਾਂ ਔਸਤ ਇਸ ਪ੍ਰਕਾਰ ਹਨ: ਸਿੱਕਾ 8.2 ਮਿਲੀਗ੍ਰਾਮ, ਕਰੋਮੀਅਮ 13.0 ਮਿਲੀਗ੍ਰਾਮ, ਨਿਕਲ 14.8 ਮਿਲੀਗ੍ਰਾਮ, ਕੈਡਮੀਅਮ 6.3 ਮਿਲੀਗ੍ਰਾਮ ਅਤੇ ਕੋਬਾਲਟ 8.2 ਮਿਲੀਗ੍ਰਾਮ। ਇਸ ਦੀ ਸਿਫਾਰਸ਼ 50 ਕਿਲੋ ਕਣਕ ਅਤੇ 25 ਕਿਲੋ ਝੋਨੇ ਨੂੰ ਕੀਤੀ ਜਾਂਦੀ ਹੈ। ਇਹ 75 ਕਿਲੋ ਡੀ.ਏ.ਪੀ. ਵਿੱਚ 3.8 ਗ੍ਰਾਮ ਬਣਦੀਆਂ ਹਨ; ਭਾਵ ਦੋਨੋਂ ਤਰ੍ਹਾਂ ਦੀਆਂ ਖਾਦਾਂ ਮਿਲਾ ਕੇ ਵੀ 6 ਗ੍ਰਾਮ ਪ੍ਰਤੀ ਏਕੜ ਹੁੰਦੀਆਂ। ਅੱਗੇ ਇਹ 6 ਗਰਾਮ ਇੱਕ ਹਜ਼ਾਰ ਟਨ ਮਿੱਟੀ ਵਿੱਚ ਰਲਣਾ ਹੈ, ਜਿਸ ਵਿੱਚ ਅਗਾਂਹ ਫਿਰ ਜੀਵਕ ਮਾਦੇ ਅਤੇ ਚੀਕਣੀ ਮਿੱਟੀ ਨੇ ਇਸ ਦੀ ਪਕੜ ਕਰਨੀ ਹੈ। ਇਸ ਲਈ ਖਾਦਾਂ ਵਿਚਲੀਆਂ ਭਾਰੀਆਂ ਧਾਤਾਂ ਦਾ ਜ਼ਮੀਨ ਵਿੱਚ ਇਕੱਠਾ ਹੋਣਾ ਅਤੇ ਇਸ ਦਾ ਧਰਤੀ ਹੇਠਲੇ ਪਾਣੀ ਨੂੰ ਖਰਾਬ ਕਰਨ ਜਾਂ ਬੂਟੇ ਵਿੱਚ ਜਾ ਕੇ ਖਰਾਬ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੇ ਨਾਈਟ੍ਰੇਟ ਪਾਣੀ ਵਿੱਚ ਆਉਂਦੇ ਹਨ, ਉਹ ਬੰਦਿਆਂ ਅਤੇ ਪਸ਼ੂਆਂ ਦੇ ਮਲ ਮੂਤਰ ਤੋਂ ਆਉਂਦੇ ਹਨ, ਖਾਦਾਂ ਤੋਂ ਨਹੀਂ। ਜਿੰਨੀ ਆਬਾਦੀ ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰਲੇ ਹਿੱਸਿਆਂ ਵਿੱਚ ਰਹਿੰਦੀ ਹੈ, 90 ਪ੍ਰਤੀਸ਼ਤ ਦੇ ਕੱਚੇ ਟੋਏ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਪਾਣੀ ਪੱਕਿਆਂ ਵਿੱਚੋਂ ਵੀ ਰਸਦਾ ਹੈ।

ਵੱਧ ਵਰਤੇ ਜਾਣ ਵਾਲੀਆਂ 6 ਕੀੜੇਮਾਰ ਪੈਸਟੀਸਾਈਡਸ ਟੈਸਟ ਕੀਤੀਆਂ, ਜਿਨ੍ਹਾਂ ਵਿੱਚ ਸਿੱਕਾ 4.30 ਤੋਂ 15.69 ਮਿਲੀਗ੍ਰਾਮ/ਕਿਲੋ ਅਤੇ ਕੈਡਮੀਅਮ 0.04 ਤੋਂ 0.32 ਮਿਲੀਗ੍ਰਾਮ ਨਿਕਲਿਆ। ਉੱਲੀ ਅਤੇ ਬੈਕਟੀਰੀਆ ਨਾਸ਼ਕ ਫਨਜੀਸਾਈਡ ਵਿੱਚ ਸਿੱਕਾ 5.4 ਤੋਂ 22.3 ਮਿਲੀਗ੍ਰਾਮ ਅਤੇ ਕੈਡਮੀਅਮ 0.05 ਤੋਂ 0.5 ਮਿਲੀਗ੍ਰਾਮ ਦੱਸਿਆ ਗਿਆ ਹੈ। ਨਦੀਨ ਨਾਸ਼ਕ ਗਲਾਈਫੋਸੇਟ ਵਿੱਚ ਸਿੱਕਾ 2।7 ਮਿਲੀਗ੍ਰਾਮ ਅਤੇ ਕੈਡਮੀਅਮ 0.14 ਮਿਲੀਗ੍ਰਾਮ। ਇਨ੍ਹਾਂ ਵਿੱਚ ਜਿਹੜੇ ਜ਼ਹਿਰੀਲੇ ਅਣੂ ਹੁੰਦੇ ਹਨ, ਜਿਨ੍ਹਾਂ ਨਾਲ ਕੀੜੇ, ਉੱਲੀ, ਬੈਕਟੀਰੀਆ ਅਤੇ ਨਦੀਨ ਮਰਦੇ ਹਨ, ਉਹ ਬਾਇਓਡੀਗਰੇਡੇਬਲ ਹੁੰਦੇ ਹਨ; ਭਾਵ ਕਿਸੇ ਵੀ ਜਿਊਂਦੀ ਚੀਜ਼ ਨਾਲ ਲੱਗ ਕੇ ਭਾਵੇਂ ਉਹ ਬੂਟਾ ਹੈ ਜਾਂ ਮਿੱਟੀ, ਉਸ ਦੇ ਅਣੂਆਂ ਵਿੱਚ ਤਬਦੀਲੀ ਆਉਣ ਨਾਲ ਅਸਰ ਸਮੇਂ ਅਨੁਸਾਰ ਘਟਦਾ ਜਾਂਦਾ ਹੈ ਅਤੇ ਜੇ ਇਹ ਸਿਫਾਰਸ਼ ਕੀਤੇ ਢੰਗ ਨਾਲ ਵਰਤੇ ਜਾਣ ਤਾਂ ਇਹ ਨੁਕਸਾਨਦਾਇਕ ਨਹੀਂ। ਜਿਥੋਂ ਤੱਕ ਭਾਰੀਆਂ ਧਾਤਾਂ ਦੀ ਗੱਲ ਹੈ, ਇਨ੍ਹਾਂ ਜ਼ਹਿਰਾਂ ਦੀ ਸਿਫਾਰਸ਼ ਕੀਤੀ ਡੋਜ਼ ਬਹੁਤ ਘੱਟ ਹੈ। ਭਾਰਤ ਵਿੱਚ ਇਨ੍ਹਾਂ ਦੀ ਖਪਤ 260 ਗ੍ਰਾਮ ਪ੍ਰਤੀ ਹੈਕਟੇਅਰ ਹੈ ਅਤੇ ਪੰਜਾਬ ਵਿੱਚ 740 ਗ੍ਰਾਮ ਪ੍ਰਤੀ ਹੈਕਟੇਅਰ (300 ਗ੍ਰਾਮ ਪ੍ਰਤੀ ਏਕੜ) ਹੈ। ਨਤੀਜਾ, ਕਿਸੇ ਵੀ ਪੈਸਟੀਸਾਈਡ ਦੀ ਵਰਤੋਂ ਨਾਲ 50-60 ਮਿਲੀਗ੍ਰਾਮ ਏਕੜ ਤੋਂ ਵੱਧ ਭਾਰੀਆਂ ਧਾਤਾਂ ਨਹੀਂ ਜਾਂਦੀਆਂ। ਸਿਰਫ ਬੋਰਡੈਕਸ ਮਿਕਸਚਰ ਹੀ ਹੈ, ਜਿਸ ਵਿੱਚ ਕਾਪਰ ਸਲਫੇਟ ਸਿੱਧਾ ਪੈਂਦਾ ਹੈ, ਪਰ ਇਹ ਸਿਰਫ ਬਾਗਾਂ ਵਿੱਚ ਵਰਤਿਆ ਜਾਂਦਾ ਹੈ। ਇਹ ਬੂਟਿਆਂ ਅਤੇ ਬੰਦਿਆਂ ਦਾ ਖੁਰਾਕੀ ਤੱਤ ਵੀ ਹੈ। ਜ਼ਮੀਨ ਵਿੱਚ ਕਾਪਰ (ਤਾਂਬਾ) ਦਾ ਸਰੂਪ ਕੁਪਰਸ ਤੋਂ ਕੁਪਰਿਕ ਬਣ ਕੇ ਘੁਲਣਸ਼ੀਲਤਾ ਘਟ ਜਾਂਦੀ ਹੈ।

> *ਪੰਜਾਬ ਵਿੱਚ ਤਕਨੀਕੀ ਖੇਤੀ ਕਰਨ ਨਾਲ ਪੰਜਾਬ ਦੀ ਜ਼ਮੀਨ ਦੀ ਸਿਹਤ ਖਰਾਬ ਨਹੀਂ ਹੋਈ, ਸਗੋਂ ਸੁਧਰੀ ਹੈ। ਇਸੇ ਕਰ ਕੇ ਫਸਲਾਂ ਦੇ ਝਾੜ ਵਧ ਰਹੇ ਹਨ। ਨਾ ਹੀ ਖੇਤੀ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਕੋਈ ਨੁਕਸਾਨ ਪਹੁੰਚਿਆ ਹੈ, ਨਾ ਇੱਥੇ ਪੈਦਾ ਹੋਣ ਵਾਲੇ ਅਨਾਜ ਵਿੱਚ ਕੋਈ ਕਮੀ ਹੈ। ਇੱਥੇ ਪੈਦਾ ਕੀਤੇ ਚੌਲ ਅਤੇ ਬਾਸਮਤੀ ਬਾਹਰਲੇ ਦੇਸ਼ ਖਰੀਦਦੇ ਹਨ, ਉਹ ਕਮਲੇ ਨਹੀਂ। ਇਹ ਕਿਸੇ ਸੋਚੀ ਸਮਝੀ ਸਾਜ਼ਿਸ਼ ਤਹਿਤ ਫੈਕਟਰੀਆਂ ਦੇ ਪ੍ਰਦੂਸ਼ਣ ਤੋਂ ਐੱਨ.ਜੀ.ਟੀ. ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਧਿਆਨ ਪਾਸੇ ਹਟਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਸਾਫ ਕਰ ਕੇ ਅੱਡ ਨਹਿਰ ਕੱਢ ਕੇ ਸਿੰਜਾਈ ਲਈ ਵਰਤਣ ਨੂੰ ਦੇਣ। ਮਾਲਵੇ ਨੂੰ ਮਾਲਵਾ ਨਹਿਰ ਤੋਂ ਪਹਿਲਾਂ ਪੀਣ ਵਾਲੇ ਸਾਫ ਪਾਣੀ ਦੀ ਲੋੜ ਹੈ।*



### ਪਾਣੀ

ਉਦਯੋਗ ਕੋਈ ਵੀ ਹੈ, ਉਹ ਸਾਰੇ ਹੀ ਪਾਣੀ ਖਰਾਬ ਕਰਦੇ ਹਨ। ਕੱਪੜਾ, ਕਾਗਜ਼, ਚਮੜਾ, ਲੋਹਾ, ਇਲੈਕਟ੍ਰੋਪਲੇਟਿੰਗ (ਕਰੋਮੀਅਮ ਤੇ ਨਿਕਲ ਪਾਲਿਸ਼), ਸ਼ਰਾਬ, ਖੰਡ, ਤੇਲ ਸਾਫ ਕਰਨ ਵਾਲੀਆਂ ਰਿਫਾਈਨਰੀਆਂ, ਰੰਗਾਈ ਅਤੇ ਬੈਟਰੀ ਉਦਯੋਗਾਂ ਦੇ ਕਾਰਖਾਨੇ ਆਦਿ ਦੇ ਗੰਦੇ ਪਾਣੀ ਵਿੱਚ ਧਾਤਾਂ ਜਾਂ ਤੱਤ ਹੁੰਦੇ ਹਨ, ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ; ਪਰ ਅਫਸੋਸ ਦੀ ਗੱਲ ਹੈ ਕਿ ਪਾਣੀ ਦੇ ਪ੍ਰਦੂਸ਼ਣ ਦੇ ਜਿੰਨੇ ਭਿਆਨਕ ਨਤੀਜੇ ਹਨ, ਉਸ ਹਿਸਾਬ ਨਾਲ ਨਾ ਸਰਕਾਰ ਅਤੇ ਨਾ ਹੀ ਨਤੀਜੇ ਭੁਗਤਣ ਵਾਲੇ ਲੋਕ ਸੁਹਿਰਦ ਹਨ। ਕਈ ਵਿਗਿਆਨੀਆਂ ਨੇ ਪਾਣੀ ਦੇ ਨਮੂਨੇ ਲੈ ਕੇ ਪਰਖ ਕੀਤੀ ਅਤੇ ਆਪੋ-ਆਪਣੇ ਅੰਕੜੇ ਪੇਸ਼ ਕੀਤੇ ਹਨ। ਇੱਕ ਪਰਚਾ ਅਗਸਤ 2021 ਨੂੰ ਜਰਨਲ ਆਫ ਜੀਓਹਾਈਡਰੋਲਜੀ ਵਿੱਚ ਛਪਿਆ। ਇਹ ਪੰਜਾਬ ਵਿੱਚੋਂ ਇਕੱਠੇ ਕੀਤੇ 263 ਨਮੂਨਿਆ 'ਤੇ ਆਧਾਰਿਤ ਹੈ, ਜੋ ਅਗਸਤ ਤੋਂ ਅਕਤੂਬਰ 2019 ਵਿੱਚ 5 ਮੀਟਰ ਤੋਂ 350 ਮੀਟਰ ਦੀ ਡੂੰਘਾਈ ਤੋਂ ਲਏ ਸੀ। ਇਹ ਨਮੂਨੇ ਐਲੂਮੀਨੀਅਮ, ਲੋਹਾ, ਮੈਨਗਨੀਜ਼, ਜ਼ਿੰਕ, ਤਾਂਬਾ, ਕਰੋਮੀਅਮ, ਕੈਡਮੀਅਮ, ਨਿਕਲ ਅਤੇ ਸਿੱਕੇ ਲਈ ਟੈਸਟ ਕੀਤੇ। ਇਸ ਪਰਚੇ ਮੁਤਾਬਕ ਉਸੇ ਵੇਲੇ ਇਕੱਠੇ ਕੀਤੇ ਸਾਰੇ ਪਾਣੀ ਪੀਣ ਯੋਗ ਸਨ।

ਇੱਕ ਹੋਰ ਪਰਚਾ 2021 ਵਿੱਚ ਹੀ ਛਪਿਆ, ਜਿਸ ਅਨੁਸਾਰ ਬਠਿੰਡੇ ਜ਼ਿਲ੍ਹੇ ਵਿੱਚੋਂ 19 ਨਮੂਨੇ ਲਏ। ਇਹ ਨਮੂਨੇ ਮਰਕਰੀ (ਪਾਰਾ), ਕਰੋਮੀਅਮ, ਆਰਸੇਨਿਕ, ਸੀਲੀਨੀਅਮ ਅਤੇ ਕੈਡਮੀਅਮ ਲਈ ਪਰਖੇ ਗਏ; ਕਰੋਮੀਅਮ ਅਤੇ ਪਾਰਾ ਸਾਰੇ ਨਮੂਨਿਆਂ ਵਿੱਚ ਮਿੱਥੀ ਹੱਦ ਤੋਂ ਵੱਧ ਸਨ। ਆਰਸੇਨਿਕ ਅਤੇ ਕੈਡਮੀਅਮ ਸਾਰੇ ਨਮੂਨਿਆਂ ਵਿੱਚ ਮਿੱਥੀ ਹੱਦ ਤੋਂ ਘੱਟ ਹੈ। ਸੀਲੀਨੀਅਮ ਸਿਰਫ ਦੋ ਨਮੂਨਿਆਂ ਵਿੱਚ ਮਿੱਥੇ ਤੋਂ ਵੱਧ ਹੈ। ਇਕ ਹੋਰ ਖੋਜ ਪੱਤਰ ਅਨੁਸਾਰ ਮਾਝੇ ਦੇ ਚਾਰ ਜ਼ਿਲ੍ਹਿਆਂ-ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ ਧਰਤੀ ਹੇਠਲੇ ਪਾਣੀਆਂ ਵਿੱਚ ਨਾਈਟ੍ਰੇਟ ਅਤੇ ਲੋਹਾ ਮਿੱਥੀ ਹੱਦ ਤੋਂ ਵੱਧ ਹੈ। ਤਿੰਨ ਜ਼ਿਲ੍ਹਿਆਂ ਵਿੱਚ ਆਰਸੇਨਿਕ (ਪਠਾਨਕੋਟ ਤੋਂ ਬਿਨਾਂ), ਦੋ ਜ਼ਿਲ੍ਹਿਆ ਤਰਨ ਤਾਰਨ ਅਤੇ ਅੰਮ੍ਰਿਤਸਰ ਵਿੱਚ ਯੂਰੇਨੀਅਮ ਵੱਧ ਹੈ। ਨਤੀਜਾ, ਪਾਣੀ ਵਿੱਚ ਰਸਾਇਣ ਜਗ੍ਹਾ ਅਤੇ ਡੂੰਘਾਈ ਨਾਲ ਬਦਲਦੇ ਹਨ।

### ਦਰਿਆਵਾਂ/ਨਹਿਰਾਂ ਦਾ ਪਾਣੀ

ਦਰਿਆਵਾਂ ਅਤੇ ਨਹਿਰਾਂ ਦੇ ਪਾਣੀ ਨੂੰ ਸਭ ਤੋਂ ਵੱਧ ਮਨੁੱਖ ਨੇ ਖਰਾਬ ਕੀਤਾ। ਪਹਾੜਾਂ ਦੀ ਆਬਾਦੀ ਦਾ ਮਲਮੂਤਰ, ਹੋਰ ਕੂੜਾ ਕਰਕਟ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਮੀਂਹਾਂ ਨਾਲ ਰੁੜ੍ਹ ਕੇ ਨਦੀਆਂ ਨਾਲਿਆਂ ਵਿੱਚ ਦੀ ਹੋ ਕੇ ਸਤਲੁਜ, ਬਿਆਸ ਅਤੇ ਰਾਵੀ ਦਾ ਹਿੱਸਾ ਬਣਦਾ ਹੈ। ਜਿੰਨੀਆਂ ਫੈਕਟਰੀਆਂ ਅਤੇ ਹੋਟਲ ਸਨਅਤ ਹੈ, ਸਾਰੀ ਦੀ ਸਾਰੀ ਪਾਣੀ ਦੇ ਸਰੋਤਾਂ ਉੱਪਰ ਨਿਰਭਰ ਹੈ। ਇਸੇ ਤਰ੍ਹਾਂ ਪੰਜਾਬ ਦੇ ਜਿੰਨੇ ਸ਼ਹਿਰ ਹਨ, ਤਕਰੀਬਨ ਸਾਰਿਆਂ ਦਾ ਗੰਦਾ ਪਾਣੀ ਡਰੇਨਾਂ ਰਾਹੀਂ ਘੁੰਮ ਫਿਰ ਕੇ ਜਾਂ ਧਰਤੀ ਵਿੱਚ ਜਾਂਦਾ ਹੈ ਜਾਂ ਦਰਿਆਵਾਂ ਵਿੱਚ। ਲੁਧਿਆਣੇ ਦਾ ਸੀਵਰ ਨਿਕਾਸ ਬੁੱਢੇ ਨਾਲੇ ਵਿੱਚੀਂ ਹੋ ਕੇ ਸਤਲੁਜ ਵਿੱਚ ਪੈਂਦਾ ਹੈ, ਜਿਸ ਵਿੱਚ ਸਿੱਕਾ, ਕੈਡਮੀਅਮ, ਕੋਬਾਲਟ, ਕਰੋਮੀਅਮ, ਜ਼ਿੰਕ ਤੇ ਨਿਕਲ ਸੰਸਾਰ ਸਿਹਤ ਸੰਸਥਾ ਦੀਆਂ ਮਿੱਥੀਆਂ ਹੱਦਾਂ ਤੋਂ ਵੱਧ ਹਨ।

### ਸੀਵਰ ਸੋਧ ਪਲਾਂਟ

ਜਿਹੜੇ ਸੀਵਰੇਜ ਸੋਧ ਪਲਾਂਟ ਲੱਗੇ ਹਨ, ਉਹ ਸਿਰਫ ਪਾਣੀ ਨੂੰ ਆਕਸੀਜੀਨੇਟ (ਬੀ.ਓ.ਡੀ. ਘਟਾਉਂਦੇ) ਕਰਦੇ ਹਨ ਅਤੇ ਸਲੱਜ ਅੱਡ ਕਰਦੇ ਹਨ। ਪਾਣੀ ਵਿੱਚੋਂ ਨਾ ਭਾਰੀਆਂ ਧਾਤਾਂ ਬਾਹਰ ਕੱਢੀਆਂ ਜਾਂਦੀਆਂ ਹਨ, ਨਾ ਹੀ ਕਲੋਰੀਨੇਟ ਕਰ ਕੇ ਬਿਮਾਰੀਆਂ ਦੇ ਕੀਟਾਣੂ ਮਾਰੇ ਜਾਂਦੇ ਹਨ। ਅੱਜ ਕੱਲ ਫੈਕਟਰੀਆਂ ਵਾਲਿਆਂ ਨੇ ਨਵਾਂ ਰਾਹ ਲੱਭਿਆ ਹੈ- ਵਾਟਰ ਹਾਰਵੇਸਟਿੰਗ ਦੇ ਨਾਮ 'ਤੇ ਬੋਰ ਕਰ ਕੇ ਗੰਦਾ ਪਾਣੀ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ।

### ਕੈਂਸਰ ਤੇ ਹੋਰ ਬਿਮਾਰੀਆਂ ਦੇ ਕਾਰਨ

ਬੁੱਢੇ ਨਾਲੇ ਦਾ ਪਾਣੀ ਬਹੁਤ ਪ੍ਰਦੂਸ਼ਤ ਹੈ, ਜਿਸ ਵਿੱਚ ਲੁਧਿਆਣੇ ਦੀ 30 ਲੱਖ ਦੀ ਆਬਾਦੀ ਦਾ ਮਲਮੂਤਰ ਅਤੇ ਤਾਜਪੁਰ ਤੇ ਹੈਬੋਵਾਲ ਦੀਆਂ ਡੇਅਰੀਆਂ ਦਾ ਗੋਹਾ ਹੋਣ ਕਰ ਕੇ ਇਸ ਵਿੱਚ ਭਿਆਨਕ ਬਿਮਾਰੀਆਂ ਨੂੰ ਜਨਮ ਦੇਣ ਵਾਲੇ ਜ਼ਰਮ ਪਲਦੇ ਹਨ। ਇਸ ਵਿੱਚ ਫੈਕਟੀਰੀਆ ਦਾ ਗੰਦਾ ਪਾਣੀ ਵੀ ਨਿਕਾਸ ਕੀਤਾ ਜਾਂਦਾ ਹੈ, ਜਿਸ ਵਿੱਚ ਸਿੱਕਾ, ਨਿਕਲ, ਕੈਡਮੀਅਮ ਤੇ ਕਰੋਮੀਅਮ ਵਰਗੀਆਂ ਭਾਰੀਆਂ ਧਾਤਾਂ ਵੀ ਸੰਸਾਰ ਸਿਹਤ ਸੰਸਥਾ ਦੀ ਮਿੱਥੀ ਮਾਤਰਾ ਤੋਂ ਵੱਧ ਹੁੰਦੀਆਂ ਹਨ। ਇਹੋ ਪਾਣੀ ਸਤਲੁਜ ਦਰਿਆ ਵਿੱਚ ਮਿਲ ਕੇ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਰਾਹੀਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਲੋਕਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ ਅਤੇ ਇਹੋ ਧਾਤਾਂ ਸਰੀਰ ਵਿੱਚ ਜਾ ਕੇ ਕੈਂਸਰ ਦਾ ਕਾਰਨ ਬਣਦੀਆਂ ਹਨ। ਸੀਵਰੇਜ ਵਿੱਚ ਜਰਮ (ਬੈਕਟੀਰੀਆ ਆਦਿ) ਟੀ.ਬੀ., ਪੇਟ ਅਤੇ ਚਮੜੀ ਰੋਗ ਵਰਗੀਆਂ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ।

# ਖੁਸ਼ਆਮਦੀਦ 2025

## ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਸ਼ਿਕਾਗੋ)

ਸਮਾਜਿਕ ਇਨਕਲਾਬ ਦੇ ਮੋਢੀ ਤੇ ਬਹੁਪੱਖੀ ਪ੍ਰਤਿਭਾ ਦੇ ਮੁਜੱਸਮੇ

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ**

ਅਤੇ

**ਨਵੇਂ ਸਾਲ 2025 ਦੀ ਆਮਦ ਮੌਕੇ**

**ਸਮੂਹ ਪੰਜਾਬੀ ਭਾਈਚਾਰੇ ਨੂੰ**

# ਬਹੁਤ ਬਹੁਤ ਵਧਾਈਆਂ

## Teeyan Da Mela-2025 on July 27th, 2025

PAO

*ਸਾਨੂੰ ਆਪਣੇ ਸਪਾਂਸਰਾਂ ਉਤੇ ਮਾਣ ਹੈ, ਜਿਨ੍ਹਾਂ ਨੇ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੱਤਾ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਏ*

Debra and Darshan Dhaliwal
Jodi and Mac Bhamra
Professional Health Care Lab, Inc.
Raj and Bhupinder Dhaliwal
Minni and Gulzar Multani (Pan-Oceanic Inc.)
Jasmeet and Jasbir Suga (Suga Builders)
Malinder (Rani) K. Dandona
Naina and Devinder Singh (The Goddard School)
Sukhi and Jesse Singh (Re/Max American Dream Real Estate Broker)
Kamal and Lucky Sahota (Safeway Transportation Corp.)

## PAO Board

Ms. Jasmeet K. Suga — *President*
Ms. Sukhwinder Kaur — *Vice President*

Mr. Gulzar Singh
Mr. Jagmeet Singh
Mr. Sukhwinder S. Hunjan
Mr. Harjinder S. Khaira
Mr. Savi S. Attal
Ms. Naiha Walia
Ms. Rajinder K. Mago
Mr. Devinder Singh
Ms. Naina Singh
Ms. Amrita Dandona
Ms. Sheetal Kalra
Ms. Rosie Rehal
Ms. Shaloo Chhabra
Ms. Prabjot Khaira
Ms. Kamaljeet Hunjan
Ms. Minni Multani
Ms. Gurpreet Kaur
Ms. Parmjit Sangha
Ms. Jewanjot Dhami

# Punjabi American Organization

ਪਿੰਡ ਵਸਿਆ (19)

ਵਿਜੈ ਬੰਬੇਲੀ
ਫੋਨ: +91-9463439075



# ਬਾਗੀਆਂ ਦਾ ਪਿੰਡ 'ਬਿਲਗਾ'

*ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਬਾਗੀਆਂ ਦੇ ਪਿੰਡ 'ਬਿਲਗਾ' ਦਾ ਸੰਖੇਪ ਵੇਰਵਾ...*

ਜਲੰਧਰ ਜ਼ਿਲੇ ਦੀ ਤਹਿਸੀਲ ਫਿਲੌਰ ਦਾ ਉੱਘਾ ਪਿੰਡ ਬਿਲਗਾ ਤਵਾਰੀਖੀ ਪਿੱਠਭੂਮੀ ਵਾਲਾ ਖਿੱਤਾ ਹੈ। ਇਹ ਪਿੰਡ ਵੱਖ-ਵੱਖ ਖੇਤਰਾਂ ਵਿੱਚ ਇਤਿਹਾਸਕ ਯੋਗਦਾਨ ਸਦਕਾ ਇਲਾਕੇ ਦੀ ਕਲਗੀ ਹੈ। ਬਿਲਗਾ, ਕਿੱਥੇ ਕੁ ਵੱਸਦਾ ਹੈ, ਬਾਰੇ ਗ਼ਦਰੀ ਬਾਬੇ ਭਗਤ ਸਿੰਘ ਬਿਲਗਾ ਨੇ ਬੜਾ ਰੋਚਿਕ ਬਿਆਨ ਕੀਤਾ, "ਅਖੇ! ਕੰਗਣੀਵਾਲ ਵੇਈਂ ਦੇ ਕਿਨਾਰੇ ਤੋਂ ਦੱਖਣ ਵੱਲ ਨੂੰ ਪਿੰਡਾਂ ਦੀ ਗਿਣਤੀ ਕਰਦੇ ਆਈਏ ਤਾਂ ਇਸਦਾ ਨੰਬਰ 102 ਹੈ। ਅਰਥਾਤ ਪਟਵਾਰੀ ਦੇ ਕਾਗਜ਼ਾਂ 'ਤੇ ਇਸਦੀ ਜਾਇਆ ਵਕੂਹ 102 ਹੈ। ਫਿਲੌਰ ਤੋਂ ਰੇਲੇ ਜਾਈਏ ਤਦ ਇਸਨੂੰ ਸਟੇਸ਼ਨ ਦੂਜਾ ਪੈਂਦਾ ਹੈ। ਫਿਲੌਰ ਤੋਂ ਨਕੋਦਰ ਜਾਣ ਵਾਲੀ ਪੱਕੀ ਸੜਕੇ 'ਮੁਆਈ' ਦੇ ਚੁਰਾਹੇ 'ਤੇ ਦੱਖਣ ਵੱਲ ਮੁੜਦਿਆਂ ਇਹ 2 ਮੀਲ ਦੇ ਫ਼ਾਸਲੇ 'ਤੇ ਹੈ। ਪ੍ਰਚੀਨ ਨਿਸ਼ਾਨੀਆਂ ਜ਼ਾਹਰ ਕਰਦੀਆਂ ਹਨ ਕਿ ਬਿਲਗਾ ਲਾਹੌਰ ਤੋਂ ਦਿੱਲੀ ਜਾਣ ਵਾਲੀ ਪੁਰਾਤਨ ਸੜਕ 'ਤੇ ਆਬਾਦ ਸੀ/ਹੈ।"

ਬਿਲਗੇ ਦੇ ਵੱਸਣ-ਰਸਣ, ਜਿਹੜਾ ਬਿਲਗਾ ਉਪਨਾਮ ਤੋਂ ਪਹਿਲਾਂ ਵੀ ਥੇਹ ਹੋਇਆ, ਬਾਰੇ ਕਈ ਕਥਾ-ਕਥਾਵਾਂ ਹਨ। ਉਸ ਥੇਹ ਵਾਲੀ ਥਾਂ 'ਤੇ ਮੁੜ ਪੱਕੀ ਤਾਮੀਰ ਦੇ ਬਾਨੀ ਸੰਘੇੜੇ ਜੱਟ ਸਨ। ਫਿਲੌਰ ਕਿਲ੍ਹੇ ਦੇ ਬਾਹਰਲੇ ਦਰਵਾਜ਼ੇ 'ਤੇ ਖੜ੍ਹੇ ਹੋ ਕੇ ਇਮਾਰਤ ਵੱਲ ਨਿਗਾਹ ਮਾਰੀਏ ਤਾਂ ਸਾਹਮਣੀ ਦੀਵਾਰ 'ਤੇ ਲਿਖਿਆ ਨਜ਼ਰ ਪਵੇਗਾ, "ਇਹ ਕਿਲ੍ਹਾ ਫੂੱਲ ਜੱਟ ਸੰਘੇੜੇ ਨੇ ਤਾਮੀਰ ਕੀਤਾ।"

ਜੈਸਲਮੇਰ (ਰਾਜਸਥਾਨ), ਜਿਥੇ ਸੰਘੇੜੇ ਵੱਸਦੇ ਸਨ, ਵਿਖੇ ਕਈ ਵਰ੍ਹੇ ਵਾਰਸ ਨਾ ਹੋਈ ਤਾਂ ਇਹ ਕੁਨਬਾ ਆਪਣੇ ਇੱਕ ਆਗੂ ਦੀ ਰਹਿਨੁਮਾਈ ਹੇਠ ਪੰਜਾਬ ਨੂੰ ਹੋ ਤੁਰਿਆ। ਬਰਨਾਲੇ ਲਾਗੇ, ਇੱਕ ਖਾਲੀ ਪਿਆ ਸਬਜ਼ ਖਿੱਤਾ ਪਸੰਦ ਆ ਗਿਆ ਤਾਂ ਉਥੇ ਮੋੜ੍ਹੀ ਗੱਡ ਦਿੱਤੀ, ਨਾਂ ਰੱਖਿਆ 'ਸੰਘੇੜਾ', ਜਿਸ ਮਗਰੋਂ ਬਰਨਾਲੇ ਪਰਗਣੇ ਦੇ ਇੱਕ ਨਾਮਵਰ ਪਿੰਡ ਦੀ ਉਪਮਾ ਖੱਟੀ। ਇਸ ਪਿੰਡ ਦੇ ਪੁਰਖੇ ਸ਼ਿਕਾਰ ਦੇ ਸ਼ੌਕੀਨ ਸਨ, ਦੁਰੇਡੇ ਸ਼ਿਕਾਰੀਆਂ ਨਾਲ ਰਲ ਮਾਅਰਕੇਬਾਜ਼ ਸ਼ਿਕਾਰ ਖੇਡਦੇ। ਇਸੇ ਤਹਿਤ ਇੱਕ ਵਾਰ 'ਫੂੱਲ ਅਤੇ ਭਿੱਖੀ' ਸੰਘੇੜੇ ਦੇ ਲਾਣੇ ਸਮੇਤ ਸਤਲੁੱਜ ਪਾਰ ਆ ਗਏ, 'ਫੂੱਲ ਸੰਘੇੜਾ' ਸਤਲੁੱਜ ਕੰਢੇ, ਜਿਸ ਫਿਲੌਰ ਆਬਾਦ ਕੀਤਾ, ਟਿੱਕ ਗਿਆ ਅਤੇ ਭਿੱਖੀ ਨਕੋਦਰ ਰਾਹੇ ਪੈ ਗਿਆ। ਇਸ ਤਰਫ ਦਾ ਇਲਾਕਾ ਦੋ ਧੜਵੈਲ ਰਾਜਪੂਤ ਭਰਾਵਾਂ- 'ਤੁੱਲੇ ਅਤੇ ਬੇਗੇ' ਦੀ ਮਾਲਕੀ ਹੇਠ ਸੀ। ਹਾਲਾਤ ਵੱਸ ਦੋਹਾਂ ਨੇ ਮਾਲਕੀ ਵੰਡ ਲਈ। ਅਜਬ ਸ਼ਿਕਾਰੀ ਬੇਗਾ, ਲਾਬਲਦ ਸੀ ਅਤੇ ਕਿਸਬ ਤੇ ਦੁਬੱਲੇ ਦੀਆਂ ਲੋੜਾਂ ਵੱਸ ਉਸਦੀ 'ਭਿੱਖੀ ਸੰਘੇੜੇ' ਨਾਲ ਪੀਡੀ ਸਾਂਝ ਪੈ ਗਈ, ਜਿਸ ਭਿੱਖੀ ਨੂੰ ਮੌਜੂਦਾ ਬਿਲਗਾ ਵਾਲੀ ਥਾਂ ਵੱਸਣ ਦਾ ਸੱਦਾ ਦੇ ਇੱਕ ਵੱਡਾ ਰਕਬਾ ਦੇ ਦਿੱਤਾ। ਮਗਰੋਂ ਇੱਥੇ ਜਿਹੜੀ ਆਬਾਦੀ ਇੱਕ ਨਾਮਵਰ ਪਿੰਡ ਵਜੋਂ ਪ੍ਰਫੁਲਤ ਹੋਈ, ਉਹ ਪਹਿਲਾਂ ਬੇਗੇ ਦੇ ਨਾਂ 'ਤੇ 'ਬੇਗੇਵਾਲਾ' ਅਤੇ ਮਗਰੋਂ ਵਿਗੜਦੀ-ਸੰਵਰਦੀ 'ਬਿਲਗਾ' ਨਾਂ ਅਖਤਿਆਰ ਕਰ ਗਈ। ਕਿਹਾ ਜਾਂਦਾ ਹੈ ਕਿ 'ਤੁੱਲੇ' ਨੇ 'ਤਲਵਣ' ਵਸਾਇਆ ਅਤੇ 'ਬੇਗੇ' ਨੇ 'ਬਿਲਗਾ'। 'ਬਿਲਗਾ', ਜਿਹੜਾ ਮਗਰੋਂ, 'ਬੇਗੇ ਰਾਜਪੂਤ' ਦੀ ਦਰਿਆਦਿਲੀ, 'ਭਿੱਖੀ ਸੰਘੇੜੇ' ਦੀ ਬਦੌਲਤ ਅਤੇ 'ਫੂੱਲ ਸੰਘੇੜੇ' ਦੀ ਧੜਵੈਲ ਮਦਦ ਨਾਲ 'ਸੰਘੇੜਾ ਕੁਨਬੇ' ਦੀ ਪੱਕੀ ਮਾਲਕੀ ਬਣਿਆ।

1885 ਦੇ ਬੰਦੋਬਸਤ ਵੇਲੇ ਪੂਰੀ ਤਰ੍ਹਾਂ ਰਸ-ਵੱਸ ਚੁੱਕੇ ਬਿਲਗਾ ਪਿੰਡ ਪ੍ਰਬੰਧ ਵਜੋਂ ਅੱਠ ਪੱਤੀਆਂ ਵਿੱਚ ਤਕਸੀਮ ਹੋਇਆ: ਪੱਤੀ ਬੱਗਾ (ਬੇਗਾ), ਪੱਤੀ ਭੱਟੀ (ਰਾਜਪੂਤ), ਪੱਤੀ ਭੋਜਾ, ਮੋਹਣਾ, ਮਨਸੂਰ, ਦੁਨੀਆ, ਨੀਲੋਵਾਲ ਅਤੇ ਪੱਤੀ ਭਲਾਈ। ਪੱਤੀ ਭਲਾਈ ਵਾਲਿਆਂ ਦਾ ਇੱਕ ਪੁਰਖਾ ਮਹਾਰਾਜਾ ਰਣਜੀਤ ਸਿੰਘ ਦਾ ਅਹਿਲਕਾਰ ਸੀ, ਜਿਸ ਕਾਰਨ ਭਲਾਈਆਣਾਂ ਵਾਲਿਆਂ ਨੂੰ ਦਰਬਾਰੇ (ਦਰਬਾਰੀ) ਕਿਹਾ ਜਾਂਦਾ ਸੀ। ਇਨ੍ਹਾਂ ਦੇ ਉਦੋਂ ਤੋਂ ਵੱਧ ਸਾਧਨ-ਸੰਪਨ ਹੋਣ ਅਤੇ ਸੁਪੀਅਰਟੀ ਕੰਪਲੈਕਸ ਦਾ ਕਾਰਨ ਵੀ ਇਹੋ ਸਬੰਧ ਬਣੇ। ਇਵੇਂ ਹੀ ਇਸਤੋਂ ਕਿਤੇ ਪਹਿਲਾਂ, ਇਨ੍ਹਾਂ ਦੇ ਇੱਕ ਪੁਰਖੇ ਸ਼ਾਮਲਾ ਸੰਘੇਰਾ ਦੀ ਔਰੰਗਜ਼ੇਬ ਵੇਲੇ ਦਿੱਲੀ ਦੇ ਹਾਕਮਾਂ ਨਾਲ ਸੁਰ ਸਾਂਝੀ ਸੀ, ਜਿਸ ਕਾਰਨ ਉਸਨੂੰ ਪਹਿਲਾਂ ਦਿੱਲੀ ਨੇੜੇ ਅਤੇ ਮਗਰੋਂ ਬੇਨਤੀ ਕਰਨ 'ਤੇ ਬਿਲਗੇ ਦੀ ਪੱਤੀ ਮਹਿਣਾ ਵਿੱਚ ਵਿਸ਼ੇਸ਼ ਮਾਲਕੀ ਮਿਲੀ।




ਗ਼ਦਰੀ ਭਗਤ ਸਿੰਘ ਬਿਲਗਾ

ਅੰਗਰੇਜ਼ਾਂ ਦੀ ਨਜ਼ਰ ਵਿੱਚ ਬਿਲਗਾ 'ਬਾਗੀਆਂ ਦਾ ਪਿੰਡ' ਸੀ। ਗ਼ਦਰੀ ਭਗਤ ਸਿੰਘ ਬਿਲਗਾ ਅਨੁਸਾਰ "ਸਤਲੁਜ ਪਾਰ ਕਰਕੇ ਜਦ ਅੰਗਰੇਜ਼ ਆਏ ਤਾਂ ਬਿਲਗਾ ਸਰਜ਼ਮੀਨ ਨੇ ਉਨ੍ਹਾਂ ਖਿਲਾਫ ਜੰਗ ਲੜੀ। ਮਾਲੀਆ ਦੇਣੋਂ ਇਨਕਾਰ, ਦਾਣਾ-ਫੱਕਾ ਅਤੇ ਚਾਰਾ ਦੇਣੋਂ ਇਨਕਾਰ, ਵਿਦੇਸ਼ੀ ਕੱਪੜੇ ਦਾ ਬਾਈਕਾਟ, ਦਿਹਾਤੀ ਕਾਨਫਰੰਸਾਂ, ਅਕਾਲੀ ਮੋਰਚਿਆਂ ਵਿੱਚ ਸ਼ਮੂਲੀਅਤ, ਬੱਬਰ ਅਕਾਲੀਆਂ ਦੀ ਹਿਫਾਜ਼ਤ, 'ਦੋਆਬੇ ਮੇਂ ਨਹਿਰ ਨਿਕਾਲੋ ਮੋਰਚਾ' ਅਤੇ 'ਖੁਸ਼ ਹੈਸੀਅਤ ਟੈਕਸ ਵਿਰੁੱਧ' ਅਤੇ ਇਨਕਲਾਬੀ ਤੇ ਕਮਿਊਨਿਸਟ ਤਹਿਰੀਕਾਂ। ਕਿਰਤੀ-ਕਿਸਾਨ ਲਾਮਬੰਦੀਆਂ ਅਤੇ ਇਨਕਲਾਬੀ ਪੇਪਰਾਂ ਦੀ ਇਸ਼ਾਇਤ ਵਿੱਚ ਭਰਪੂਰ ਹਿੱਸਾ, ਲੋਕ ਵਿਰੋਧੀ ਕਾਨੂੰਨਾਂ ਦੀਆਂ ਧੱਜੀਆਂ, ਜੁਰਮਾਨੇ-ਕੁਰਕੀਆਂ ਤੇ ਜੇਲ੍ਹਾਂ, ਆਦਿ ਬਿਲਗੇ ਵਾਲਿਆਂ ਦੀ ਜੰਗ-ਏ-ਆਜ਼ਾਦੀ ਅਤੇ ਜਮਹੂਰੀ ਤੇ ਆਰਥਿਕ ਹੱਕ ਪ੍ਰਾਪਤੀ ਦੀਆਂ ਕੁਝ ਮਿਸਾਲਾਂ ਹਨ।"

ਗੱਲ ਕੀ "ਹਕੂਮਤ" ਹੋਵੇ ਜਾਂ "ਲੱਠਮਾਰ ਤਨਜ਼ੀਮ", ਸਿਰ ਨਾ ਝੁਕਾਉਣਾ ਇਨ੍ਹਾਂ ਦੀ ਖ਼ੁਦਦਾਰੀ ਸੀ/ਹੈ। ਸੂਹੇ ਪਿੰਡ ਬਿਲਗਾ ਵਿੱਚ ਕਰੀਬ ਇੱਕ ਸੈਂਕੜਾ ਵੱਖ-ਵੱਖ ਤਨਜ਼ੀਮਾਂ ਤਹਿਤ ਸਿਰਲੱਥ ਅਤੇ ਕੁਰਬਾਨ ਦੇਸ਼ਭਗਤ ਤੇ ਲੋਕ-ਪੱਖੀ ਕਰਮਯੋਗੀ ਹੋਏ ਹਨ; ਹੁਣ ਵੀ ਹਨ। ਸਾਰਿਆਂ ਦੀ ਬੇ-ਜੋੜ ਅਤੇ ਮਾਣਮੱਤੀ ਗਾਥਾ ਹੈ, ਪਰ ਇਨ੍ਹਾਂ ਵਿੱਚੋਂ ਦੇਸ਼ ਭਗਤ ਯਾਦਗਰ ਕਮੇਟੀ ਦੇ ਬਾਨੀਆਂ ਅਤੇ 'ਗ਼ਦਰ ਪਾਰਟੀ ਅਤੇ ਤਮਾਮ ਦੇਸ਼ ਭਗਤਾਂ ਦੇ ਧਰੋਹਰ' ਦੇਸ਼ ਭਗਤ ਯਾਦਗਾਰ ਹਾਲ-ਜਲੰਧਰ ਦੇ ਸਥਾਪਿਤ ਕਰਨ ਵਾਲਿਆਂ ਵਿੱਚੋਂ ਇੱਕ ਮਰਹੂਮ ਗ਼ਦਰੀ ਭਗਤ ਸਿੰਘ ਬਿਲਗਾ ਦਾ ਨਾਂ ਬੜਾ ਉੱਘਾ ਹੈ।

---

ਜਾਣਕਾਰੀ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



# ਐਮੀਕਸ ਕਿਊਰੀਏ- ਅਦਾਲਤ ਦਾ ਮਿੱਤਰ

ਐਮੀਕਸ ਕਿਊਰੀਏ- ਅਦਾਲਤ ਦਾ ਮਿੱਤਰ, ਦੀ ਧਾਰਨਾ ਭਾਰਤ ਸਮੇਤ ਦੁਨੀਆਂ ਭਰ ਦੀਆਂ ਨਿਆਂ ਪ੍ਰਣਾਲੀਆਂ ਦਾ ਇਕ ਮੁੱਖ ਪਹਿਲੂ ਹੈ। ਐਮੀਕਸ ਕਿਊਰੀਏ ਇਕ ਨਿਰਪੱਖ ਸਲਾਹਕਾਰ ਹੁੰਦਾ ਹੈ, ਜੋ ਅਕਸਰ ਇੱਕ ਕਾਨੂੰਨੀ ਪੇਸ਼ੇਵਰ ਜਾਂ ਇੱਕ ਸੰਸਥਾ, ਜਿਸ ਨੂੰ ਗੁੰਝਲਦਾਰ ਕਾਨੂੰਨੀ ਮਾਮਲਿਆਂ ਵਿੱਚ ਅਦਾਲਤ ਵੱਲੋਂ ਆਪਣੀ ਸਹਾਇਤਾ ਲਈ ਨਿਯੁਕਤ ਕੀਤਾ ਜਾਂਦਾ ਹੈ। ਨਿਆਂ ਦੀ ਸੇਵਾ ਨੂੰ ਯਕੀਨੀ ਬਣਾਉਣ ਵਿੱਚ ਐਮੀਕਸ ਕਿਊਰੀਏ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ।

ਐਮੀਕਸ ਕਿਊਰੀਏ ਜਾਂ ਐਮੀਕਸ ਕਿਊਰੀ ਲਾਤੀਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਭਾਵ ਹੈ- ਅਦਾਲਤ ਦਾ ਮਿੱਤਰ, ਜੋ ਕਿਸੇ ਅਦਾਲਤੀ ਕੇਸ ਵਿੱਚ ਕੋਈ ਧਿਰ ਨਹੀ ਹੁੰਦਾ ਸਗੋਂ ਅਦਾਲਤ ਦੀ ਸਹਾਇਤਾ ਲਈ ਜਾਣਕਾਰੀ, ਮੁਹਾਰਤ ਜਾਂ ਸੂਝ ਪ੍ਰਦਾਨ ਕਰਦਾ ਹੈ, ਜਿਸ ਨਾਲ ਅਦਾਲਤ ਨੂੰ ਫੈਸਲਾ ਕਰਨ ਵਿੱਚ ਮਦਦ ਮਿਲਦੀ ਹੈ। ਉਹ ਆਪਣੇ ਵਿਚਾਰ ਲਿਖਤੀ ਜਾਂ ਜ਼ਬਾਨੀ ਅਦਾਲਤ ਦੇ ਰੂਬਰੂ ਪੇਸ਼ ਕਰਦਾ ਹੈ। ਭਾਰਤ ਵਿੱਚ ਸੁਪਰੀਮ ਕੋਰਟ ਅਤੇ ਰਾਜਾਂ ਦੀਆ ਉੱਚ ਅਦਾਲਤਾਂ ਵਕੀਲਾਂ ਦੇ ਪੈਨਲ ਬਣਾਈ ਰੱਖਦੀਆਂ ਹਨ, ਜਿਨ੍ਹਾਂ ਨੂੰ ਗੁੰਝਲਦਾਰ, ਅਪਰਾਧਿਕ, ਨਾਗਰਿਕ ਅਧਿਕਾਰ, ਵਾਤਾਵਰਣ ਸਬੰਧੀ ਮੁੱਦਿਆਂ ਜਾਂ ਸੰਵਿਧਾਨਕ ਮਾਮਲਿਆਂ ਵਿੱਚ ਨਿਯੁਕਤ ਕੀਤਾ ਜਾਵੇ। ਐਮੀਕਸ ਕਿਊਰੀਏ ਅਕਸਰ ਇੱਕ ਐਸਾ ਵਿਅਕਤੀ ਹੁੰਦਾ ਹੈ, ਜਿਸਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਬੰਧਤ ਕੇਸ ਵਿੱਚ ਕੋਈ ਦਿਲਚਸਪੀ ਨਹੀ ਹੁੰਦੀ। ਅਦਾਲਤਾਂ ਵੱਲੋਂ ਰਾਜ ਸਰਕਾਰਾਂ ਦੀ ਕੀਮਤ 'ਤੇ ਵਕੀਲਾਂ ਦੇ ਪੈਨਲ 'ਚੋਂ ਆਪਣੀ ਮਰਜੀ ਨਾਲ ਐਮੀਕਸ ਕਿਊਰੀਏ ਨਿਯੁਕਤ ਕੀਤਾ ਜਾਂਦਾ ਹੈ ਅਤੇ ਅਦਾਲਤਾਂ ਵੱਲੋਂ ਤੈਅ ਕੀਤੀ ਫੀਸ ਵੀ ਕੇਸ ਦਾ ਫੈਸਲਾ ਹੋਣ ਤੋਂ ਬਾਅਦ ਉਪਲਬਧ ਕਰਵਾਈ ਜਾਂਦੀ ਹੈ। ਇਹ ਫੀਸ 6000 ਤੋਂ 10,000 ਰੁਪਏ ਹੋ ਸਕਦੀ ਹੈ, ਜੋ ਰਾਜ ਸਰਕਾਰ ਵੱਲੋਂ ਅਦਾ ਕੀਤੀ ਜਾਂਦੀ ਹੈ।

ਭਾਰਤ ਦੇ ਸੰਵਿਧਾਨ ਦੇ ਆਰਟੀਕਲ ਨੰ. 21 ਅਨੁਸਾਰ ਜੀਵਨ ਅਤੇ ਨਿੱਜੀ ਆਜ਼ਾਦੀ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੁਆਰਾ ਸਥਾਪਿਤ ਪ੍ਰਕਿਰਿਆ ਦੇ ਬਿਨਾ ਉਸਨੂੰ ਜੀਵਨ ਜਾਂ ਨਿੱਜੀ ਆਜ਼ਾਦੀ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ। ਇਸ ਤਰ੍ਹਾਂ ਆਰਟੀਕਲ ਨੰ. 22 (1) ਅਨੁਸਾਰ ਕਿਸੇ ਵੀ ਵਿਅਕਤੀ, ਜਿਸ ਨੂੰ ਗ੍ਰਿਫਤਾਰ ਕੀਤਾ ਗਿਆ, ਨੂੰ ਅਜਿਹੀ ਗ੍ਰਿਫਤਾਰੀ ਦੇ ਕਾਰਨਾਂ ਬਾਰੇ ਜਿੰਨੀ ਜਲਦੀ ਹੋ ਸਕੇ ਸੂਚਿਤ ਕੀਤੇ ਬਿਨਾ ਹਿਰਾਸਤ ਵਿੱਚ ਨਹੀਂ ਰੱਖਿਆ ਜਾ ਸਕਦਾ ਅਤੇ ਨਾ ਹੀ ਉਸ ਨੂੰ ਕਾਨੂੰਨੀ ਸਲਾਹ ਲੈਣ ਜਾਂ ਬਚਾਅ ਕਰਨ ਦੇ ਅਧਿਕਾਰ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਅਦਾਲਤ ਨੂੰ ਇੱਕ ਐਮੀਕਸ ਕਿਊਰੀਏ ਨਿਯੁਕਤ ਕਰਨ ਦਾ ਅਖਤਿਆਰ ਹੈ, ਜੋ ਇੱਕ ਅਧਿਕਾਰਤ ਆਦੇਸ਼ ਰਾਹੀਂ ਨਿਯੁਕਤ ਕੀਤਾ ਜਾਂਦਾ ਹੈ।



ਭਾਰਤ ਦੀ ਨਿਆਂ ਪ੍ਰਣਾਲੀ ਵਿੱਚ ਐਮੀਕਸ ਕਿਊਰੀਏ ਦੀ ਮੁੱਖ ਭੂਮਿਕਾ ਅਦਾਲਤ ਨੂੰ ਸਲਾਹ ਦੇਣਾ, ਗੈਰ-ਪ੍ਰਤੀਨਿਧੀ ਪਾਰਟੀ ਦੀ ਪ੍ਰਤੀਨਿਧਤਾ ਕਰਨੀ, ਮੁਹਾਰਤ, ਸੂਝ ਪ੍ਰਦਾਨ ਕਰਨਾ, ਨਿਆਂਇਕ ਸਮਝ ਨੂੰ ਵਧਾਉਣਾ, ਨਿਰਪੱਖ ਅਜ਼ਮਾਇਸ਼ਾ ਨੂੰ ਯਕੀਨੀ ਬਣਾਉਣਾ, ਜਨਤਕ ਨੀਤੀ ਨੂੰ ਪ੍ਰਭਾਵਿਤ ਕਰਨਾ ਆਦਿ ਹੈ। ਆਪਣੀ ਨਿਰਪੱਖ ਸਲਾਹ ਅਤੇ ਵਿਸ਼ੇਸ਼ ਗਿਆਨ ਦੁਆਰਾ ਐਮੀਕਸ ਕਿਊਰੀਏ ਨਿਆਂ ਪ੍ਰਦਾਨ ਕਰਨ ਦੇ ਨਿਆਂ ਪਾਲਿਕਾ ਦੇ ਟੀਚੇ ਵਿੱਚ ਯੋਗਦਾਨ ਪਾਉਂਦੇ ਹਨ, ਪਰ ਕਈ ਵਾਰੀ ਉਨ੍ਹਾਂ ਦੀ ਭੂਮਿਕਾ ਦੀ ਆਲੋਚਨਾ ਵੀ ਹੁੰਦੀ ਹੈ। ਐਮੀਕਸ ਕਿਊਰੀਏ ਇੱਕ ਸੰਸਥਾਗਤ ਢਾਂਚੇ ਦੇ ਤੌਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਦੀ ਯੋਗਤਾ, ਭਵਿੱਖ ਦੀਆਂ ਕਾਨੂੰਨੀ ਚੁਣੌਤੀਆਂ ਨਾਲ ਨਿਪਟਣ ਲਈ ਸਫਲਤਾ ਦੀ ਕੁੰਜੀ ਬਣ ਸਕਦੀ ਹੈ। ਐਮੀਕਸ ਕਿਊਰੀਏ ਦੀ ਪ੍ਰਕਿਰਿਆ ਅਦਾਲਤ ਦੇ ਵਿਵੇਕ, ਚੋਣ ਮਾਪਦੰਡ ਅਤੇ ਫੀਸ ਦਾ ਢਾਂਚਾ ਆਦਿ ਮੁੱਖ ਜੱਜ ਜਾਂ ਅਦਾਲਤ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ। ਨਿਸ਼ਚੇ ਹੀ ਐਮੀਕਸ ਕਿਊਰੀਏ ਇੱਕ ਕਾਨੂੰਨੀ ਪ੍ਰੈਕਟੀਸ਼ਨਰ ਹੁੰਦਾ ਹੈ, ਜੋ ਅਦਾਲਤ ਦੁਆਰਾ ਨਿਆਂ ਦੀ ਪੂਰੀ ਡਿਲੀਵਰੀ ਲਈ ਅਦਾਲਤ ਦੀ ਸਹਾਇਤਾ ਕਰਦਾ ਹੈ। ਲਿਹਾਜ਼ਾ ਐਮੀਕਸ ਕਿਊਰੀਏ ਨੂੰ ਅਦਾਲਤ ਦਾ ਦੋਸਤ ਜਾਂ ਸਲਾਹਕਾਰ ਕਿਹਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਐਮੀਕਸ ਕਿਊਰੀਏ ਦਾ ਤੁਲਨਾਤਮਕ ਅਧਿਐਨ ਵੱਖ-ਵੱਖ ਦੇਸ਼ਾਂ ਦੇ ਕਾਨੂੰਨਾਂ ਵਿਚਕਾਰ ਅੰਤਰ ਅਤੇ ਸਮਾਨਤਾਵਾਂ ਦਾ ਅਧਿਐਨ ਹੈ। ਅੰਤਰਰਾਸ਼ਟਰੀਵਾਦ, ਆਰਥਿਕ ਵਿਸ਼ਵੀ ਕਰਨ ਅਤੇ ਜਮਹੂਰੀਕਰਨ ਦੇ ਅਜੋਕੇ ਯੁੱਗ ਵਿੱਚ ਐਮੀਕਸ ਕਿਊਰੀਏ ਦੀ ਕਾਨੂੰਨ ਦੇ ਤੁਲਨਾਤਮਕ ਅਧਿਐਨ ਦੀ ਮਹਤੱਤਾ ਹੋਰ ਵੱਧ ਜਾਂਦੀ ਹੈ। ਵੱਖ-ਵੱਖ ਕਾਨੂੰਨੀ ਪ੍ਰਣਾਲੀਆਂ ਦਾ ਤੁਲਨਾਤਮਕ ਅਧਿਐਨ ਦਰਸਾ ਸਕਦਾ ਹੈ ਕਿ ਕਿਵੇਂ ਇੱਕੋ ਸਮੱਸਿਆ ਲਈ ਵੱਖ-ਵੱਖ ਕਾਨੂੰਨੀ ਨਿਯਮ ਅਭਿਆਸ ਵਿੱਚ ਕੰਮ ਕਰਦੇ ਹਨ। ਤੁਲਨਾਤਮਕ ਅਧਿਐਨ ਦੇ ਮੁੱਖ ਉਦੇਸ਼- ਅਮਲ ਵਿੱਚ ਕਾਨੂੰਨੀ ਪ੍ਰਣਾਲੀਆਂ ਦਾ ਡੂੰਘਾ ਗਿਆਨ ਪ੍ਰਾਪਤ ਕਰਨ ਲਈ, ਕਾਨੂੰਨੀ ਪ੍ਰਣਾਲੀਆਂ ਪ੍ਰਭਾਵੀ ਬਣਾਉਣ ਲਈ, ਸਭੰਵ ਤੌਰ 'ਤੇ ਛੋਟੇ ਜਾਂ ਵੱਡੇ ਪੈਮਾਨੇ ਦੇ, ਕਾਨੂੰਨੀ ਪ੍ਰਣਾਲੀਆਂ ਦੇ ਏਕੀਕਰਣ ਵਿੱਚ ਯੋਗਦਾਨ ਪਾਉਣਾ ਹੈ। ਦੱਖਣੀ ਅਫਰੀਕਾ ਦੀ ਕਾਨੂੰਨ ਵਿਵਸਥਾ ਅਤੇ ਵਿਧਾਨਿਕ ਢਾਂਚੇ ਵਿੱਚ ਐਮੀਕਸ ਕਿਊਰੀਏ ਇੱਕ ਚੰਗਾ ਸਥਾਪਿਤ ਅਭਿਆਸ ਹੈ।

ਇਸੇ ਤਰ੍ਹਾਂ ਯੂਰਪੀਨ ਕਮਿਸ਼ਨ ਦਾ ਕਾਨੂੰਨੀ ਵਿਵਸਥਾ ਅਤੇ ਵਿਧਾਨਿਕ ਢਾਂਚੇ ਵਿੱਚ ਐਮੀਕਸ ਕਿਊਰੀਏ ਦਾ ਮਹੱਤਵਪੂਰਨ ਰੋਲ ਹੋ ਗਿਆ ਹੈ। ਯੂ.ਕੇ., ਯੂ.ਐੱਸ.ਏ., ਕੈਨੇਡਾ, ਫਰਾਂਸ, ਆਸਟਰੇਲੀਆ ਅਤੇ ਨਿਊ ਜ਼ੀਲੈਂਡ ਵਿੱਚ ਵੀ ਅਦਾਲਤੀ ਕੇਸਾਂ ਵਿੱਚ ਐਮੀਕਸ ਕਿਊਰੀਏ ਨਿਯੁਕਤ ਕੀਤੇ ਜਾਂਦੇ ਹਨ। ਲਿਹਾਜਾ ਯੂ.ਕੇ., ਯੂ.ਐੱਸ.ਏ., ਕੈਨੇਡਾ, ਫਰਾਂਸ, ਆਸਟਰੇਲੀਆ ਅਤੇ ਨਿਊ ਜ਼ੀਲੈਂਡ ਆਦਿ ਦੇਸ਼ਾਂ ਦੇ ਤਜਰਬੇ ਐਮੀਕਸ ਕਿਊਰੀਏ ਦੀ ਉਪਯੋਗਤਾ ਨੂੰ ਦਰਸਾਉਂਦੇ ਹਨ। ਅਦਾਲਤਾਂ 'ਤੇ ਬੋਝ ਪਾਉਣ ਤੋਂ ਦੂਰ, ਐਮੀਕਸ ਇਨਪੁਟਸ ਨਿਆਂ ਦੇ ਨਿਰਪੱਖ ਫੈਸਲੇ ਨੂੰ ਯਕੀਨੀ ਬਣਾਉਣ ਅਤੇ ਸਾਰੇ ਨਾਗਰਿਕਾਂ ਦੇ ਅਧਿਕਾਰਾਂ ਦੀ ਪੁਸ਼ਟੀ ਕਰਨ ਵਿੱਚ ਮਦਦ ਕਰ ਸਕਦੇ ਹਨ। ਲਿਹਾਜਾ ਐਮੀਕਸ ਕਿਊਰੀਏ ਨਿਯੁਕਤ ਕਰਨ ਦਾ ਉਦੇਸ਼ ਅਦਾਲਤ ਨੂੰ ਨਿਰਪੱਖ ਅਤੇ ਉਦੇਸ਼ਪੂਰਨ ਜਾਣਕਾਰੀ ਪ੍ਰਦਾਨ ਕਰਨਾ ਹੈ, ਜੋ ਕਿ ਕੇਸ ਨਾਲ ਸਬੰਧਿਤ ਹੋ ਸਕਦੀ ਹੈ ਅਤੇ ਅਦਾਲਤ ਨੂੰ ਇੱਕ ਸੂਚਿਤ ਫੈਸਲਾ ਕਰਨ ਵਿੱਚ ਮਦਦ ਮਿਲ ਸਕਦੀ ਹੈ। ਐਮੀਕਸ ਕਿਊਰੀਏ ਵੱਲੋਂ ਦਿੱਤੀਆਂ ਦਲੀਲਾਂ ਅਤੇ ਪੇਸ਼ ਕੀਤੇ ਦਸਤਾਵੇਜ਼ਾਂ ਨਾਲ ਅਦਾਲਤ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਅਦਾਲਤ ਐਸੇ ਕੇਸਾਂ ਵਿੱਚ ਜਿੱਥੇ ਲੋਕਹਿੱਤ ਦੀ ਵਿਆਖਿਆ ਕਰਨੀ ਹੋਵੇ, ਵਿੱਚ ਐਮੀਕਸ ਕਿਊਰੀਏ ਨਿਯੁਕਤ ਹੋ ਸਕਦਾ ਹੈ। ਦੱਸਣ ਯੋਗ ਹੋਵੇਗਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੈਂਡਿੰਗ ਸਿਵਲ ਰਿਟ ਪਟੀਸ਼ਨ ਵਿੱਚ ਮਾਣਯੋਗ ਬੈਂਚ ਵੱਲੋਂ ਐਮੀਕਸ ਕਿਊਰੀਏ ਨਿਯੁਕਤ ਕੀਤਾ ਗਿਆ ਹੈ।

# ਤੂਰ ਬ੍ਰਦਰਜ਼ ਅਤੇ ਪਰਿਵਾਰ (ਵਿਸਕਾਨਸਿਨ) ਵੱਲੋਂ

## ਦੇਸ-ਵਿਦੇਸ਼ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਨਵਾਂ ਸਾਲ 2025 ਮੁਬਾਰਕ ਹੋਵੇ

## ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ



ਗੁਰਸਾਹਿਬ ਸਿੰਘ ਤੂਰ



ਗੁਰ ਬਾਜ ਤੂਰ



ਗੁਰਦੀਪ ਤੂਰ



ਗੈਰੀ ਤੂਰ



ਹਰਜਿੰਦਰ ਤੂਰ

# ਯੂਨਾਨ ਨਾਲ ਪੰਜਾਬੀਆਂ ਦੀ ਸਦੀਆਂ ਪੁਰਾਣੀ ਸਾਂਝ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਲੱਖਾਂ ਮੁਸ਼ਕਿਲਾਂ ਤੇ ਮੁਸੀਬਤਾਂ ਦੇ ਰੂਬਰੂ ਹੁੰਦਿਆਂ ਹੋਇਆਂ ਵੀ ਪੰਜਾਬੀ 'ਚੜ੍ਹਦੀ ਕਲਾ' ਵਿੱਚ ਹੀ ਰਹਿੰਦੇ ਹਨ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਮੱਲਾਂ ਮਾਰ ਕੇ ਆਪਣੀ ਪੰਜਾਬੀਅਤ ਦਾ ਲੋਹਾ ਸੰਸਾਰ ਭਰ ਤੋਂ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਇੰਜ ਹੀ ਪੰਜਾਬੀਆਂ ਦੀ ਯੂਨਾਨ ਨਾਲ ਵੀ ਸਦੀਆਂ ਪੁਰਾਣੀ ਸਾਂਝ ਹੈ। ਇਤਿਹਾਸ ਹਵਾਲਿਆਂ ਮੁਤਾਬਕ ਪੰਜਾਬੀਆਂ ਨੇ ਸੰਨ 1900 ਦੇ ਆਸਪਾਸ ਯੂਨਾਨ ਪੁੱਜਣਾ ਸ਼ੁਰੂ ਕੀਤਾ ਸੀ। ਜ਼ਿਆਦਾਤਰ ਪੰਜਾਬੀ ਇੱਥੇ ਬਰਤਾਨਵੀ ਫ਼ੌਜ ਦੇ ਸੈਨਿਕਾਂ ਵਜੋਂ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਇੱਥੇ ਆਏ ਸਨ। ਉਂਜ ਵਿਗਿਆਨਕ ਖੋਜਾਂ ਇਹ ਵੀ ਦੱਸਦੀਆਂ ਹਨ ਕਿ 'ਇੰਡੋ-ਯੂਨਾਨ ਸਾਮਰਾਜਾਂ' ਦੇ ਪ੍ਰਭਾਵ ਕਰਕੇ ਕੁਝ ਇੱਕ ਪੰਜਾਬੀਆਂ ਅਤੇ ਸਿੰਧੀਆਂ ਦੇ ਡੀ.ਐਨ.ਏ. ਵਿੱਚ ਯੂਨਾਨੀਆਂ ਦੇ ਵੰਸ਼ਜ ਹੋਣ ਦੇ ਪ੍ਰਮਾਣ ਪਾਏ ਗਏ ਹਨ।***

ਭਾਰਤੀ ਪੰਜਾਬ ਵਿੱਚ ਜਿੱਥੇ ਹਜ਼ਾਰਾਂ ਸਾਲ ਪਹਿਲਾਂ ਵੱਸਦੀ 'ਸਿੰਧੂ ਘਾਟੀ ਦੀ ਸੱਭਿਅਤਾ' ਦਾ ਜ਼ਿਕਰ ਸੰਸਾਰ ਭਰ ਵਿੱਚ 'ਪ੍ਰਾਚੀਨ ਸੱਭਿਅਤਾ' ਵਜੋਂ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਯੂਨਾਨ ਦੀ ਸੱਭਿਅਤਾ ਨੂੰ ਵੀ ਸੰਸਾਰ ਦੀਆਂ ਸਭ ਤੋਂ ਪ੍ਰਾਚੀਨ ਸੱਭਿਅਤਾਵਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਯੂਨਾਨ ਦਰਅਸਲ ਦੱਖਣ-ਪੂਰਬੀ ਯੂਰਪ ਵਿੱਚ ਪੈਂਦਾ ਇੱਕ ਮਹੱਤਵਪੂਰਨ ਮੁਲਕ ਹੈ। ਇਸਦੀ ਰਾਜਧਾਨੀ ਏਥਨਜ਼ ਹੈ ਅਤੇ ਇਤਿਹਾਸਕ ਪੱਖ ਤੋਂ ਯੂਨਾਨ ਨੂੰ 'ਲੋਕਤੰਤਰ', 'ਪੱਛਮੀ ਦਰਸ਼ਨ ਸ਼ਾਸ਼ਤਰ', 'ਪੱਛਮੀ ਸਾਹਿਤ', 'ਰਾਜਨੀਤੀ ਵਿਗਿਆਨ', 'ਗਣਿਤਕ ਸਿਧਾਂਤਾਂ', 'ਵਿਗਿਆਨਕ ਸਿਧਾਂਤਾਂ' ਅਤੇ 'ਰੰਗਮੰਚ' ਆਦਿ ਦੀ ਜਨਮ ਭੂਮੀ ਆਖ਼ ਕੇ ਵਡਿਆਇਆ ਜਾਂਦਾ ਹੈ। ਇਹ ਦੇਸ਼ ਅੱਜ ਦੁਨੀਆਂ ਭਰ ਵਿੱਚ 'ਖੇਡਾਂ ਦਾ ਮਹਾਂਕੁੰਭ' ਆਖੇ ਜਾਂਦੇ 'ਓਲੰਪਿਕ ਖੇਡ ਮੁਕਾਬਲਿਆਂ' ਦਾ ਵੀ ਜਨਕ ਮੰਨਿਆ ਜਾਂਦਾ ਹੈ। ਇਸ ਮੁਲਕ ਦੀ ਆਬਾਦੀ 1 ਕਰੋੜ 40 ਲੱਖ ਦੇ ਆਸਪਾਸ ਹੈ ਅਤੇ ਵੱਸੋਂ ਦੀ ਘਣਤਾ 79 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਇਸਨੂੰ ਉੱਤਰ ਵਾਲੇ ਪਾਸੇ ਤੋਂ ਮੈਸੀਡੋਨੀਆ ਅਤੇ ਬੁਲਗਾਰੀਆ, ਉੱਤਰ-ਪੱਛਮ ਵੱਲੋਂ ਅਲਬਾਨੀਆ ਅਤੇ ਪੂਰਬ ਵੱਲੋਂ ਤੁਰਕੀ ਦੀਆਂ ਹੱਦਾਂ ਛੂੰਹਦੀਆਂ ਹਨ। ਇਸਦਾ ਕੁੱਲ ਰਕਬਾ 1,31,957 ਵਰਗ ਕਿਲੋਮੀਟਰ ਅਤੇ ਪ੍ਰਤੀ ਵਿਅਕਤੀ ਆਮਦਨ ਸਲਾਨਾ 42,066 ਅਮਰੀਕੀ ਡਾਲਰ ਦੇ ਕਰੀਬ ਹੈ।

ਯੂਨਾਨ ਵਿੱਚ ਵੱਸਦੇ ਭਾਰਤੀਆਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇੱਥੇ 36 ਹਜ਼ਾਰ ਦੇ ਕਰੀਬ ਭਾਰਤੀ ਵਿਅਕਤੀ ਨਿਵਾਸ ਰੱਖਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦਾ ਸਬੰਧ ਪੰਜਾਬ ਨਾਲ ਹੈ, ਭਾਵ ਉਹ ਪੰਜਾਬੀ ਹਨ। ਭਾਰਤ ਅਤੇ ਯੂਨਾਨ ਦਰਮਿਆਨ ਇੱਕ ਡੂੰਘਾ ਇਤਿਹਾਸਕ ਸਬੰਧ ਹੈ, ਜੋ ਲਗਪਗ 2500 ਸਾਲ ਪੁਰਾਣਾ ਹੈ। ਇਨ੍ਹਾਂ ਦੋਵਾਂ ਮੁਲਕਾਂ ਨੇ ਇੱਕ ਦੂਜੇ ਦੀ ਕਲਾ, ਸੱਭਿਆਚਾਰ ਅਤੇ ਦਾਰਸ਼ਨਿਕ ਵਿਚਾਰਧਾਰਾ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਭਾਰਤ ਵਿੱਚ ਤੇ ਖ਼ਾਸ ਕਰਕੇ ਪੰਜਾਬ ਅੰਦਰ ਯੂਨਾਨ ਤੋਂ ਆਏ ਵਿਸ਼ਵ ਵਿਜੇਤਾ ਐਲਗਜ਼ੈਂਡਰ ਭਾਵ ਸਿਕੰਦਰ ਦੀਆਂ ਬਾਤਾਂ ਅਕਸਰ ਪਾਈਆਂ ਜਾਂਦੀਆਂ ਹਨ। 'ਸਿਕੰਦਰ' ਤਾਂ ਪੰਜਾਬੀ ਕਾਵਿ ਅਤੇ ਪੰਜਾਬੀ ਨਾਟ ਪਰੰਪਰਾ ਦਾ ਇੱਕ ਮਹੱਤਵਪੂਰਨ ਪਾਤਰ ਵੀ ਬਣ ਚੁੱਕਾ ਹੈ ਤੇ "ਖ਼ਾਲੀ ਹੱਥੀਂ ਗਿਆ ਸਿਕੰਦਰ" ਦੀਆਂ ਸਤਰਾਂ ਪੰਜਾਬੀ ਕਾਵਿ ਵਿੱਚ ਅਕਸਰ ਦੁਹਰਾਈਆਂ ਜਾਂਦੀਆਂ ਹਨ। ਇਹ ਵੀ ਇੱਕ ਇਤਿਹਾਸਕ ਤੱਥ ਹੈ ਕਿ ਸਿਕੰਦਰ ਨੂੰ ਉਸ ਵਕਤ ਪੰਜਾਬ ਦੇ ਰਾਜੇ ਪੋਰਸ ਨੇ ਸਖ਼ਤ ਮੁਕਾਬਲਾ ਦਿੱਤਾ ਸੀ ਤੇ ਸਿਕੰਦਰ ਦੀ ਪਤਨੀ ਨੇ ਪੋਰਸ ਨੂੰ ਆਪਣਾ ਭਰਾ ਵੀ ਬਣਾਇਆ ਸੀ।

ਪ੍ਰਾਚੀਨ ਭਾਰਤ ਵਿੱਚ ਯੂਨਾਨੀਆਂ ਨੂੰ 'ਯਵਨ' ਕਹਿ ਕੇ ਪੁਕਾਰਿਆ ਜਾਂਦਾ ਸੀ, ਜਦੋਂ ਕਿ ਪ੍ਰਾਚੀਨ ਯੂਨਾਨ ਦੇ ਲੋਕ ਭਾਰਤੀਆਂ ਨੂੰ 'ਇੰਦੋਈ' ਆਖ਼ ਕੇ ਸੰਬੋਧਨ ਕਰਿਆ ਕਰਦੇ ਸਨ। ਵਿਗਿਆਨਕ ਖੋਜਾਂ ਇਹ ਦੱਸਦੀਆਂ ਹਨ ਕਿ 'ਇੰਡੋ-ਯੂਨਾਨ ਸਾਮਰਾਜਾਂ' ਦੇ ਪ੍ਰਭਾਵ ਕਰਕੇ ਕੁਝ ਇੱਕ ਪੰਜਾਬੀਆਂ ਅਤੇ ਸਿੰਧੀਆਂ ਦੇ ਡੀ.ਐਨ.ਏ. ਵਿੱਚ ਯੂਨਾਨੀਆਂ ਦੇ ਵੰਸ਼ਜ ਹੋਣ ਦੇ ਪ੍ਰਮਾਣ ਪਾਏ ਗਏ ਹਨ, ਜਦੋਂ ਕਿ ਇਨ੍ਹਾਂ ਤੋਂ ਇਲਾਵਾ ਬਾਕੀ ਕਿਸੇ ਵੀ ਭਾਰਤੀ ਅੰਦਰ ਯੂਨਾਨੀਆਂ ਦੇ ਵੰਸ਼ਜ ਹੋਣ ਦੇ ਲੱਛਣ ਨਹੀਂ ਪਾਏ ਗਏ ਹਨ। ਯੂਨਾਨ ਤੋਂ ਆਏ ਵਪਾਰੀਆਂ ਨੇ 18ਵੀਂ ਸਦੀ ਦੇ ਅਰੰਭ ਵਿੱਚ ਹੀ ਬੰਗਾਲ ਵਿੱਚ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ ਸਨ ਤੇ ਉਹ ਵੀਹਵੀਂ ਸਦੀ ਦੇ ਅੱਧ ਤੱਕ ਇੱਥੇ ਹੀ ਵੱਸਦੇ ਰਹੇ ਸਨ। ਯੂਨਾਨ ਦੀ ਭਾਰਤ ਤੋਂ ਦੂਰੀ 5,775 ਕਿਲੋਮੀਟਰ ਹੈ। ਇੱਥੇ ਜ਼ਿਕਰਯੋਗ ਹੈ ਕਿ 302 ਤੋਂ 288 ਈਸਾਪੂਰਵ ਕਾਲ ਵਿੱਚ ਯੂਨਾਨੀ ਇਤਿਹਾਸਕਾਰ ਮੈਗਸਥਨੀਜ਼ ਬਤੌਰ ਰਾਜਦੂਤ ਯੂਨਾਨ ਤੋਂ ਭਾਰਤ ਪੁੱਜਾ ਸੀ ਤੇ ਚੰਦਰਗੁਪਤ ਮੌਰਿਆ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਸੀ। ਇੱਥੇ ਹੀ ਬਸ ਨਹੀਂ, ਸਮਰਾਟ ਚੰਦਰਗੁਪਤ ਨੇ ਯੂਨਾਨ ਦੇ ਬਾਦਸ਼ਾਹ ਸੈਲਿਊਕਿਡ ਦੀ ਧੀ ਨਾਲ ਸ਼ਾਦੀ ਵੀ ਕੀਤੀ ਸੀ। ਇੱਥੇ ਆ ਕੇ ਵੱਸਣ ਵਾਲੇ ਬਹੁਤ ਸਾਰੇ ਯੂਨਾਨੀ ਨਾਗਰਿਕਾਂ ਨੇ ਬਾਅਦ ਵਿੱਚ ਹਿੰਦੂਮਤ ਅਤੇ ਬੁੱਧਮਤ ਧਾਰਨ ਕਰ ਲਿਆ ਸੀ। 1878 ਈਸਾਪੂਰਵ ਵਿੱਚ ਮੌਰਿਆ ਸਾਮਰਾਜ ਦੇ ਪਤਨ ਉਪਰੰਤ ਯੂਨਾਨੀ ਰਾਜਾ ਡਿਮੈਟਿਰਅਸ ਦੀ ਅਗਵਾਈ ਵਿੱਚ ਯੂਨਾਨੀ ਫ਼ੌਜਾਂ ਨੇ ਭਾਰਤ ਦੇ ਕੁਝ ਇਲਾਕਿਆਂ 'ਤੇ ਕਬਜ਼ਾ ਕਰਕੇ 'ਯੂਨਾਨੀ ਰਾਜ' ਦੀ ਸਥਾਪਨਾ ਕਰ ਦਿੱਤੀ ਸੀ।



ਐਲਗਜ਼ੈਂਡਰ ਭਾਵ ਸਿਕੰਦਰ ਦਾ ਇੱਕ ਚਿੱਤਰ

***'ਸਿਕੰਦਰ' ਤਾਂ ਪੰਜਾਬੀ ਕਾਵਿ ਅਤੇ ਪੰਜਾਬੀ ਨਾਟ ਪਰੰਪਰਾ ਦਾ ਇੱਕ ਮਹੱਤਵਪੂਰਨ ਪਾਤਰ ਵੀ ਬਣ ਚੁੱਕਾ ਹੈ ਤੇ "ਖ਼ਾਲੀ ਹੱਥੀਂ ਗਿਆ ਸਿਕੰਦਰ" ਦੀਆਂ ਸਤਰਾਂ ਪੰਜਾਬੀ ਕਾਵਿ ਵਿੱਚ ਅਕਸਰ ਦੁਹਰਾਈਆਂ ਜਾਂਦੀਆਂ ਹਨ। ਇਹ ਵੀ ਇੱਕ ਇਤਿਹਾਸਕ ਤੱਥ ਹੈ ਕਿ ਸਿਕੰਦਰ ਨੂੰ ਉਸ ਵਕਤ ਪੰਜਾਬ ਦੇ ਰਾਜੇ ਪੋਰਸ ਨੇ ਸਖ਼ਤ ਮੁਕਾਬਲਾ ਦਿੱਤਾ ਸੀ ਤੇ ਸਿਕੰਦਰ ਦੀ ਪਤਨੀ ਨੇ ਪੋਰਸ ਨੂੰ ਆਪਣਾ ਭਰਾ ਵੀ ਬਣਾਇਆ ਸੀ।***

ਪੰਜਾਬੀਆਂ ਨੇ ਸੰਨ 1900 ਦੇ ਆਸਪਾਸ ਯੂਨਾਨ ਪੁੱਜਣਾ ਸ਼ੁਰੂ ਕੀਤਾ ਸੀ। ਜ਼ਿਆਦਾਤਰ ਪੰਜਾਬੀ ਇੱਥੇ ਬਰਤਾਨਵੀ ਫ਼ੌਜ ਦੇ ਸੈਨਿਕਾਂ ਵਜੋਂ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਇੱਥੇ ਆਏ ਸਨ। ਸਾਲ 2024 ਵਿੱਚ ਇੱਥੇ 20 ਹਜ਼ਾਰ ਤੋਂ ਵੱਧ ਪੰਜਾਬੀਆਂ ਦੇ ਵੱਸਣ ਦੇ ਅੰਕੜੇ ਮੌਜੂਦ ਹਨ। ਇੱਥੇ ਸੰਨ 1970 ਤੋਂ ਬਾਅਦ ਪੰਜਾਬੀਆਂ ਦੀ ਆਮਦ ਵਿੱਚ ਚੋਖਾ ਵਾਧਾ ਹੋਇਆ ਹੈ ਤੇ ਪੰਜਾਬੀਆਂ ਨੇ ਇੱਥੇ ਰਾਜਧਾਨੀ ਏਥਨਜ਼ ਤੋਂ ਇਲਾਵਾ ਮੇਗਾਰਾ, ਚਾਕੀਡਿਕੀ ਅਤੇ ਸਾਸ਼ਨਾ ਆਦਿ ਸ਼ਹਿਰਾਂ ਵਿੱਚ ਗੁਰਦੁਆਰਾ ਸਾਹਿਬਾਨਾਂ ਦੀ ਸਥਾਪਨਾ ਕੀਤੀ ਹੋਈ ਹੈ। ਯੂਨਾਨ ਵਿੱਚ ਸਥਿਤ ਗੁਰਦੁਆਰਾ ਸਾਹਿਬਾਨ ਦੀ ਗਿਣਤੀ ਅੱਠ ਦੇ ਕਰੀਬ ਦੱਸੀ ਜਾਂਦੀ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗੁਰਦੁਆਰਾ ਸਾਹਿਬ ਤਾਂ ਮੱਧ ਯੂਨਾਨ ਵਿਖੇ ਹੀ ਸਥਿਤ ਹਨ। ਵਰਤਮਾਨ ਸਮੇਂ ਅੰਦਰ ਇੱਥੇ ਵੱਸਦੇ ਪੰਜਾਬੀ ਲੋਕ ਜਹਾਜ਼ਰਾਨੀ, ਕੱਪੜਾ ਉਦਯੋਗ, ਰੈਸਟੋਰੈਂਟ, ਖੇਤੀਬਾੜੀ, ਭਵਨ ਨਿਰਮਾਣ, ਵਪਾਰ ਤੇ ਟੈਕਸੀ ਚਾਲਨ ਦੇ ਕਿੱਤਿਆਂ ਵਿੱਚ ਮਸਰੂਫ਼ ਹਨ ਅਤੇ ਹੱਡਭੰਨ੍ਹਵੀਂ ਮਿਹਨਤ ਕਰਕੇ ਪੈਸਾ ਤੇ ਨਾਮ ਕਮਾਅ ਰਹੇ ਹਨ।

ਸਾਲ 2010 ਵਿੱਚ ਸਮੁੱਚੇ ਯੂਨਾਨ ਅਤੇ ਯੂ.ਕੇ. ਦੇ ਪੰਜਾਬੀ ਸਿੱਖ ਇਕਜੁੱਟ ਹੋ ਕੇ ਯੂਨਾਨ ਦੇ ਸ਼ਹਿਰ ਥੈਸਾਲੋਨਿਕੀ ਵਿਖੇ ਸਥਿਤ ਕਬਰਸਤਾਨ ਵਿਖੇ ਇਕੱਤਰ ਹੋਏ ਸਨ। ਉਨ੍ਹਾਂ ਨੇ ਇੱਥੇ ਆ ਕੇ ਪਹਿਲੇ ਵਿਸ਼ਵ ਯੁੱਧ ਦੌਰਾਨ ਸ਼ਹੀਦੀਆਂ ਪਾਉਣ ਵਾਲੇ ਪੰਜਾਬੀ ਸੈਨਿਕਾਂ ਨੂੰ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ ਸਨ। ਇੱਥੇ ਲਗਪਗ 26 ਦੇ ਕਰੀਬ ਸਿੱਖ ਸੈਨਿਕਾਂ ਦੀਆਂ ਕਬਰਾਂ ਮੌਜੂਦ ਹਨ, ਜਿਨ੍ਹਾਂ ਉੱਤੇ ਗੁਰਮੁਖੀ ਲਿਪੀ ਵਿੱਚ 'ਇਕ ਓਅੰਕਾਰ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ' ਦੀ ਇਬਾਰਤ ਉੱਕਰੀ ਹੋਈ ਹੈ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਏਥਨਜ਼ ਅਤੇ ਇਸਦੇ ਆਸਪਾਸ ਦੇ ਇਲਾਕੇ ਵਿੱਚ ਵੱਸਦੇ ਪੰਜਾਬੀਆਂ ਨੇ ਆਪਣੇ ਧਾਰਮਿਕ ਪੂਜਾ-ਪਾਠ ਨੂੰ ਪੂਰਨ ਮਰਿਆਦਾ ਅਨੁਸਾਰ ਪੂਰਾ ਕਰਨ ਹਿਤ 'ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ' ਦੀ ਸ਼ਾਨਦਾਰ ਇਮਾਰਤ ਦੀ ਸਥਾਪਨਾ ਵੀ ਕਰ ਦਿੱਤੀ ਸੀ। ਮੇਗਾਰਾ ਸ਼ਹਿਰ ਵਿਖੇ ਹਰ ਸਾਲ ਵਿਸਾਖੀ ਮੌਕੇ ਕੱਢੇ ਜਾਂਦੇ ਵਿਸ਼ਾਲ ਨਗਰ ਕੀਰਤਨ ਵਿੱਚ ਸੈਂਕੜੇ ਪੰਜਾਬੀ ਪੂਰੀ ਸ਼ਰਧਾ ਭਾਵਨਾ ਨਾਲ ਭਾਗ ਲੈਂਦੇ ਹਨ।

ਬੇਹੱਦ ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਸੰਨ 2014 ਵਿੱਚ ਯੂਨਾਨ ਦੇ 'ਗੁਰਦੁਆਰਾ ਭਗਤ ਰਵਿਦਾਸ ਦਰਬਾਰ' ਅਤੇ 'ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ' ਵਿਖੇ ਹਮਲਾਵਰਾਂ ਵੱਲੋਂ ਗੋਲੀਬਾਰੀ ਕੀਤੀ ਗਈ ਸੀ, ਪਰ ਵਾਹਿਗੁਰੂ ਦੀ ਕਿਰਪਾ ਸਦਕਾ ਕਿਸੇ ਤਰ੍ਹਾਂ ਦੇ ਵੀ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ। ਇੱਥੇ ਇਹ ਦੱਸਣਯੋਗ ਹੈ ਕਿ ਯੂਨਾਨ ਦੇ ਸਥਾਨਕ ਨਿਵਾਸੀ ਕਈ ਵਾਰ ਬਾਹਰੀ ਦਿੱਖ ਅਤੇ ਪਹਿਰਾਵੇ ਕਰਕੇ ਪੰਜਾਬੀ ਸਿੱਖਾਂ ਨੂੰ ਮੁਸਲਮਾਨ ਅਤਿਵਾਦੀ ਸਮਝ ਲੈਂਦੇ ਹਨ ਤੇ ਗ਼ਲਤ ਵਿਹਾਰ ਕਰ ਦਿੰਦੇ ਹਨ। ਇੱਥੇ ਸਿੱਖਾਂ ਨੂੰ ਪਗੜੀ ਸਜਾਉਣ ਅਤੇ ਬਿਨਾ ਹੈਲੇਮਟ ਤੋਂ ਵਾਹਨ ਚਲਾਉਣ ਵਿੱਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਪਹਿਲੀ ਮਾਰਚ 2006 ਨੂੰ ਯੂਨਾਨ ਦੀ ਸਰਕਾਰ ਨੇ ਸਿੱਖਾਂ ਅਤੇ ਹਿੰਦੂਆਂ ਦੇ ਮ੍ਰਿਤਕ ਸਰੀਰਾਂ ਦਾ ਅੱਗ ਨਾਲ ਸਾੜ੍ਹ ਕੇ ਅੰਤਿਮ ਸਸਕਾਰ ਕਰਨ ਦਾ ਕਾਨੂੰਨ ਪਾਸ ਕੀਤਾ ਸੀ। ਗ਼ੌਰਤਲਬ ਹੈ ਕਿ ਸਾਲ 2007-08 ਦੌਰਾਨ ਭਾਰੀ ਆਰਥਿਕ ਸੰਕਟ ਆ ਜਾਣ ਕਰਕੇ ਕਾਫੀ ਸਾਰੇ ਪੰਜਾਬੀ ਪਰਿਵਾਰ ਕੈਨੇਡਾ, ਜਰਮਨੀ ਅਤੇ ਯੂ.ਕੇ. ਆਦਿ ਵੱਲ ਚਲੇ ਗਏ ਸਨ ਤੇ ਉੱਥੇ ਜਾ ਕੇ ਸਥਾਪਿਤ ਹੋ ਗਏ ਸਨ।

ਯੂਨਾਨ ਵਿਖੇ ਵੱਸਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਬੁਲੰਦ ਕਰਨ ਵਾਲੀਆਂ ਸ਼ਖ਼ਸੀਅਤਾਂ ਵਿੱਚ ਡਾ. ਬ੍ਰਿਜਪਾਲ ਸਿੰਘ ਦੇ ਨਾਂ ਦਾ ਵੀ ਸ਼ੁਮਾਰ ਹੁੰਦਾ ਹੈ। ਵਿਦਵਾਨ ਹਸਤੀ ਡਾ. ਬ੍ਰਿਜਪਾਲ ਸਿੰਘ ਉਨ੍ਹਾਂ ਪੰਜ ਏਸ਼ਿਆਈ ਹਸਤੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੂੰ ਸੰਨ 1977 ਵਿੱਚ ਯੂਨਾਨ ਦੀ ਸਰਕਾਰ ਵੱਲੋਂ 'ਡਾਕਟਰਲ ਸਟੱਡੀ ਸਕਾਲਰਸ਼ਿਪ' ਨਾਲ ਨਿਵਾਜਿਆ ਗਿਆ ਸੀ। ਡਾ. ਬ੍ਰਿਜਪਾਲ ਸਿੰਘ ਹੁਰਾਂ ਨੇ ਸੰਨ 1984 ਤੋਂ 1996 ਤੱਕ 'ਲਾਲ ਬਹਾਦਰ ਸ਼ਾਸ਼ਤਰੀ ਨੈਸ਼ਨਲ ਅਕੈਡਮੀ ਆੱਫ਼ ਐਡਮਿਨਸਟ੍ਰੇਸ਼ਨ, ਮਸੂਰੀ' ਵਿਖੇ ਬਤੌਰ 'ਪ੍ਰੋਫ਼ੈਸਰ ਆੱਫ਼ ਇਕਨਾਮਿਕਸ' ਭਾਵ ਅਰਥ ਸ਼ਾਸਤਰ ਵਿਸ਼ੇ ਦੇ ਪ੍ਰੋਫ਼ੈਸਰ ਵਜੋਂ ਸੇਵਾ ਨਿਭਾਉਂਦਿਆਂ ਭਾਰਤ ਸਰਕਾਰ ਦੀ ਪ੍ਰਸ਼ਾਸਨਿਕ ਸੇਵਾ ਦੇ ਉੱਚ-ਅਧਿਕਾਰੀਆਂ ਨੂੰ ਸਿਖਲਾਈ ਪ੍ਰਦਾਨ ਕਰਨ ਦਾ ਸ਼ਰਫ਼ ਹਾਸਿਲ ਕੀਤਾ ਸੀ। ਸ੍ਰੀ ਰਣਵੀਰ ਅਲਾਹਾਬਾਦੀਆ ਤਾਂ ਯੂਨਾਨੀ ਸੱਭਿਆਚਾਰ ਅਤੇ ਵਿਰਸੇ ਨਾਲ ਸਬੰਧਿਤ ਇੱਕ ਅਤਿਅੰਤ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਨਾਮਣਾ ਖੱਟ ਚੁੱਕੇ ਹਨ ਅਤੇ ਕਈ ਸਾਲ ਨਿੱਕੇ-ਮੋਟੇ ਕੰਮ ਰਾਹੀਂ ਮਿਹਨਤ ਮਜ਼ਦੂਰੀ ਕਰਨ ਪਿੱਛੋਂ ਸਾਲ 2006 ਵਿੱਚ ਵੱਡੇ 'ਗਰੋਸਰੀ ਸਟੋਰ' ਦੇ ਮਾਲਕ ਬਣ ਜਾਣ ਵਾਲੇ ਸ. ਇੰਦਰ ਸਿੰਘ ਦੀ ਮਿਹਨਤ ਅਤੇ ਸਿਰੜ ਵੀ ਕਾਬਿਲੇ-ਤਾਰੀਫ਼ ਰਹੇ ਹਨ।

***ਯੂਨਾਨ ਵਿਖੇ ਵੱਸਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਬੁਲੰਦ ਕਰਨ ਵਾਲੀਆਂ ਸ਼ਖ਼ਸੀਅਤਾਂ ਵਿੱਚ ਡਾ. ਬ੍ਰਿਜਪਾਲ ਸਿੰਘ ਦੇ ਨਾਂ ਦਾ ਵੀ ਸ਼ੁਮਾਰ ਹੁੰਦਾ ਹੈ। ਵਿਦਵਾਨ ਹਸਤੀ ਡਾ. ਬ੍ਰਿਜਪਾਲ ਸਿੰਘ ਉਨ੍ਹਾਂ ਪੰਜ ਏਸ਼ਿਆਈ ਹਸਤੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੂੰ ਸੰਨ 1977 ਵਿੱਚ ਯੂਨਾਨ ਦੀ ਸਰਕਾਰ ਵੱਲੋਂ 'ਡਾਕਟਰਲ ਸਟੱਡੀ ਸਕਾਲਰਸ਼ਿਪ' ਨਾਲ ਨਿਵਾਜਿਆ ਗਿਆ ਸੀ।***



ਡਾ. ਬ੍ਰਿਜਪਾਲ ਸਿੰਘ

ਯੂਨਾਨ (ਗਰੀਸ) ਦੀ ਰਾਜਧਾਨੀ ਏਥਨਜ਼ ਵਿੱਚ ਪ੍ਰਾਚੀਨ ਥੀਏਟਰ ਦਾ ਇੱਕ ਦਿਲਕਸ਼ ਨਜ਼ਾਰਾ



## ਭਗਤੀ ਤੇ ਸ਼ਕਤੀ ਦੇ ਮੁਜੱਸਮੇ ਦਸਮ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਅਤੇ ਨਵੇਂ ਸਾਲ 2025 ਦੀ ਆਮਦ 'ਤੇ ਸਮੂਹ ਭਾਈਚਾਰੇ ਨੂੰ

# ਲੱਖ ਲੱਖ ਵਧਾਈ ਹੋਵੇ

ਆਓ ਸਾਰੇ ਰਲ ਕੇ ਇਸ ਵਰ੍ਹੇ ਆਪਣੇ ਭਾਈਚਾਰੇ, ਦੇਸ਼ ਕੌਮ ਅਤੇ ਵਿਸ਼ਵ ਨੂੰ ਬਿਹਤਰ ਬਣਾਉਣ ਲਈ ਹੰਭਲਾ ਮਾਰੀਏ

**ਵੱਲੋਂ: ਮੈਡੀਸਨ (ਵਿਸਕਾਨਸਿਨ) ਗਰੁੱਪ**



ਲਖਬੀਰ ਸਿੰਘ ਢੀਂਡਸਾ



ਦੀਦਾਰ ਸਿੰਘ ਧਨੋਆ



ਗੁਰਿੰਦਰਜੀਤ ਸਿੰਘ ਗਰੇਵਾਲ



ਇੰਦਰਬੰਸ ਸਿੰਘ ਬਰਾੜ



ਸੁਰਿੰਦਰ ਸਿੰਘ ਪਾਂਗਲੀ



ਨਿਰਭੈ ਸਿੰਘ ਪਾਂਗਲੀ



ਨਵਤੇਜ ਸਿੰਘ ਗਿੱਲ



ਰੇਸ਼ਮ ਸਿੰਘ



ਜਪਤੇਜ ਸਿੰਘ ਔਲਖ


# ਟਿੱਬਿਆਂ 'ਚ ਜਨਮਿਆ ਰੋਇੰਗ ਦਾ ਹੀਰਾ ਸਵਰਨ ਵਿਰਕ

## ਖਿਡਾਰੀ ਪੰਜ-ਆਬ ਦੇ (33)

ਨਵਦੀਪ ਸਿੰਘ ਗਿੱਲ
ਫੋਨ: +91-9780036216



*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਰੋਇੰਗ ਦੇ ਹੀਰੇ ਸਵਰਨ ਵਿਰਕ ਦੀ ਪ੍ਰਤਿਭਾ ਦਾ ਕਿੱਸਾ ਛੋਹਿਆ ਗਿਆ ਹੈ। ਉਸ ਅੰਦਰਲੀ ਕੁਦਰਤੀ ਪ੍ਰਤਿਭਾ ਸਦਕਾ ਰੋਇੰਗ ਖੇਡ ਵਿੱਚ ਪੂਰੇ ਏਸ਼ੀਆ ਅੰਦਰ ਉਸ ਵਰਗਾ ਖਿਡਾਰੀ ਨਹੀਂ ਹੈ। ਆਪਣੇ ਪਹਿਲੇ ਹੀ ਮੁਕਾਬਲੇ ਵਿੱਚ ਉਸ ਨੇ ਆਪਣੀ ਟੀਮ ਲਈ ਸੋਨੇ ਦਾ ਤਮਗਾ ਜਿੱਤ ਲਿਆ ਸੀ। ਭਾਰਤ ਸਰਕਾਰ ਨੇ ਉਸ ਨੂੰ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ।*




■ਜਕਾਰਤਾ ਵਿਖੇ ਸੋਨੇ ਦਾ ਤਮਗਾ ਜਿੱਤਣ ਲਈ ਸਵਰਨ ਦੀਆਂ ਹਥੇਲੀਆਂ ਦਾ ਮਾਸ ਵੀ ਇੰਨਾ ਭੁਰ ਗਿਆ ਸੀ ਕਿ ਉਸ ਦੇ ਛਾਲੇ ਪਏ ਹੱਥਾਂ ਵਿੱਚ ਸੋਨੇ ਦਾ ਤਮਗਾ ਫੜੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਪਰ ਬਹੁਤ ਵਾਇਰਲ ਹੋਈਆਂ।

ਮਾਨਸਾ ਜ਼ਿਲ੍ਹੇ ਦੇ ਸਵਰਨ ਸਿੰਘ ਵਿਰਕ ਨੇ ਰੋਇੰਗ ਖੇਡ ਵਿੱਚ ਸੁਨਹਿਰੀ ਪੈੜਾਂ ਪਾਈਆਂ। ਟਿੱਬਿਆਂ ਦੀ ਧਰਤੀ ਦੇ ਇਸ ਪੁੱਤ ਨੇ ਪਾਣੀ ਨਾਲ ਸਬੰਧਤ ਖੇਡ ਵਿੱਚ ਨਾਮਣਾ ਖੱਟਿਆ। ਰੋਇੰਗ ਖੇਡ ਪਾਣੀ ਨਾਲ ਸਬੰਧਤ ਹੈ ਅਤੇ ਪਾਣੀ ਦੇ ਲਿਹਾਜ਼ ਨਾਲ ਮਾਨਸਾ ਨੂੰ ਟੇਲਾਂ ਦੀ ਧਰਤੀ ਕਿਹਾ ਜਾਂਦਾ ਹੈ, ਜਿੱਥੇ ਪਾਣੀ ਆਖਰ ਵਿੱਚ ਬਚਿਆ-ਖੁਚਿਆ ਹੀ ਪਹੁੰਚਦਾ ਹੈ। ਰੋਇੰਗ, ਜਿਸ ਨੂੰ ਅਸੀਂ ਸਾਧਾਰਣ ਭਾਸ਼ਾ ਵਿੱਚ ਕਿਸ਼ਤੀ ਚਾਲਨ ਵੀ ਕਹਿ ਸਕਦੇ ਹਨ, ਦੀ ਪ੍ਰੈਕਟਿਸ ਲਈ ਝੀਲ, ਦਰਿਆ ਆਦਿ ਚਾਹੀਦੇ ਹਨ। ਰੋਇੰਗ ਵਿੱਚ ਸਵਰਨ ਓਲੰਪਿਕ ਖੇਡਾਂ ਤੱਕ ਪੁੱਜਿਆ ਹੈ। ਇਸ ਦੇ ਨਾਲ ਹੀ ਉਹ ਏਸ਼ਿਆਈ ਖੇਡਾਂ ਤੇ ਏਸ਼ੀਆ ਚੈਂਪੀਅਨਸ਼ਿਪ- ਦੋਵਾਂ ਦਾ ਹੀ ਚੈਂਪੀਅਨ ਹੈ। ਭਾਰਤ ਸਰਕਾਰ ਨੇ ਉਸ ਨੂੰ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ। ਸਵਰਨ ਅਜਿਹੀ ਖੇਡ ਵਿੱਚ ਮੱਲਾਂ ਮਾਰ ਰਿਹਾ ਹੈ, ਜਿਸ ਦਾ ਨਾਂ ਉਸ ਨੇ ਆਪਣੀ ਜੁਆਨੀ ਵਿੱਚ ਸੁਣਿਆ ਵੀ ਨਹੀਂ ਸੀ। ਫੌਜ ਵਿੱਚ ਭਰਤੀ ਹੋਣ ਤੋਂ ਬਾਅਦ ਉਸ ਨੂੰ ਰੋਇੰਗ ਦਾ ਪਤਾ ਚੱਲਿਆ। ਇਸੇ ਲਈ ਸਵਰਨ ਲਈ ਫੌਜ ਦੀ ਭਰਤੀ ਉਸ ਵਾਸਤੇ ਵਰਦਾਨ ਸਾਬਤ ਹੋਈ। ਸਵਰਨ ਦਾ ਖੇਡ ਕਰੀਅਰ ਉਸ ਦੇ ਜੁਝਾਰੂਪੁਣੇ ਅਤੇ ਸਿਦਕ ਦੀ ਦਾਸਤਾਨ ਹੈ। ਉਸ ਅੰਦਰਲੀ ਕੁਦਰਤੀ ਪ੍ਰਤਿਭਾ ਸਦਕਾ ਰੋਇੰਗ ਖੇਡ ਵਿੱਚ ਪੂਰੇ ਏਸ਼ੀਆ ਅੰਦਰ ਉਸ ਵਰਗਾ ਖਿਡਾਰੀ ਨਹੀਂ ਹੈ। ਖੇਡ ਮਾਹਿਰਾਂ ਅਨੁਸਾਰ ਜੇਕਰ ਉਹ ਬਚਪਨ ਤੋਂ ਹੀ ਇਸ ਖੇਡ ਨਾਲ ਜੁੜਿਆ ਹੁੰਦਾ ਤਾਂ ਉਹ ਅਸਾਨੀ ਨਾਲ ਓਲੰਪਿਕ ਤੇ ਵਿਸ਼ਵ ਚੈਂਪੀਅਨ ਬਣ ਜਾਂਦਾ। ਹਾਲੇ ਵੀ ਉਹ ਇਸ ਪ੍ਰਾਪਤੀ ਨੂੰ ਹਾਸਲ ਕਰਨ ਲਈ ਜੀਅ ਜਾਨ ਨਾਲ ਲੱਗਿਆ ਹੋਇਆ ਹੈ।

ਸਵਰਨ ਸਿੰਘ ਵਿਰਕ ਦਾ ਜਨਮ ਮਾਨਸਾ ਜ਼ਿਲ੍ਹੇ ਦੇ ਪਿੰਡ ਦਲੇਲਵਾਲਾ ਵਿਖੇ 20 ਫਰਵਰੀ 1990 ਨੂੰ ਪਿਤਾ ਗੁਰਮੁੱਖ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਹੋਇਆ। ਛੋਟੇ ਹੁੰਦਿਆਂ ਪੜ੍ਹਾਈ ਨਾਲੋਂ ਵੱਧ ਦਿਲ ਉਸ ਦਾ ਵਾਲੀਬਾਲ ਖੇਡਣ ਵਿੱਚ ਲੱਗਦਾ ਸੀ। ਕੱਦ-ਕਾਠ ਲੰਬਾ ਹੋਣ ਕਰਕੇ ਸਵਰਨ ਨੂੰ ਮੁੱਢ ਤੋਂ ਹੀ ਚੰਗਾ ਵਾਲੀਬਾਲ ਖਿਡਾਰੀ ਬਣਨ ਦੀ ਸੰਭਾਵਨਾ ਜਾਪਦੀ ਸੀ। ਸਧਾਰਣ ਕਿਸਾਨ ਪਰਿਵਾਰ ਦਾ ਜੰਮਪਲ ਹੋਣ ਕਰਕੇ ਸਵਰਨ ਦੇ ਘਰ ਦੀ ਮਾਲੀ ਹਾਲਤ ਠੀਕ-ਠਾਕ ਹੀ ਸੀ। ਉਨ੍ਹਾਂ ਦੇ ਪਰਿਵਾਰ ਨੇ ਖੇਤੀਬਾੜੀ ਲਈ ਵਛੇਰੀ ਰੱਖੀ ਹੋਈ ਸੀ, ਜਿਸ ਨੂੰ ਖੇਤੋਂ ਸਵਰਨ ਹੀ ਲਿਆਉਂਦਾ ਸੀ। ਵਛੇਰੀ ਨੇ ਤੇਜ਼ ਦੌੜਨਾ। ਸਵਰਨ ਵੀ ਪਿੱਛੇ-ਪਿੱਛੇ ਹੱਫਿਆ ਹੋਇਆ ਦੌੜਦਾ ਆਉਂਦਾ। ਵਛੇਰੀ ਘਰ ਬੰਨ੍ਹ ਕੇ ਉਹ ਵਾਲੀਬਾਲ ਖੇਡਣ ਚਲਾ ਜਾਂਦਾ। ਪਹਿਲੇ ਪਹਿਲ ਸਵਰਨ ਵਾਲੀਬਾਲ ਦੇ ਮੈਦਾਨ ਵਿੱਚ ਬਾਲ ਚੁੱਕਦਾ ਹੁੰਦਾ ਸੀ। ਫੇਰ ਹੌਲੀ ਹੌਲੀ ਖੇਡਣ ਵੀ ਲੱਗ ਗਿਆ। ਦਸਮੇਸ਼ ਸਕੂਲ ਤੋਂ ਦਸਵੀਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੁਨੀਰ ਤੋਂ ਬਾਰ੍ਹਵੀਂ ਕਰਨ ਤੋਂ ਬਾਅਦ ਉਹ ਘਰ ਦੀ ਕਬੀਲਦਾਰੀ ਦਾ ਭਾਰ ਵੰਡਾਉਣ ਲਈ ਖੇਤੀਬਾੜੀ ਕਰਨ ਲੱਗ ਗਿਆ। ਸਵਰਨ ਹੁਰੀਂ ਦੋ ਭਰਾ ਹਨ। ਵੱਡਾ ਭਰਾ ਲਖਵਿੰਦਰ ਸਿੰਘ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ।

ਸਵਰਨ ਨੇ ਫੌਜ ਵਿੱਚ ਭਰਤੀ ਦਾ ਮਨ ਬਣਾ ਲਿਆ। ਭਰਤੀ ਹੋਣ ਖਾਤਰ ਦੌੜਨ ਵਾਸਤੇ ਉਸ ਨੇ ਵਾਲੀਬਾਲ ਛੱਡ ਕੇ ਫੁਟਬਾਲ ਖੇਡਣੀ ਸ਼ੁਰੂ ਕਰ ਦਿੱਤੀ। ਕੋਚ ਬਲਕਰਨ ਸਿੰਘ ਕੋਲ ਉਹ ਦੌੜਨ ਦੇ ਅਭਿਆਸ ਵਾਸਤੇ ਫੁਟਬਾਲ



ਖੇਡੀ ਜਾਂਦਾ। ਬਠਿੰਡਾ ਵਿਖੇ ਹੋਈ ਪਹਿਲੀ ਭਰਤੀ ਵਿੱਚ ਉਸ ਨੂੰ ਮੈਡੀਕਲ ਆਧਾਰ 'ਤੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਉਸ ਦੀਆਂ ਅੱਖਾਂ ਵਿੱਚ ਧੱਬੇ ਹਨ। ਦੂਜੀ ਵਾਰ ਲੁਧਿਆਣੇ ਭਰਤੀ ਹੋਣ ਗਿਆ ਤਾਂ ਟੈਸਟ ਵਿੱਚੋਂ ਰਹਿ ਗਿਆ। ਵਾਲੀਬਾਲ ਤੇ ਫੁਟਬਾਲ ਦਾ ਚੰਗਾ ਖਿਡਾਰੀ ਹੋਣ ਕਰਕੇ ਦੋਵੇਂ ਵਾਰ ਉਸ ਨੇ ਫਿਜ਼ੀਕਲ ਟੈਸਟ ਤਾਂ ਪਾਸ ਕਰ ਲਿਆ। ਸਵਰਨ ਦੱਸਦਾ ਹੈ, "ਭਰਤੀ ਵਾਸਤੇ ਤਿੰਨ ਗੱਲਾਂ ਜ਼ਰੂਰੀ ਹੁੰਦੀਆਂ: ਫਿਜ਼ੀਕਲ ਟੈਸਟ, ਮੈਡੀਕਲ ਟੈਸਟ ਤੇ ਲਿਖਤੀ ਪ੍ਰੀਖਿਆ। ਤੀਜੀ ਭਰਤੀ ਵਿੱਚ ਉਹ ਭਰਤੀ ਹੋ ਗਿਆ। ਸਾਲ 2008 ਵਿੱਚ ਰਾਮਗੜ੍ਹ (ਰਾਂਚੀ) ਵਿਖੇ 10 ਸਿੱਖ ਰਜਮੈਂਟ ਦੀ ਭਰਤੀ ਵਿੱਚ ਉਹ ਚੁਣ ਕੇ ਰੰਗਰੂਟ ਹੋ ਗਿਆ।

ਫੌਜ ਵੱਲੋਂ ਰੋਇੰਗ ਟੀਮ ਬਣਾਈ ਜਾ ਰਹੀ ਸੀ। ਪੁਣੇ ਵਿਖੇ ਫੌਜ ਦੇ ਖੇਡ ਸੈਂਟਰ ਵਿੱਚ ਚੰਗੇ ਕੱਦ-ਕਾਠ ਵਾਲੇ ਖਿਡਾਰੀ ਦਿੱਖ ਵਾਲੇ ਹੋਰਨਾਂ ਜਵਾਨਾਂ ਵਾਂਗ ਸਵਰਨ ਨੂੰ ਵੀ ਸੱਦਾ ਆਇਆ। ਸਵਰਨ ਨੂੰ ਜਦੋਂ ਰੋਇੰਗ ਵਿੱਚ ਹਿੱਸਾ ਲੈਣ ਬਾਰੇ ਪੁੱਛਿਆ ਗਿਆ ਤਾਂ ਉਹ ਭੌਰ ਭੌਰ ਹੋ ਗਿਆ। ਰੋਇੰਗ ਖੇਡ ਬਾਰੇ ਜਾਣਕਾਰੀ ਹੋਣਾ ਤਾਂ ਇੱਕ ਪਾਸੇ, ਉਸ ਨੇ ਤਾਂ ਖੇਡ ਦਾ ਨਾਂ ਹੀ ਪਹਿਲੀ ਵਾਰ ਸੁਣਿਆ ਸੀ। ਰੋਇੰਗ ਲਈ ਲੱਤਾਂ ਦੇ ਨਾਲ ਬਾਹਾਂ ਦਾ ਵੀ ਜ਼ੋਰ ਲੱਗਦਾ ਹੋਣ ਕਰਕੇ ਸਵਰਨ ਤੇ ਉਸ ਦੇ ਸਾਥੀਆਂ ਨੂੰ ਦੌੜਨ ਦੇ ਅਭਿਆਸ ਦੇ ਨਾਲ ਪੁਸ਼ ਅੱਪਸ ਵੀ ਲਾਉਣੀਆਂ ਪੈਂਦੀਆਂ। ਛੋਟਾ ਹੁੰਦਾ ਵਛੇਰੀ ਨਾਲ ਦੌੜਨ ਵਾਲੇ ਸਵਰਨ ਨੂੰ ਭੱਜਣ ਵਿੱਚ ਕੋਈ ਔਖ ਨਹੀਂ ਸੀ, ਪਰ ਲੰਬਾ ਲੰਬਾ ਸਮਾਂ ਪੁਸ਼ ਅੱਪਸ ਲਾਉਣ ਨਾਲ ਉਸ ਦੀਆਂ ਬਾਹਾਂ ਦੀ ਜਾਨ ਨਿਕਲ ਜਾਂਦੀ। ਖੇਡਣ ਲਈ ਉਸ ਨੂੰ ਰੰਗਰੂਟੀ ਦੀ ਟ੍ਰੇਨਿੰਗ ਤੋਂ ਵੱਧ ਔਖਿਆਈ ਝੱਲਣੀ ਪੈਂਦੀ। ਸਵਰਨ ਨੇ ਰੋਇੰਗ ਖੇਡਣੀ ਸ਼ੁਰੂ ਕੀਤੀ।

ਸਵਰਨ ਨੇ ਸਵਾ ਸਾਲ ਸਾਧ ਬਣ ਕੇ ਰੋਇੰਗ ਖੇਡ ਦਾ ਅਭਿਆਸ ਕੀਤਾ। ਹੁੰਦੜਹੇਲ ਸਵਰਨ ਛੇਤੀ ਹੀ ਆਪਣੀ ਸਖਤ ਮਿਹਨਤ ਨਾਲ ਫੌਜ ਦਾ ਮੋਹਰੀ ਕਿਸ਼ਤੀ ਚਾਲਕ ਬਣ ਗਿਆ। ਫਰਵਰੀ 2011 ਵਿੱਚ ਝਾਰਖੰਡ ਵਿਖੇ 34ਵੀਆਂ ਕੌਮੀ ਖੇਡਾਂ ਲਈ ਸਰਵਿਸਜ਼ ਦੀ ਟੀਮ ਲਈ ਉਹ ਚੁਣਿਆ ਗਿਆ। ਆਪਣੇ ਪਹਿਲੇ ਹੀ ਮੁਕਾਬਲੇ ਵਿੱਚ ਉਸ ਨੇ ਆਪਣੀ ਟੀਮ ਲਈ ਸੋਨੇ ਦਾ ਤਮਗਾ ਜਿੱਤ ਲਿਆ। ਸਵਰਨ ਭਾਰਤੀ ਰੋਇੰਗ ਟੀਮ ਵਿੱਚ ਚੁਣਿਆ ਗਿਆ, ਜਿੱਥੇ ਉਸ ਦਾ ਈਵੈਂਟ ਸਿੰਗਲਜ਼ ਸਕੱਲਜ਼ ਸੀ। ਇਸ ਈਵੈਂਟ ਵਿੱਚ ਕਿਸ਼ਤੀ ਚਾਲਕ ਇਕੱਲਾ ਭਾਗ ਲੈਂਦਾ ਹੈ। 2011 ਵਿੱਚ ਹੀ ਉਸ ਨੇ ਦੱਖਣੀ ਕੋਰੀਆ ਵਿਖੇ ਹੋਈ 14ਵੀਂ ਏਸ਼ੀਅਨ ਰੋਇੰਗ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਅਤੇ ਕਾਂਸੀ ਦਾ ਤਮਗਾ ਜਿੱਤਿਆ। ਮਾਨਸਾ ਜ਼ਿਲ੍ਹੇ ਦਾ ਛੋਟਾ ਜਿਹਾ ਪਿੰਡ ਦਲੇਲਵਾਲਾ ਕੌਮਾਂਤਰੀ ਖੇਡ ਸੁਰਖੀਆਂ ਵਿੱਚ ਆ ਗਿਆ। ਪਿੰਡ ਵਾਲਿਆਂ ਨੂੰ ਤਾਂ ਹਾਲੇ ਰੋਇੰਗ ਖੇਡ ਦਾ ਨਾਂ ਚੱਜ ਨਾਲ ਲੈਣਾ ਨਹੀਂ ਆਉਂਦਾ ਸੀ।

ਸਾਲ 2011 ਵਿੱਚ ਹੀ ਉਸ ਨੇ ਸਲੋਵੀਨੀਆ ਵਿਖੇ ਵਿਸ਼ਵ ਰੋਇੰਗ ਚੈਂਪੀਅਨਸ਼ਿਪ ਵਿੱਚ 17ਵਾਂ ਸਥਾਨ ਹਾਸਲ ਕੀਤਾ। ਸਾਲ 2012 ਵਿੱਚ ਦੱਖਣੀ ਕੋਰੀਆ ਵਿਖੇ ਹੋਈ ਓਲੰਪਿਕ ਕੁਆਲੀਫਾਈ ਲਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸਵਰਨ ਨੇ ਸੋਨੇ ਦਾ ਤਮਗਾ ਜਿੱਤ ਕੇ ਓਲੰਪਿਕਸ ਦੀ ਟਿਕਟ ਕਟਾ ਲਈ। ਖੇਡ ਸ਼ੁਰੂ ਕਰਨ ਦੇ ਤਿੰਨ ਸਾਲਾਂ ਦੇ ਅੰਦਰ ਉਹ ਓਲੰਪੀਅਨ ਬਣ ਗਿਆ। ਲੰਡਨ ਓਲੰਪਿਕਸ ਵਿਖੇ ਉਸ ਨੇ 16ਵਾਂ ਸਥਾਨ ਹਾਸਲ ਕੀਤਾ। ਸਾਲ 2013 ਵਿੱਚ ਸਵਰਨ ਨੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗਾ ਜਿੱਤਿਆ। ਇਸੇ ਸਾਲ ਉਸ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ 12ਵਾਂ ਸਥਾਨ ਹਾਸਲ ਕੀਤਾ। ਇਹ ਪ੍ਰਾਪਤੀ ਵਾਲਾ ਉਹ ਪਹਿਲਾ ਭਾਰਤੀ ਰੋਅਰ ਬਣਿਆ। ਇਟਲੀ ਵਿਖੇ ਰੋਇੰਗ ਖੇਡ ਦੇ ਮਹਾਂਕੁੰਭ ਇੰਟਰਨੈਸ਼ਨਲ ਰੋਇੰਗ ਟੂਰਨਾਮੈਂਟ ਵਿੱਚ ਉਹ ਪੰਜਵੇਂ ਸਥਾਨ 'ਤੇ ਰਿਹਾ। ਸਾਲ 2014 ਵਿੱਚ ਇੰਚੇਓਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵੇਲੇ ਉਹ ਪਿੱਠ ਦਰਦ ਤੋਂ ਬਹੁਤ ਪੀੜਤ ਸੀ। ਸਵਰਨ ਨੇ ਸਿਰੜ ਨਾਲ ਹਿੱਸਾ ਲਿਆ ਅਤੇ ਸਿੰਗਲਜ਼ ਸਕੱਲਜ਼ ਈਵੈਂਟ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਸਵਰਨ ਨੂੰ ਨਗਦ ਇਨਾਮ ਮਿਲੇ, ਜਿਸ ਨਾਲ ਸਭ ਤੋਂ ਪਹਿਲਾਂ ਆਪਣੇ ਘਰ ਦੀ ਗੁਰਬਤ ਨੂੰ ਦੂਰ ਕਰਦਿਆਂ ਘਰ ਬਣਾਇਆ।

ਇੱਕ ਵਾਰ ਪਿੱਠ ਦਰਦ ਕਾਰਨ ਉਸ ਦੀ ਖੇਡ ਉਤੇ ਖਤਰੇ ਦੇ ਬੱਦਲ ਮੰਡਰਾਉਣ ਲੱਗ ਗਏ। ਰੋਇੰਗ ਫੈਡਰੇਸ਼ਨ ਦੇ ਖਰਚੇ ਉਤੇ ਚੇਨੱਈ ਇਲਾਜ ਕਰਵਾਇਆ। ਅਗਲੇ ਹੀ ਸਾਲ 2015 ਵਿੱਚ ਸਵਰਨ ਨੂੰ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਨਾਲ ਸਨਮਾਨਿਆ। ਉਸ ਵੇਲੇ ਸਵਰਨ ਨੂੰ ਗੁਸਲਖਾਨੇ ਵਿੱਚ ਡਿੱਗਣ ਕਾਰਨ ਸੱਟ ਵੱਜ ਗਈ, ਜਿਸ ਕਾਰਨ ਉਹ ਐਵਾਰਡ ਸਮਾਰੋਹ ਵਿੱਚ ਹਿੱਸਾ ਨਹੀਂ ਲੈ ਸਕਿਆ। ਸਵਰਨ ਨੂੰ ਜਦੋਂ ਪੁੱਛੀਦਾ ਹੈ ਕਿ ਸੱਟ ਕਾਰਨ ਐਵਾਰਡ ਸਮਾਰੋਹ ਵਿੱਚ ਹਿੱਸਾ ਨਾ ਲੈਣ ਉਤੇ ਕਿਤੇ ਪਛਤਾਵਾ ਨਹੀਂ ਹੋਇਆ ਤਾਂ ਉਸ ਦਾ ਜਵਾਬ ਹੁੰਦਾ, "ਕੁੱਬੇ ਨੂੰ ਲੱਤ ਵੱਜੀ ਰਾਸ ਆ ਗਈ ਮੈਨੂੰ ਤਾਂ, ਪਿੱਠ ਦਰਦ ਤੋਂ ਬਾਅਦ ਡਿੱਗਣ ਕਾਰਨ ਸਗੋਂ ਉਸ ਦੀ ਨੱਪੀ ਹੋਈ ਨਾੜ ਠੀਕ ਆ ਗਈ। ਰੀਓ ਓਲੰਪਿਕਸ ਦਾ ਸਮਾਂ ਨਿਕਲਣ ਤੋਂ ਬਾਅਦ ਉਸ ਦਾ ਅਗਲਾ ਨਿਸ਼ਾਨਾ ਜਕਾਰਤਾ ਏਸ਼ਿਆਈ ਖੇਡਾਂ ਸਨ। ਤਿੰਨ ਸਾਲ ਬਾਅਦ ਉਸ ਨੇ ਆਪਣੇ ਦ੍ਰਿੜ ਇਰਾਦੇ ਅਤੇ ਸਖਤ ਮਿਹਨਤ ਨਾਲ ਵਾਪਸੀ ਕਰਦਿਆਂ 36ਵੀਂ ਕੌਮੀ ਰੋਇੰਗ ਚੈਂਪੀਅਨਸ਼ਿਪ ਰਾਹੀਂ ਵਾਪਸੀ ਕਰਦਿਆਂ ਦੋ ਚਾਂਦੀ ਦੇ ਤਮਗੇ ਜਿੱਤੇ। ਉਹ ਮੁੜ ਭਾਰਤੀ ਟੀਮ ਵਿੱਚ ਚੁਣਿਆ ਗਿਆ।

ਸਾਲ 2018 ਵਿੱਚ ਜਕਾਰਤਾ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਉਸ ਨੇ ਹਿੱਸਾ ਲਿਆ। ਉਹ ਇਕੱਲੇ ਦੀ ਬਜਾਏ ਦੋ ਜਣਿਆਂ ਦੇ ਈਵੈਂਟ ਡਬਲਜ਼ ਸਕੱਲਜ਼ ਅਤੇ ਚਾਰ ਜਣਿਆਂ ਦੇ ਈਵੈਂਟ ਕੁਆਰਡਰਪਲ ਸਕੱਲਜ਼ ਵਿੱਚ ਹਿੱਸਾ ਲੈ ਰਿਹਾ ਸੀ। ਚਾਰ ਸਾਲ ਪਹਿਲਾਂ ਸੋਨੇ ਦਾ ਤਮਗਾ ਖਿਸਕ ਜਾਣ ਦੀ ਟੀਸ ਵੀ ਸਵਰਨ ਦੇ ਸੀਨੇ ਵਿੱਚ ਸੀ। ਪਿੱਠ ਦਰਦ ਕਾਰਨ ਉਹ ਚਾਰ ਸਾਲ ਕੌਮਾਂਤਰੀ ਮੁਕਾਬਲਿਆਂ ਤੋਂ ਦੂਰ ਰਿਹਾ ਸੀ। ਸਵਰਨ ਨੇ ਪੁਰਸ਼ਾਂ ਦੇ ਕੁਆਰਡਰਪਲ ਸਕੱਲਜ਼ ਵਰਗ ਵਿੱਚ ਸੋਨੇ ਦਾ ਤਮਗਾ ਜਿੱਤਿਆ। ਇਸ ਈਵੈਂਟ ਵਿੱਚ ਉਸ ਦੇ ਤਿੰਨ ਸਾਥੀਆਂ ਵਿੱਚੋਂ ਇੱਕ ਸੁਖਮੀਤ ਸਿੰਘ ਸਮਾਘ ਤਾਂ ਉਸੇ ਦੇ ਹੀ ਜ਼ਿਲ੍ਹੇ ਮਾਨਸਾ ਦਾ ਰਹਿਣ ਵਾਲਾ ਸੀ। ਦੋ ਹੋਰ ਸਾਥੀ ਓਮ ਪ੍ਰਕਾਸ਼ ਤੇ ਦੱਤੂ ਬਬਨ ਸਨ। ਚਹੁੰਆਂ ਦੀ ਟੀਮ ਨੇ 6.15.18 ਦਾ ਸਮਾਂ ਕੱਢ ਕੇ ਏਸ਼ਿਆਈ ਖੇਡਾਂ ਵਿੱਚ ਸੁਨਹਿਰੀ ਇਤਿਹਾਸ ਸਿਰਜਿਆ।

ਜਕਾਰਤਾ ਵਿਖੇ ਸੋਨੇ ਦਾ ਤਮਗਾ ਜਿੱਤਣ ਲਈ ਸਵਰਨ ਦੀਆਂ ਹਥੇਲੀਆਂ ਦਾ ਮਾਸ ਵੀ ਇੰਨਾ ਭੁਰ ਗਿਆ ਸੀ ਕਿ ਉਸ ਦੇ ਛਾਲੇ ਪਏ ਹੱਥਾਂ ਵਿੱਚ ਸੋਨੇ ਦਾ ਤਮਗਾ ਫੜੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਪਰ ਬਹੁਤ ਵਾਇਰਲ ਹੋਈਆਂ। ਸਵਰਨ ਦੇ ਹੱਥ ਉਸ ਦੀ ਕਰੜੀ ਮਿਹਨਤ ਦੀ ਸਾਰੀ ਕਹਾਣੀ ਆਪੇ ਬਿਆਨ ਕਰ ਰਹੇ ਸਨ। ਰੋਇੰਗ ਖਿਡਾਰੀਆਂ ਦੇ ਸਨਮਾਨ ਵਿੱਚ ਮਾਨਸਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਨਸਾ ਕੈਂਚੀਆਂ ਚੌਕ ਦਾ ਨਾਮ ਇਨ੍ਹਾਂ ਖਿਡਾਰੀਆਂ ਦੇ ਨਾਮ ਉਤੇ ਰੱਖਿਆ ਗਿਆ, ਜਿੱਥੇ ਇਨ੍ਹਾਂ ਦੀਆਂ ਤਸਵੀਰਾਂ ਵੀ ਲਗਾਈਆਂ ਗਈਆਂ।

ਸਾਲ 2018 ਦੇ ਅਖੀਰ ਵਿੱਚ ਹੈਦਰਾਬਾਦ ਵਿਖੇ ਹੋਈ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸਵਰਨ ਨੇ ਮਿਕਸਡ ਡਬਲਜ਼ ਵਿੱਚ ਨਵਨੀਤ ਕੌਰ ਨਾਲ ਮਿਲ ਕੇ ਸੋਨੇ ਦਾ ਤਮਗਾ ਜਿੱਤਿਆ। ਸਾਲ 2019 ਵਿੱਚ ਦੱਖਣੀ ਕੋਰੀਆ ਵਿਖੇ ਹੋਈ 19ਵੀਂ ਏਸ਼ੀਅਨ ਰੋਇੰਗ ਚੈਂਪੀਅਨਸ਼ਿਪ ਵਿੱਚ ਸਵਰਨ ਨੇ ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ ਜਿੱਤ ਕੇ ਇਸ ਖੇਡ ਵਿੱਚ ਆਪਣੀਆਂ ਹੀ ਪ੍ਰਾਪਤੀ ਦੀ ਸੂਚੀ ਵਿੱਚ ਹੋਰ ਵਾਧਾ ਕਰ ਦਿੱਤਾ। ਪੁਰਸ਼ ਓਪਨ ਕੁਆਰਡਰਪਲ ਸਕੱਲਜ਼ ਵਿੱਚ ਉਸ ਨੇ ਚਾਂਦੀ ਅਤੇ ਪੁਰਸ਼ ਓਪਨ ਡਬਲਜ਼ ਸਕੱਲਜ਼ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਇਨ੍ਹਾਂ ਦੋਵਾਂ ਈਵੈਂਟਾਂ ਵਿੱਚ ਹੀ ਮਾਨਸਾ ਜ਼ਿਲ੍ਹੇ ਦੇ ਹੀ ਸੁਖਮੀਤ ਸਿੰਘ ਸਮਾਘ ਨੇ ਵੀ ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤੇ। ਰੋਇੰਗ ਖੇਡ ਵਿੱਚ ਪੰਜਾਬੀਆਂ ਦੀ ਸਰਦਾਰੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 21 ਮੈਂਬਰੀ ਭਾਰਤੀ ਟੀਮ ਵਿੱਚੋਂ 11 ਖਿਡਾਰੀ ਪੰਜਾਬ ਦੇ ਸਨ। ਏਸ਼ੀਅਨ ਚੈਂਪੀਅਨਸ਼ਿਪ ਵਿੱਚ ਭਾਰਤੀ ਟੀਮ ਨੇ ਕੁੱਲ ਛੇ ਤਮਗੇ ਜਿੱਤੇ, ਜਿਨ੍ਹਾਂ ਵਿੱਚ ਇੱਕ ਸੋਨੇ, ਦੋ ਚਾਂਦੀ ਤੇ ਤਿੰਨ ਕਾਂਸੀ ਦੇ ਤਮਗੇ ਸ਼ਾਮਲ ਸਨ, ਜਿਨ੍ਹਾਂ ਵਿੱਚ ਪੰਜ ਤਮਗੇ ਜਿੱਤਣ ਵਿੱਚ ਪੰਜਾਬ ਦੇ ਖਿਡਾਰੀਆਂ ਦਾ ਯੋਗਦਾਨ ਸੀ। ਸਾਲ 2024 ਵਿੱਚ ਸਵਰਨ ਨੂੰ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ।

ਸਵਰਨ ਨੂੰ ਫੌਜ ਵਿੱਚ 2016 ਵਿੱਚ ਤਰੱਕੀ ਦੇ ਕੇ ਸੂਬੇਦਾਰ ਬਣਾਇਆ ਗਿਆ। ਸਵਰਨ ਦੀ ਪਤਨੀ ਰਵਿੰਦਰ ਕੌਰ ਬੀ.ਟੈਕ ਪਾਸ ਹੈ ਅਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਡੇਲੂਆਣਾ ਦੀ ਰਹਿਣ ਵਾਲੀ ਹੈ। ਬਟਾਲਾ ਨੇੜਲੇ ਪਿੰਡ ਕੋਟਲਾ ਸ਼ਾਹੀਆਂ ਦੀਆਂ ਕਮਲਜੀਤ ਖੇਡਾਂ ਵਿਖੇ ਸਵਰਨ ਨੂੰ 'ਮੇਜਰ ਵਜਿੰਦਰ ਸਿੰਘ ਸ਼ਾਹੀ ਪੰਜਾਬ ਦਾ ਗੌਰਵ ਐਵਾਰਡ' ਨਾਲ ਵੀ ਸਨਮਾਨਤ ਕੀਤਾ ਗਿਆ।

## ਸਰਦਾਰੀਆਂ ਬਖਸ਼ਣ ਵਾਲੇ ਸਰਬ ਕਲਾ ਸਮਰੱਥ ਪਾਤਸ਼ਾਹ

# ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ

## ਅਤੇ ਨਵੇਂ ਸਾਲ 2025 ਦੀ 'ਪੰਜਾਬੀ ਪਰਵਾਜ਼' ਦੇ ਪਾਠਕਾਂ ਅਤੇ ਸਮੂਹ ਭਾਈਚਾਰੇ ਨੂੰ

# ਬਹੁਤ ਬਹੁਤ ਵਧਾਈ

## ਜੀ ਆਇਆਂ ਨੂੰ 2025

## ਸ਼ਾਲਾ! ਨਵਾਂ ਵਰ੍ਹਾਂ ਸਾਰਿਆਂ ਨੂੰ ਖੁਸ਼ੀਆਂ, ਤੰਦਰੁਸਤੀ ਤੇ ਚੜ੍ਹਦੀ ਕਲਾ ਨਾਲ ਨਿਵਾਜੇ

HAPPY NEW YEAR





ਵੱਲੋਂ:

## ਅਮਰਜੀਤ ਸਿੰਘ ਢੀਂਡਸਾ ਅਤੇ ਲਖਬੀਰ ਸਿੰਘ ਢੀਂਡਸਾ
## ਸਮੂਹ ਢੀਂਡਸਾ ਪਰਿਵਾਰ (ਵਿਸਕਾਨਸਿਨ)

*ਪੰਜਾਬੀ ਸਾਹਿਤ ਵਿਚ 'ਵਿਗੜੀ ਹੋਈ ਕੁੜੀ' ਵਰਗੇ ਦਲੇਰਾਨਾ ਨਾਵਲ ਲਿਖਣ ਦਾ ਰਿਵਾਜ ਅਜੇ ਨਹੀਂ ਪਿਆ। ਇਹੋ ਜਿਹੇ ਨਾਵਲ ਅੰਗਰੇਜ਼ੀ ਵਿਚ ਹੀ ਲਿਖੇ-ਛਾਪੇ ਜਾਂਦੇ ਹਨ। 2021 ਵਿਚ ਛਪ ਕੇ ਪਾਠਕਾਂ ਦੇ ਹੱਥੀਂ ਪਹੁੰਚੇ ਇਸ ਨਾਵਲ ਦੀ ਕਲਮੀ ਚੀਰਪਾੜ ਕਰਨ ਦੀ ਹਿੰਮਤ ਕਿਸੇ ਵੀ ਸਮੀਖਿਅਕ ਨੇ ਨਹੀਂ ਕੀਤੀ। ਪੰਜਾਬੀ ਦੇ ਕਈ ਆਲੋਚਕਾਂ ਨੇ ਇਹ ਨਾਵਲ ਪੜ੍ਹਿਆ ਜ਼ਰੂਰ ਹੋਵੇਗਾ, ਪਰ ਇਸ ਬਾਰੇ ਚਾਰ ਸਤਰਾਂ ਨਹੀਂ ਲਿਖੀਆਂ। ਉਂਜ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸੰਧੂ ਨੇ ਇਸ ਦਾ ਖ਼ਰੜਾ ਪੜ੍ਹ ਕੇ ਇਸ ਦੇ ਲੇਖਕ ਬਖ਼ਸ਼ਿੰਦਰ ਨੂੰ ਲਿਖੀ ਚਿੱਠੀ ਵਿੱਚ, ਜੋ ਇਸ ਨਾਵਲ ਦੇ ਸ਼ੁਰੂ ਵਿਚ ਛਾਪੀ ਵੀ ਹੋਈ ਹੈ, ਇਸ ਨਾਵਲ ਬਾਰੇ ਇਉਂ ਨਿਚੋੜ ਕੱਢਿਆ ਹੋਇਆ ਹੈ, "...ਦੋਗਲੇ ਕਿਰਦਾਰਾਂ ਦੀ ਦੁਖੰਡਤਾ ਦੀ ਕਲਾਤਮਕ ਪੇਸ਼ਕਾਰੀ ਵੀ ਇਸ ਲਿਖਤ ਦਾ ਹਾਸਲ ਹੈ। ਤੁਸੀਂ ਸਮਾਜ ਵਿਚ ਨਫ਼ਰਤ ਦੀ ਪਾਤਰ ਸਮਝੀ ਜਾਣ ਵਾਲ਼ੀ ਪਾਤਰ ਨੂੰ ਅਜਿਹੀ ਨਜ਼ਰ ਨਾਲ਼ ਪੇਸ਼ ਕੀਤਾ ਹੈ ਕਿ ਉਹ ਅੰਤ ਵਿਚ ਪਾਠਕ ਦੀ ਹਮਦਰਦੀ ਦੀ ਪਾਤਰ ਬਣ ਜਾਂਦੀ ਹੈ।" ਬਖ਼ਸ਼ਿੰਦਰ ਦੇ ਸ਼ਬਦਾਂ ਵਿੱਚ "ਅਣਦੱਸੀਆਂ ਕਹਾਣੀਆਂ ਵਿਚ ਹਾਲੇ ਵੀ ਬੜਾ ਕੁੱਝ ਦੱਸਣੋਂ ਰਹਿ ਗਿਆ ਹੈ। ਮੈਂ ਉਹ ਅਣਛੋਹੇ ਨੁਕਤੇ ਹੀ, ਆਪਣੇ ਨਾਵਲ ਵਿਚ ਉਭਾਰਨ ਦਾ ਹੀਲਾ ਕੀਤਾ ਹੈ। ਕਹਾਣੀ ਦਾ ਵਿਸ਼ਲੇਸ਼ਣ ਕਰ ਕੇ, ਉਸ ਦੇ ਪਿਛੋਕੜ ਵਿਚ ਜਿਹੜੀ 'ਸਾਈਕੀ' ਯਾਨੀ ਮਨੋਦਸ਼ਾ ਹੈ, ਉਹ ਫੜਨ ਅਤੇ ਉਸ ਦੀਆਂ ਗੁੱਝੀਆਂ ਪਰਤਾਂ ਛੂਹਣ ਦਾ ਹੀਲਾ ਹੀ ਕੀਤਾ ਹੈ।"*


*ਨਵੇਂ ਸਾਲ ਦੇ ਪਹਿਲੇ ਅੰਕ ਤੋਂ ਇਹ ਨਾਵਲ 'ਪੰਜਾਬੀ ਪਰਵਾਜ਼' ਦੇ ਪਾਠਕਾਂ ਦੀ ਅਦਾਲਤ ਵਿਚ ਪੇਸ਼ ਕਰ ਰਹੇ ਹਾਂ। ਇਸ ਨਾਵਲ ਵਿਚ ਬਹੁਤ ਕੁੱਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ। ਝੂਠ ਜਿਹੇ ਇਸ ਸੱਚੇ ਬਿਰਤਾਂਤ ਨਾਲ਼ ਜੁੜੇ ਹੋਏ ਸੱਚੇ ਕਿਰਦਾਰਾਂ ਨੂੰ, ਕਿਸੇ 'ਕਥਿਤ ਬਦਨਾਮੀ' ਤੋਂ ਬਚਾਉਣ ਖ਼ਾਤਰ, ਉਨ੍ਹਾਂ ਦੇ ਪਰਿਵਾਰ ਦੀਆਂ ਨਿਸ਼ਾਨਦੇਈਆਂ ਮਿਟਾਈਆਂ ਤਾਂ ਨਹੀਂ ਗਈਆਂ, ਪਰ ਉਨ੍ਹਾਂ ਦੀ ਪਛਾਣ ਦੇ ਨਕਸ਼ ਧੁੰਦਲੇ ਜ਼ਰੂਰ ਕੀਤੇ ਗਏ ਹਨ। ਇਹ ਨਾਵਲ ਕਈਆਂ ਨੂੰ ਪਸੰਦ ਆਵੇਗਾ, ਤੇ ਸ਼ਾਇਦ ਕਈ ਨਘੋਚੀ ਸੁਰਾਂ ਅਲਾਪ ਲੈਣ। ਖੈਰ! ਪਾਠਕਾਂ ਦੇ ਪ੍ਰਤੀਕਰਮ ਦੀ ਉਡੀਕ ਰਹੇਗੀ। -ਪ੍ਰਬੰਧਕੀ ਸੰਪਾਦਕ*

# 'ਵਿਗੜੀ ਹੋਈ ਕੁੜੀ'

## (ਝੂਠ ਜਿਹਾ ਸੱਚ)

### ਕਿਸ਼ਤ (1)

**ਬਖ਼ਸ਼ਿੰਦਰ**
**ਵੱਟਸਐਪ:+1-778-793-8979**



ਮੁੰਬਈ ਪਹੁੰਚਦਿਆਂ ਹੀ 'ਦਾਨਿਸ਼ ਆਨੰਦਪੁਰੀ' ਦੇ ਨਾਂ ਨਾਲੋਂ, 'ਆਨੰਦਪੁਰੀ' ਏਦਾਂ ਲਹਿ ਗਿਆ ਸੀ, ਜਿੱਦਾਂ ਉਹ ਤਿੰਨ ਦਿਨ ਅਤੇ ਦੋ ਰਾਤਾਂ ਰੇਲ ਗੱਡੀ ਵਿਚ ਬਿਤਾਉਣ ਦੌਰਾਨ ਹੀ ਕਿਤੇ ਡਿੱਗ ਪਿਆ ਹੋਵੇ ਜਾਂ ਕਿਸੇ ਨੇ ਚੋਰੀ ਕਰ ਲਿਆ ਹੋਵੇ। 'ਦਾਨਿਸ਼' ਨਾਲ਼ੋਂ 'ਆਨੰਦਪੁਰੀ' ਕਿਰ ਗਿਆ, ਪਰ ਮੁੰਬਈ ਵਿਚ ਬਿਤਾਏ ਕੁੱਝ ਸਾਲਾਂ ਵਿਚ ਹੀ ਉਹ 'ਦਾਨਿਸ਼ ਮੀਆਂ', 'ਦਾਨਿਸ਼ ਸਾਹਿਬ', 'ਜਨਾਬ ਦਾਨਿਸ਼' ਵਰਗੇ ਕਈ ਹੋਰ ਸਨਮਾਨ ਭਰੇ ਖ਼ਿਤਾਬ ਹਾਸਲ ਕਰ ਗਿਆ ਸੀ, ਜਿਸ ਕਰ ਕੇ ਉਹ ਆਪਣੇ ਨਾਂ ਨਾਲ਼ 'ਆਨੰਦਪੁਰੀ' ਜੋੜਨ ਦੀ ਵਿਆਖਿਆ ਕਰਨ ਦੀ ਜ਼ਹਿਮਤ ਤੋਂ ਵੀ ਬਚ ਗਿਆ ਸੀ। 'ਆਨੰਦਪੁਰੀ' ਤੋਂ 'ਦਾਨਿਸ਼' ਦਾ ਖਹਿੜਾ ਛੁੱਟੇ ਨੂੰ ਕਈ ਸਾਲ ਹੋ ਗਏ ਸਨ ਤੇ ਮੁੰਬਈ ਨੇ ਉਸ ਨੂੰ ਆਪਣੇ ਰੰਗ ਵਿਚ ਇੰਨਾ ਕੁ ਰੰਗ ਲਿਆ ਸੀ ਕਿ ਹੁਣ ਉਸ ਦੇ ਮਨ ਵਿਚ, ਆਪਣੇ ਨਾਨਕਿਆਂ ਦੇ ਸ਼ਹਿਰ ਰੋਪੜ ਅਤੇ ਉਸ ਤੋਂ ਅੱਗੇ, ਆਪਣੇ ਜੱਦੀ ਸ਼ਹਿਰ ਆਨੰਦਪੁਰ ਵਿਚ ਬਿਤਾਏ ਹੋਏ ਸਾਲਾਂ ਦੀਆਂ ਯਾਦਾਂ ਵੀ ਧੁੰਦਲੀਆਂ ਜਿਹੀਆਂ ਹੋ ਗਈਆਂ ਸਨ। ਇਸ ਦੀ ਵਜ੍ਹਾ ਸ਼ਾਇਦ ਇਹੋ ਸੀ ਕਿ ਹਿੰਦੀ ਫ਼ਿਲਮ ਜਗਤ ਨੇ ਦਾਨਿਸ਼ ਨੂੰ ਇਕ ਸਕਰੀਨ ਲੇਖਕ ਵਜੋਂ ਕਾਫ਼ੀ ਮਾਨਤਾ ਦੇ-ਦੁਆ ਦਿੱਤੀ ਸੀ।

'ਦਾਨਿਸ਼ ਆਨੰਦਪੁਰੀ' ਤੋਂ 'ਦਾਨਿਸ਼ ਮੀਆਂ', 'ਦਾਨਿਸ਼ ਸਾਹਿਬ', 'ਜਨਾਬ ਦਾਨਿਸ਼' ਸਦਾਉਣ ਦਾ ਸੁਆਦ ਜਿਹਾ ਅਜੇ ਆਉਣ ਹੀ ਲੱਗਿਆ ਸੀ ਕਿ ਜਹਾਨ ਭਰ ਵਿਚ 'ਕਰੋਨਾ ਵਾਇਰਸ' ਯਾਨੀ 'ਕੋਵਿਡ-19' ਫੈਲ ਗਿਆ। ਇਨਸਾਨ ਵੱਲੋਂ ਇਨਸਾਨ ਤੋਂ ਮੂੰਹ ਲੁਕਾਉਣਾ ਤੇ ਪਰ੍ਹਾਂ-ਪਰ੍ਹਾਂ ਹੋ ਕੇ ਲੰਘਣ ਦਾ ਇਹ ਰੁਝਾਨ ਪਹਿਲਾਂ-ਪਹਿਲਾਂ ਤਾਂ ਮੁੰਬਈ ਵਾਲ਼ਿਆਂ ਨੂੰ ਬੜਾ ਹੀ ਰਾਸ ਆਇਆ, ਪਰ ਜਦੋਂ ਝੂਠੀ-ਮੂਠੀ ਖ਼ੁਸ਼ ਦਿਸਦਿਆਂ ਥੱਕਣ ਲੱਗੇ ਚਿਹਰਿਆਂ ਤੋਂ ਹੇਠਲੇ ਅਤੇ ਲੱਕ ਤੋਂ ਉੱਪਰਲੇ ਜਿਸਮਾਨੀ ਹਿੱਸਿਆਂ ਨੇ ਖ਼ਾਣੇ-ਦਾਣੇ ਦਾ ਆਪਣਾ ਹਿੱਸਾ ਮੰਗਣਾ ਸ਼ੁਰੂ ਕਰ ਦਿੱਤਾ ਤਾਂ ਲੋਕਾਂ ਨੂੰ ਲੱਗਿਆ ਕਿ ਬੰਬਈ ਤੋਂ ਮੁੰਬਈ ਬਣ ਗਈ ਇਹ 'ਰੰਗਨਗਰੀ' ਵੀ ਬੇਰੰਗ ਜਿਹੀ ਹੋਣ ਲੱਗ ਪਈ ਹੈ। ਇਸ ਦੀ ਮੁੱਖ ਵਜ੍ਹਾ ਸਿਨੇਮਾ-ਘਰ ਬੰਦ ਹੋਣੇ ਤੇ ਫ਼ਿਲਮਾਂ ਬਣਨਾ ਰੁਕ ਜਾਣਾ ਸੀ। ਦਾਨਿਸ਼ ਨੂੰ 'ਦਾਨਿਸ਼ਵਰਾਂ' ਦੀ ਕਹੀ ਹੋਈ ਇਹ ਗੱਲ ਕਿ 'ਸਿਨੇਸਾਜ਼ੀ' ਬਹੁਤ ਹੀ 'ਅਸੁਰੱਖ਼ਿਅਤ ਜਿਹੀ' ਲਾਈਨ ਹੈ, ਚੇਤੇ ਆਉਣ ਲੱਗੀ। ਉਸ ਨੂੰ ਇਹ ਵੀ ਚੇਤਾ ਆਉਣ ਲੱਗਿਆ ਕਿ ਫ਼ਿਲਮ ਸਟਾਰ, ਫ਼ਿਲਮਾਂ ਵਿਚੋਂ ਕਮਾਇਆ ਹੋਇਆ ਪੈਸਾ ਖ਼ਰਚ ਕੇ, 'ਫਾਰਮ ਹਾਊਸ' ਜਾਂ 'ਜ਼ਮੀਨਾਂ-ਜਾਇਦਾਦਾਂ' ਅਤੇ ਕੁੱਝ ਹੋਰ ਲਾਹੇਵੰਦ ਵਪਾਰ-ਕਾਰੋਬਾਰ ਕਿਉਂ ਜਮਾਉਂਦੇ ਹਨ! ਉਸ ਨੂੰ ਇਹ ਗੱਲ, ਵਾਰ-ਵਾਰ ਹਲੂਣ ਰਹੀ ਸੀ ਕਿ ਹੋਰ ਜੋ ਮਰਜ਼ੀ ਹੋ ਜਾਵੇ, ਢਿੱਡ ਰਿਟਾਇਰ ਹੋਣ ਮਗਰੋਂ ਵੀ ਰਿਟਾਇਰ ਨਹੀਂ ਹੁੰਦਾ।

'ਲੌਕਡਾਊਨ' ਦੇ 'ਚੰਗਾ ਲੱਗਣ' ਦੇ ਦਿਨ ਵੀ ਲੱਦ ਗਏ। ਦਾਨਿਸ਼ ਨੂੰ ਲੱਗਿਆ ਕਿ ਉਹ ਅਰਾਮ ਕਰ-ਕਰ ਕੇ ਤੇ ਸੌਂ-ਸੌਂ ਕੇ ਵੀ 'ਥੱਕ' ਗਿਆ ਹੈ। ਥੋੜ੍ਹੇ-ਥੋੜ੍ਹੇ ਕਰ ਕੇ, ਜੋੜੇ ਹੋਏ ਪੈਸੇ ਵੀ 'ਵਿਹਲੇ ਬਹਿ ਕੇ ਖਾਂਦਿਆਂ, ਖੂਹ ਦੇ ਖਾਲੀ ਹੋਣ' ਵਾਂਗ ਮੁੱਕਦੇ ਹੀ ਜਾ ਰਹੇ ਸਨ। ਪਹਿਲੀ ਵਾਰੀ ਦਾਨਿਸ਼ ਨੂੰ ਲੱਗਿਆ ਕਿ ਵਧੀਆ ਤੇ ਫੁਰਤੀਲੇ ਸਕਰੀਨ ਲੇਖਕ ਵਜੋਂ ਮਸ਼ਹੂਰ ਹੋ ਕੇ ਵੀ ਉਸ ਨੇ ਕੁੱਝ ਨਹੀਂ ਖੱਟਿਆ। ਉਹ ਬਹੁਤ ਹੀ 'ਕੱਖੋਂ ਹੌਲ਼ਾ ਜਿਹਾ ਹੋਇਆ' ਮਹਿਸੂਸ ਕਰਨ ਲੱਗਿਆ। 'ਲੌਕਡਾਊਨ' ਵਿਚ ਉਹ ਸ਼ਰਾਬ ਪੀਣ ਖ਼ਾਤਰ ਸ਼ਾਮ ਹੋਣ ਦੀ ਉਡੀਕ ਕਰਨੋਂ ਵੀ ਹਟ ਗਿਆ ਸੀ। ਅੱਜ ਉਸ ਨੇ ਅਜੇ 'ਚਿਰਾਗ਼ਾਂ ਵਿਚ ਤੇਲ ਨਹੀਂ ਪਾਇਆ' ਸੀ, ਕਿਉਂਕਿ 'ਚਿਰਾਗ਼ਾਂ ਦੀ ਰੌਸ਼ਨੀ ਚੰਗੀ ਲੱਗਣ' ਲਈ ਹਨੇਰੇ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਉਹ ਆਪਣੇ ਫਲੈਟ ਵਿਚ, ਕਈ ਦਿਨਾਂ ਤੋਂ ਖੜਕਣੋਂ ਬਗ਼ੈਰ ਹੀ ਪਏ, ਉਸ ਫੋਨ ਵੱਲ ਝਾਕੀ ਜਾ ਰਿਹਾ ਸੀ, ਜਿਸ ਦੀ ਘੰਟੀ ਖੜਕਣ ਵੇਲ਼ੇ ਵੀ ਉਹ, ਉਸ ਵੱਲ਼ ਘੱਟ ਹੀ ਦੇਖਦਾ ਹੁੰਦਾ ਸੀ ਤੇ ਰਿਸੀਵਰ ਚੁੱਕਣ ਮਗਰੋਂ ਵੀ ਉਸ ਦਾ ਸਾਰਾ ਧਿਆਨ ਅਗਲੇ ਪਾਸਿਓਂ ਆਉਣ ਵਾਲ਼ੀ ਆਵਾਜ਼ ਵੱਲ ਲੱਗਿਆ ਰਹਿੰਦਾ। 'ਲੌਕਡਾਊਨ' ਦੌਰਾਨ ਹੀ ਉਸ ਨੂੰ ਇਹ ਵੀ ਮਹਿਸੂਸ ਹੋਇਆ ਕਿ ਉਹ ਲੋਕ ਸਹੀ ਹਨ, ਜਿਨ੍ਹਾਂ ਨੇ ਲੈਂਡਲਾਈਨ ਫੋਨ ਕਟਾ ਦਿੱਤੇ ਹਨ ਤੇ ਜੋ ਮੋਬਾਈਲ ਫੋਨਾਂ ਨੂੰ ਹੀ ਤਰਜੀਹ ਦੇਣ ਲੱਗ ਪਏ ਸਨ। ਮੋਬਾਈਲ ਫੋਨ, ਦਾਨਿਸ਼ ਕੋਲ਼ ਵੀ ਸੀ, ਜਿਸ ਦੇ ਸਬੰਧ ਵਿਚ ਉਸ ਨੇ ਇਕ ਅਸੂਲ ਬਣਾਇਆ ਹੋਇਆ ਸੀ। ਉਹ ਅਸੂਲ ਸੀ: 'ਇਕ ਬੰਦਾ-ਇਕ ਫੋਨ।' ਉਸ ਨੇ ਆਪਣੇ ਸਾਰੇ ਜਾਣਕਾਰਾਂ ਨੂੰ ਦੱਸਿਆ ਹੋਇਆ ਸੀ ਕਿ ਦਿਨੇ, ਘਰੋਂ ਬਾਹਰ ਜਾਂ ਕੰਮ-ਕਾਰ ਕਰਦਿਆਂ, ਉਸ ਨਾਲ਼ ਮੋਬਾਈਲ ਜਾਂ ਸੈੱਲ ਫੋਨ 'ਤੇ ਰਾਬਤਾ ਕੀਤਾ ਜਾ ਸਕਦਾ ਹੈ, ਪਰ ਜੇ ਉਸ ਦਾ ਸੈੱਲ ਫੋਨ 'ਸਵਿੱਚਡ ਔਫ' ਮਿਲ ਰਿਹਾ ਤਾਂ ਇਸ ਦਾ ਸਿੱਧਾ ਹੀ ਇਹ ਮਤਲਬ ਹੈ ਕਿ 'ਜਨਾਬ ਦਾਨਿਸ਼' ਆਪਣੀ 'ਖ਼ੁਆਬਗ਼ਾਹ' ਵਿਚ ਮੌਜੂਦ ਹਨ ਤੇ ਹੁਣ ਉਨ੍ਹਾਂ ਨਾਲ਼ ਰਾਬਤਾ ਲੈਂਡਲਾਈਨ ਫੋਨ ਰਾਹੀਂ ਹੀ ਕੀਤਾ ਜਾ ਸਕਦਾ ਹੈ।

ਪਰ ਹੁਣ ਤਾਂ ਕਈ ਦਿਨਾਂ ਤੋਂ ਨਾ ਸੈੱਲ ਫੋਨ ਖੜਕਿਆ ਸੀ, ਨਾ ਲੈਂਡਲਾਈਨ! ਉਹ ਇਸੇ ਹੀ ਉਧੇੜ-ਬੁਣ ਵਿਚ, ਬੈੱਡ ਦੇ ਨਾਲ਼ ਪਏ ਮੇਜ਼ ਉੱਤੇ ਰੱਖੇ ਹੋਏ, ਉਨ੍ਹਾਂ ਦੋਹਾਂ ਫੋਨਾਂ ਵੱਲ ਦੇਖ ਰਿਹਾ ਸੀ ਕਿ ਲੈਂਡਲਾਈਨ ਫੋਨ ਦੀ ਘੰਟੀ ਵੱਜੀ।

"ਹੈਲੋ!" ਰਿਸੀਵਰ ਚੁੱਕ ਕੇ ਦਾਨਿਸ਼ ਨੇ ਮਾਊਥ ਪੀਸ ਵਿਚ ਕਿਹਾ ਤਾਂ ਉਸ ਨੂੰ ਲੱਗਿਆ ਕਿ ਇੰਨੇ ਦਿਨਾਂ ਮਗਰੋਂ ਇਸ ਸ਼ਬਦ ਦਾ ਸਹੀ ਉਚਾਰਨ ਕਰਨਾ, ਕਿਤੇ ਉਸ ਨੂੰ ਭੁੱਲ ਤਾਂ ਨਹੀਂ ਗਿਆ।

"ਦਾਨਿਸ਼ ਭਾਈ?"

"ਜੀ, ਬੋਲ ਰਹਾ ਹੂੰ!

"ਮੈਂ, ਮੈਮ ਲਤਾ ਕਪੂਰ ਜੀ ਕੇ ਆਫਿਸ ਸੇ ਲਲਿਤ ਖੰਨਾ ਬੋਲ ਰਹਾ ਹੂੰ। ਦਾਨਿਸ਼ ਭਾਈ, ਆਪ ਕੈਸੇ ਹੈਂ ਔਰ ਇਸ ਵਕਤ ਕਿਆ ਕਰ ਰਹੇ ਹੈਂ?"

"ਕਰੋਨਾ ਕੀ ਮਿਹਰਬਾਨੀ ਸੇ, ਲੌਕਡਾਊਨ ਸੇ 'ਡੇਟਿੰਗ' ਕਰ ਕੇ, ਬੋਰ ਹੋ ਰਹਾ ਹੂੰ ਖੰਨਾ ਸਾਹਿਬ!"

"ਸੋ ਫ਼ੁਰਸਤ ਹੈ ਨਾ, ਦੋ ਮਿਨੱਟ ਬਾਤ ਕਰਨੇ ਕੀ?"

"ਅਜੀ ਫ਼ੁਰਸਤ ਹੀ ਫੁਰਸਤ ਹੈ, ਇਸ ਕੇ ਸਿਵਾ ਔਰ ਹੈ ਹੀ ਕਿਆ ਇੰਨ ਦਿਨੋਂ। ਆਪ ਫ਼ਰਮਾਈਏ ਇਤਮੀਨਾਨ ਸੇ। ਪਲੀਜ਼ ਟੇਕ ਯੂਅਰ ਟਾਈਮ, ਇਟਸ ਔਲ ਯੂਅਰਜ਼।"

"ਦਾਨਿਸ਼ ਭਾਈ, ਏਕ ਪਰਪੋਜ਼ਲ ਹੈ, ਆਪ ਕੇ ਲੀਏ। ਆਪ ਕੋ ਤੋ ਪਤਾ ਹੀ ਹੈ ਕਿ ਫ਼ਿਲਮ ਇੰਡਸਟਰੀ ਇਜ਼ ਟੇਕਿੰਗ ਏ ਟਰਨ ਦੀਜ਼ ਡੇਅਜ਼ ਐਂਡ ਐਵਰੀਬਾਡੀ ਇਨ ਦਿਸ ਇੰਡਸਟਰੀ ਇਜ਼ ਫਾਈਂਡਿੰਗ ਮੋਰ ਐਂਡ ਮੋਰ ਆਲਟਰਨੇਟਿਵ ਗ੍ਰੀਨ ਪੈਸਚਰਜ਼। ਲਤਾ ਮੈਮ ਨੇ ਆਪ ਸੇ ਖ਼ੁਦ ਬਾਤ ਕਰਨੀ ਥੀ। ਉਨਹੋਂ ਨੇ ਕਹਾ ਕਿ ਪਹਿਲੇ ਆਪ ਸੇ ਦਰਿਆਫ਼ਤ ਕਰ ਲੀਆ ਜਾਏ ਕਿ ਆਪ ਕੇ ਪਾਸ ਟਾਈਮ ਭੀ ਹੈ ਯਾ ਨਹੀਂ।"

"ਅਰੇ ਭਾਈ ਖੰਨਾ ਸਾਹਿਬ, ਮੈਮ ਕੋ ਮੇਰੀ ਤਰਫ਼ ਸੇ ਕਹਿਨਾ ਕਿ ਆਪ ਕੇ ਲੀਏ ਤੋ ਹਮ ਖ਼ੁਦਾ ਕੀ ਅਸਾਈਨਮੈਂਟ ਭੀ ਠੁਕਰਾ ਦੇਂਗੇ। ਬੱਸ ਹੁਕਮ ਕੀਜੀਏ ਆਪ।"

"ਐਸਾ ਹੈ ਦਾਨਿਸ਼ ਭਾਈ, ਫ਼ਿਲਹਾਲ ਮੈਂ ਆਪ ਕੇ ਵਟਸਐਪ ਅਕਾਊਂਟ ਪਰ ਏਕ ਵੀਡੀਓ ਕਾ ਲਿੰਕ ਭੇਜ ਰਹਾ ਹੂੰ। ਯੇਹ ਏਕ ਟੀਵੀ ਇੰਟਰਵਿਊ ਹੈ। ਇੰਟਰਵਿਊ ਦੇਨੇ ਵਾਲ਼ੀ ਕੀ ਲਾਈਫ਼, ਪਰ ਏਕ 'ਵੈੱਬ ਸੀਰੀਜ਼' ਪ੍ਰੋਡਿਊਸ ਕਰਨੀ ਹੈ, ਜੋ ਮੈਮ ਲਤਾ ਜੀ ਖ਼ੁਦ ਪ੍ਰੋਡਿਊਸ ਔਰ ਡਾਇਰੈਕਟ ਕਰੇਂਗੀ।"

"ਮੇਰਾ ਇਸੇ ਦੇਖਨੇ ਪਰ ਟਾਈਮ ਲਗੇਗਾ ਖੰਨਾ ਸਾਹਿਬ, ਐਂਡ ਯੂ ਨੋ ਟਾਈਮ ਇਜ਼ ਮਨੀ, ਐਟਲੀਸਟ ਫਾਰ ਮੀ...।" ਇਹ ਕਹਿ ਕੇ ਦਾਨਿਸ਼ ਨੇ ਬੋਲਣ ਦਾ ਕੰਮ, ਫ਼ਿਲਮ ਅਤੇ ਟੈਲੀਸੀਰੀਅਲ ਪ੍ਰੋਡਿਊਸਰ ਲਤਾ ਕਪੂਰ ਦੇ ਅਸਿਸਟੈਂਟ ਲਲਿਤ ਖੰਨਾ ਲਈ ਛੱਡ ਦਿੱਤਾ।

"ਆਈ ਡੂ ਅੰਡਰਸਟੈਂਡ ਸਰਿ-ਆਜ਼ਮ! ਆਪ ਕੱਲ ਸ਼ਾਮ ਸੇ ਪਹਿਲੇ-ਪਹਿਲੇ ਮੇਰੇ, ਰਾਦਰ ਮੈਮ ਕੇ ਫੋਨ ਕਾ ਇੰਤਜ਼ਾਰ ਕਰਨਾ, ਐਂਡ ਡੇ ਆਫਟਰ ਟੂਮੌਰੋ, ਯੂਅਰ ਸਾਈਨਿੰਗ ਅਮਾਊਂਟ ਵਿਲ ਬੀ ਔਨ ਯੂਅਰ ਟੇਬਲ।"

"ਯੂ ਨੋ ਵਾਟ? ਮੇਰੀ ਕਲਮ ਕੋ ਚਲਨੇ ਸੇ ਪਹਿਲੇ, ਸਿਆਹੀ ਕੀ ਜ਼ਰੂਰਤ ਹੋਤੀ ਹੈ। ਐਂਡ ਆਈ ਨੀਡ ਮੋਟੀਵੇਸ਼ਨ ਟੂ! ਮਨੀ ਇਜ਼ ਦ ਬੈਸਟ ਸੋਰਸ ਆਫ ਮੋਟੀਵੇਸ਼ਨ ਫੌਰ ਮੀ, ਯੂ ਨੋ ਦਿੱਸ ਪਰਫੈਕਟਲੀ।"

'ਆਈ ਨੋ, ਆਈ ਨੋ। ਵਾਈ ਦ ਵੇ, ਯੂ ਹੈਵ ਅ ਵੈਰੀ ਗੁੱਡ ਸੈਂਸ ਆਫ 'ਹੈਮਰ' ਔਲਸੋ!"

---

ਅਗਲੇ ਦਿਨ, ਸਵੇਰ ਤੋਂ ਦਾਨਿਸ਼ ਨੇ ਆਪਣੇ ਕਮਰੇ ਦੀ ਸਫ਼ਾਈ ਕਰਨੀ ਹੀ ਸ਼ੁਰੂ ਨਹੀਂ ਕਰ ਦਿੱਤੀ, ਸਗੋਂ ਲੈਂਡਲਾਈਨ ਫੋਨ ਉੱਤੇ ਵੀ ਦੋ-ਤਿੰਨ ਵਾਰ ਕੱਪੜਾ ਫੇਰਿਆ ਤੇ ਇਕ ਵਾਰ ਉਸ ਦੇ ਮਾਊਥ ਪੀਸ ਵਿਚ, ਪਰਫਿਊਮ ਦੀ ਸਪਰੇਅ ਵੀ ਕੀਤੀ। ਦਾਨਿਸ਼ ਨੂੰ ਲੱਗਦਾ ਸੀ ਕਿ ਲਤਾ ਕਪੂਰ ਦਾ ਫੋਨ ਨਹੀਂ ਆਉਣਾ, ਉਸ ਨੇ ਆਪ ਹੀ ਉਸ ਦੇ ਕਮਰੇ ਅੰਦਰ ਆ ਵੜਨਾ ਹੈ।

ਸ਼ਾਮ ਹੋਣ ਵਿਚ ਹਾਲੇ ਸਮਾਂ ਸੀ, ਪਰ ਇਸ ਸ਼ਾਮ ਦੇ ਸੁਆਗਤ ਦੀਆਂ ਤਿਆਰੀਆਂ ਕਰਨ ਲਈ ਬਹੁਤਾ ਸਮਾਂ ਨਹੀਂ ਰਹਿ ਗਿਆ ਸੀ। ਦਾਨਿਸ਼ ਨੇ ਦੇਖਿਆ ਕਿ ਕਮਰੇ ਦੀ 'ਟਹਿਲ-ਸੇਵਾ' ਵਿਚ ਕੋਈ ਬਹੁਤੀ ਕਸਰ ਨਹੀਂ ਰਹਿ ਗਈ ਸੀ ਤੇ ਹੁਣ ਤਕ ਇਹ ਟਹਿਲ-ਸੇਵਾ ਕਰਦੇ ਆ ਰਹੇ, ਇਸ ਦੇ 'ਸੇਵਾਦਾਰ' ਦੀ ਸੇਵਾ ਕਰਨ ਦਾ ਵੇਲ਼ਾ ਜ਼ਰੂਰ ਆ ਗਿਆ ਸੀ। ਜੇ ਲਤਾ ਕਪੂਰ ਦੇ ਅਸਿਸਟੈਂਟ ਖੰਨਾ ਦੀ ਉਡੀਕ ਨਾ ਵੀ ਹੁੰਦੀ ਤਾਂ ਵੀ ਹੁਣ ਤਕ ਦਾਨਿਸ਼ ਨੇ 'ਚਿਰਾਗ਼ਾਂ ਵਿਚ ਤੇਲ ਪਾ ਹੀ ਲੈਣਾ' ਸੀ। ਉਸ ਨੇ ਅਲਮਾਰੀ ਵਿਚੋਂ, ਲਿਸ਼ਕਾ ਕੇ ਰੱਖੇ ਹੋਏ ਕਈ ਕਿਸਮ ਦੇ ਗਿਲਾਸਾਂ ਵਿਚੋਂ, ਦੋ ਗਲਾਸ ਕੱਢ ਕੇ ਅਲਮਾਰੀ ਦੇ ਨਾਲ਼ ਹੀ ਬਣਵਾਈ ਹੋਈ 'ਬਾਰ' ਦੀ ਤਰਜ਼ ਦੀ ਉਸ ਉੱਚੀ ਜਿਹੀ ਸ਼ੈਲਫ ਉੱਤੇ ਟਿਕਾਅ ਦਿੱਤੇ, ਜਿਸ ਦੇ ਨਾਲ਼-ਨਾਲ਼ 'ਉੱਚੀ ਅੱਡੀ ਵਾਲ਼ੇ ਸਟੂਲ' ਵੀ ਟਿਕਾਏ ਹੋਏ ਸਨ। ਇੱਥੇ ਦੱਸ ਹੀ ਦੇਣਾ ਚਾਹੀਦਾ ਹੈ ਕਿ ਦਾਨਿਸ਼ ਨੇ ਭਲਿਆਂ ਸਮਿਆਂ ਵਿਚ ਕੁੱਝ ਪੈਸੇ ਜੋੜ ਕੇ ਅਤੇ ਕੁੱਝ ਪ੍ਰੋਡਿਊਸਰਾਂ ਤੋਂ ਇਕ-ਇਕ ਫ਼ਿਲਮ ਦਾ ਅਡਵਾਂਸ ਲੈ ਕੇ 'ਸ਼ਾਲਾਮਾਰ ਟਾਵਰ' ਦੀਆਂ ਸਿਖ਼ਰਲੀਆਂ ਮੰਜ਼ਿਲਾਂ ਤੋਂ ਥੋੜ੍ਹਾ ਜਿਹਾ ਹੇਠਾਂ ਇਹ 'ਸਟੂਡੀਓ ਫਲੈਟ' ਖਰੀਦ ਲਿਆ ਸੀ। ਕਿਸੇ ਤੋਂ ਵੀ ਇਹ ਗੱਲ ਗੁੱਝੀ ਨਹੀਂ ਸੀ ਕਿ ਦਾਨਿਸ਼ ਦੀ ਕਲਮ ਅਜੇ ਵੀ 'ਮਿੱਠੇ ਪਾਣੀਆਂ ਵਾਲ਼ੇ ਕਈ-ਕਈ ਖੂਹ ਪੁੱਟਣ' ਦੀ ਵੁੱਕਤ ਰੱਖਦੀ ਸੀ। ਉਸ ਨੇ ਇਕ ਕਮਰੇ ਦੇ, ਇਸ ਫਲੈਟ ਨੂੰ ਬਹੁਤ ਹੀ 'ਕਲਮਕਾਰਾਨਾ ਅੰਦਾਜ਼' ਵਿਚ ਵਿਉਂਤਿਆ ਹੀ ਨਹੀਂ ਹੋਇਆ ਸੀ, ਸਗੋਂ ਸਜਾਇਆ ਵੀ ਹੋਇਆ ਸੀ। ਇਸ ਫਲੈਟ ਨੂੰ ਉਹ, ਇਕ ਤੋਂ ਵੱਧ ਮੰਤਵਾਂ ਲਈ ਵਰਤਿਆ ਕਰਦਾ ਸੀ।

ਖ਼ੈਰ, ਸ਼ੈਲਫ਼ ਉੱਤੇ ਗਿਲਾਸ ਟਿਕਾ ਕੇ, ਉਸ ਦਾ ਧਿਆਨ ਖੰਨਾ ਵੱਲੋਂ ਭੇਜੇ ਹੋਏ ਵੀਡੀਓ ਲਿੰਕ ਵੱਲ ਚਲਿਆ ਗਿਆ। ਉਸ ਨੇ ਆਪਣੇ ਡੈਸਕ ਦੇ ਦਰਾਜ ਵਿਚੋਂ 'ਐੱਲ.ਈ.ਡੀ.' ਟੀਵੀ ਸਕਰੀਨ ਦਾ 'ਰਿਮੋਟ ਕੰਟਰੋਲ' ਕੱਢਿਆ ਤੇ ਟੀਵੀ ਆਨ ਕਰ ਕੇ 'ਯੂਟਿਊਬ' ਦੀ ਸਰਚ ਬਾਰ ਵਿਚ, ਖੰਨਾ ਵੱਲੋਂ ਭੇਜਿਆ ਹੋਇਆ ਵੀਡੀਓ ਲਿੰਕ ਟਾਈਪ ਕੀਤਾ।

⇒ ਬਾਕੀ ਅਗਲੇ ਅੰਕ ਵਿੱਚ...




*ਦਾਨਿਸ਼ ਨੂੰ 'ਦਾਨਿਸ਼ਵਰਾਂ' ਦੀ ਕਹੀ ਹੋਈ ਇਹ ਗੱਲ ਕਿ 'ਸਿਨੇਸਾਜ਼ੀ' ਬਹੁਤ ਹੀ 'ਅਸੁਰੱਖ਼ਿਅਤ ਜਿਹੀ' ਲਾਈਨ ਹੈ, ਚੇਤੇ ਆਉਣ ਲੱਗੀ। ਉਸ ਨੂੰ ਇਹ ਵੀ ਚੇਤਾ ਆਉਣ ਲੱਗਿਆ ਕਿ ਫ਼ਿਲਮ ਸਟਾਰ, ਫ਼ਿਲਮਾਂ ਵਿਚੋਂ ਕਮਾਇਆ ਹੋਇਆ ਪੈਸਾ ਖ਼ਰਚ ਕੇ, 'ਫਾਰਮ ਹਾਊਸ' ਜਾਂ 'ਜ਼ਮੀਨਾਂ-ਜਾਇਦਾਦਾਂ' ਅਤੇ ਕੁੱਝ ਹੋਰ ਲਾਹੇਵੰਦ ਵਪਾਰ-ਕਾਰੋਬਾਰ ਕਿਉਂ ਜਮਾਉਂਦੇ ਹਨ! ਉਸ ਨੂੰ ਇਹ ਗੱਲ, ਵਾਰ-ਵਾਰ ਹਲੂਣ ਰਹੀ ਸੀ ਕਿ ਹੋਰ ਜੋ ਮਰਜ਼ੀ ਹੋ ਜਾਵੇ, ਢਿੱਡ ਰਿਟਾਇਰ ਹੋਣ ਮਗਰੋਂ ਵੀ ਰਿਟਾਇਰ ਨਹੀਂ ਹੁੰਦਾ।*

## ਪਰਮਜੀਤ ਦਾ ਕਹਾਣੀ ਸੰਗ੍ਰਹਿ

# ‘ਜ਼ਿਬਹ ਹੁੰਦੇ ਪਲ’ ਬਨਾਮ ਹੱਥੋਂ ਕਿਰਦਾ ਜੀਵਨ

### ਪੜਚੋਲ



ਡਾ. ਪਰਮਜੀਤ ਸਿੰਘ ਸੋਹਲ


ਪਰਮਜੀਤ ਮੇਰੇ ਮੁਢਲੇ ਸਾਹਿਤਕ ਮਿੱਤਰਾਂ ਵਿੱਚੋਂ ਇੱਕ ਹੈ; ਜਿਸਨੂੰ ਆਰਥਿਕ ਮੰਦਹਾਲੀ ਤੇ ਜੀਵਨ ਦੇ ਸੰਘਰਸ਼ਮਈ ਦੌਰ ਨੇ ਕੁਝ ਚਿਰ ਲਈ ਦਬਾਈ ਰੱਖਿਆ ਹੈ। ਉਸਦਾ ਸਾਹਿਤਕ ਕੱਦ ਨਵੇਂ ਪੋਚ ਦੇ ਕਹਾਣੀਕਾਰਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈ। ਬੇਸ਼ੱਕ ਉਹਦੇ ਸੁਭਾਅ ਵਿੱਚ ਆਪਣੀ ਮਾਯੂਸ ਕਰ ਦੇਣ ਵਾਲੀ ਜ਼ਿੰਦਗੀ ਕਾਰਨ ਕੁਝ ਪਿਛੜੇਵਾਂ ਵੀ ਝਲਕਦਾ ਹੋਵੇਗਾ, ਪਰ ਇਸ ਕਹਾਣੀ ਸੰਗ੍ਰਹਿ ‘ਜ਼ਿਬਾਹ ਹੁੰਦੇ ਪਲ’ ਰਾਹੀਂ ਉਸ ਨੇ ਆਪਣਾ ਸਾਹਿਤ ਰਚਨ ਦਾ ਜਮੂਦ ਤੋੜਿਆ ਹੈ। ਇਸ ਉੱਦਮ ਲਈ ਉਸ ਨੂੰ ਵਧਾਈ!

‘ਜਿਬਹ ਹੁੰਦੇ ਪਲ’ ਕਹਾਣੀ ਸੰਗ੍ਰਹਿ ਬਾਰੇ ਮੇਰਾ ਪ੍ਰਤੀਕਰਮ ਕਹਾਣੀਆਂ ਦੇ ਵਸਤੂਗਤ ਪੱਖ ਦੀ ਪੜਚੋਲ ਪੱਖੋਂ ਹੀ ਹੈ। ਕਿਸੇ ਆਲੋਚਨਾ ਪੱਧਤੀ ਨੂੰ ਸਨਮੁਖ ਰੱਖ ਕੇ ਲਿਖਿਆ ਗਿਆ ਨਹੀਂ ਹੈ।

‘ਜਿਬਹ ਹੁੰਦੇ ਪਲ’ ਕਹਾਣੀ ਸੰਗ੍ਰਹਿ ਵਿੱਚ ਦਰਜ ਪਰਮਜੀਤ ਦੀ ਪਹਿਲੀ ਕਹਾਣੀ ‘ਦੌੜ’ ਇੱਕ ਮਾਰਮਿਕ ਕਹਾਣੀ ਹੈ, ਜੋ ਪਾਠਕ ਮਨ ਵਿੱਚ ਦੁੱਖ ਦੀ ਸੰਵੇਦਨਾ ਜਗਾਉਂਦੀ ਹੈ। ਮਰਨ ਉਪਰੰਤ ਵੀ ਬੰਦੇ ਦੀ ਦੌੜ ਖ਼ਤਮ ਨਹੀਂ ਹੁੰਦੀ। ਇਸ ਗੱਲ ਨੂੰ ਪਰਮਜੀਤ ਨੇ ਆਪਣੇ ਪਰਿਵਾਰਕ ਮਾਹੌਲ ਵਿੱਚੋਂ ‘ਬਾਪੂ’ ਦੀ ਮੌਤ ਨਾਲ ਸ਼ੁਰੂ ਕਰਕੇ ਕਿੰਨੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਰਾਜ ਮਿਸਤਰੀ ਦਾ ਕੰਮ ਕਰਦਾ ਬਾਪੂ ਅਧਰੰਗ ਦਾ ਸ਼ਿਕਾਰ ਹੋ ਕੇ ਮੰਜੀ ਜੋਗਾ ਰਹਿ ਜਾਂਦਾ ਹੈ। ਉਹਦੇ ਸਿਰ ਵੱਡੀ ਕਬੀਲਦਾਰੀ ਹੈ। ਪੁੱਤ ਹਾਰ ਕੇ ਕੰਮੀਂ ਲੱਗ ਜਾਂਦਾ ਹੈ। ਗ਼ੁਰਬਤ ਨਾਲ ਤੇ ਬੀਮਾਰੀ ਨਾਲ ਜੂਝਦੇ ਬਾਪੂ ਨੂੰ ਨਵੇਂ ਲੀੜੇ ਵੀ ਨਹੀਂ ਜੁੜਦੇ। ਬਾਪੂ, ਪੁੱਤ ਨੂੰ ਪਾਕਿਸਤਾਨ ਵਿੱਚ ਰਹਿੰਦਿਆਂ ਹੋਇਆਂ ਆਪਣੀ ਜੁਆਨੀ ਦੇ ਦਿਨਾਂ ਦੀ ਗੱਲ ਸੁਣਾਉਂਦਾ ਹੈ ਕਿ ਜਦੋਂ ਉਹ ਇੱਕ ਕੋਠੇ ’ਤੇ ਗੇਂਦ ਲੈਣ ਗਿਆ, ਚੁਬਾਰੇ ਵਿੱਚ ਪਈ ਜੁਆਨ ਕੁੜੀ ਨੇ ਪੈਸੇ ਮੰਗ ਕੇ ਪੈਸੇ ਨਾ ਹੋਣ ਦੀ ਸੂਰਤ ਵਿੱਚ ਉਸਨੂੰ ਭਜਾ ਦਿੱਤਾ। ਉਸ ਨੂੰ ਪਹਿਲੀ ਵਾਰੀ ਪਤਾ ਲੱਗਿਆ ਸੀ ਕਿ ਕੁੜੀ ਪੈਸੇ ਕਿਉਂ ਮੰਗਦੀ ਹੈ। ਬੱਸ ਇੱਥੋਂ ਹੀ ਬਾਪੂ ਦੀ ਦੌੜ ਸ਼ੁਰੂ ਹੋ ਗਈ ਸੀ। ਜਿਹੜੀ ਸ਼ਾਇਦ ਉਹਦੇ ਮਰਨ ਨਾਲ ਖ਼ਤਮ ਹੋ ਗਈ। ਕਹਾਣੀਕਾਰ ਬਾਪੂ ਦੀ ਕਹਾਣੀ ਸੁਣਾਉਂਦਾ ‘ਦੌੜ’ ਕਹਾਣੀ ਦਾ ਅੰਤ ਕਰਦਾ ਆਖਦਾ ਹੈ ਕਿ ਹੁਣ ਬਾਪੂ ਸ਼ਾਇਦ ਰੱਬ ਅੱਗੇ ਵੀ ਦੌੜਨ ਤੋਂ ਨਾਂਹ ਕਰ ਦੇਵੇਗਾ। ਬੰਦੇ ਅੰਦਰਲੀ ਅਕਾਂਖਿਆ ਦੀ ਦੌੜ ਮਰ ਕੇ ਖ਼ਤਮ ਨਹੀਂ ਹੁੰਦੀ। ਅਜਿਹਾ ਅੰਤ ਕਰਕੇ ਕਹਾਣੀਕਾਰ ਪਾਠਕ ਅੱਗੇ ਕਈ ਸਵਾਲੀਆ ਚਿੰਨ੍ਹ ਖੜੇ ਕਰ ਦਿੰਦਾ ਹੈ।

‘ਮਰਨ ਰੁੱਤ’ ਕਹਾਣੀ ਇੱਕ ਖ਼ਿਆਲ ਪੈਦਾ ਕਰਦੀ ਹੋਈ ਖ਼ਤਮ ਹੁੰਦੀ ਹੈ। ਬੁਢੇਪਾ, ਬੀਮਾਰੀ ਤੇ ਮੌਤ ਸੁਭਾਵਿਕ ਹੁੰਦੇ ਹੋਏ ਵੀ ਬੇਵਸੀ ਨਾਲ ਜਾ ਖਲੋਂਦੇ ਹਨ। ਦਰਅਸਲ, ਮੌਤ ਤਾਂ ਇਹੋ ਤਿਲ ਤਿਲ ਮਰਨ ਜਿਹਾ ਜੀਣਾ ਹੈ। ਮੌਤ ਜੋ ਅਮੀਰੀ, ਗ਼ਰੀਬੀ ਨਹੀਂ ਦੇਖਦੀ।...ਬਜ਼ੁਰਗ ਦੀ ਹਉਂ ਦਾ ਟੁੱਟਣਾ ਤੇ ਮੌਤ ਦਾ ਵਾਪਰਨਾ- ਦੋਵੇਂ ਪੱਖ ਇਸ ਕਹਾਣੀ ਨੂੰ ਖ਼ੂਬਸੂਰਤ ਨਾਂ ਦਿੰਦੇ ਹਨ- ‘ਮਰਨ ਰੁੱਤ’।






ਕਹਾਣੀਕਾਰ ਪਰਮਜੀਤ ਅਤੇ (ਸੱਜੇ) ਓਹਦੇ ਕਹਾਣੀ ਸੰਗ੍ਰਹਿ ਦਾ ਸਰਵਰਕ

‘ਸਵਾਲੀਆ ਉਲਾਂਭਾ’ ਕਹਾਣੀ ਧਾਰਮਿਕ ਕੱਟੜਵਾਦ, ਪੰਜਾਬ ਦੇ ਸਿਆਹ ਦੌਰ ਤੇ ਦਿੱਲੀ ਦੰਗਿਆਂ ਦੇ ਆਧਾਰ ’ਤੇ ਧਾਰਮਿਕ ਫ਼ਲਸਫ਼ਿਆਂ ਦੇ ਬਿਪਰੀਤ ਖੜੀ ਹੈ; ਭਾਵੇਂ ਕਹਾਣੀ ਮੌਤ ਦੇ ਭੈਅ ਦਾ ਸਾਇਆ ਸਿਰਜਦੀ ਹੈ, ਜਿਸ ਵਿੱਚ ਆਮ ਆਦਮੀ ਖਾਹਮਖਾਹ ਕਸੂਰਵਾਰ ਬਣਾ ਦਿੱਤਾ ਜਾਂਦਾ ਹੈ। ਉਨੀ ਸੌ ਚੁਰਾਸੀ ਦੇ ਸਿੱਖ ਕਤਲੇਆਮ ਤੋਂ ਲਗਭਗ 10 ਸਾਲ ਬਾਅਦ ਇਹ ਕਹਾਣੀ ‘ਲਕੀਰ’ ਪਰਚੇ ਵਿੱਚ ਛਪਦੀ ਹੈ। ਉਸ ਸਮੇਂ ਦੇ ਸਮਕਾਲੀ ਯਥਾਰਥ ਨੂੰ ਕਹਾਣੀਕਾਰ ਨੇ ਕਹਾਣੀ ਵਿੱਚ ਆਪਣੇ ਅੰਦਾਜ਼ ਵਿੱਚ ਬਿਆਨਿਆ ਹੈ।

‘ਬਾਪੂ’ ਕਹਾਣੀ ਲੋੜਾਂ, ਥੁੜਾਂ ਤੇ ਸਵਾਰਥੀ ਰਿਸ਼ਤਿਆਂ ਦੀਆਂ ਪ੍ਰਸਥਿਤੀਆਂ ਗਿਰਦ ਘੁੰਮਦੀ ਹੈ। ਬਾਪੂ ਦਾ ਕਿਰਦਾਰ ਉਸਦੀ ਮੌਤ ਪਿੱਛੋਂ ਵੀ ਹਾਜ਼ਰ ਨਾਜ਼ਰ ਰਹਿੰਦਾ ਹੈ। ਸੁਖਾਂਤਕ ਅੰਤ ਸਿਰਜਦੀ ਕਹਾਣੀ ਭਰਾਤਰੀ ਪ੍ਰੇਮ ਭਾਵਨਾ ਦਾ ਸੁਨੇਹਾ ਵੀ ਦੇ ਜਾਂਦੀ ਹੈ।

‘ਨੱਕ’ ਕਹਾਣੀ ਨਾਤੇਦਾਰੀ, ਰਿਸ਼ਤਗੀ ਤੇ ਸਮਾਜਿਕ-ਧਾਰਮਿਕ ਮਰਿਆਦਾਵਾਂ ’ਤੇ ਕਟਾਖ਼ਸ਼ ਕਸਦੀ ਹੈ। ‘ਨੱਕ’ ਰਹਿਣਾ ਜਾਂ ਨੱਕ ਰੱਖਣਾ ਤੇ ਨੱਕ ਵਢਾ ਦੇਣਾ ਆਦਿ ਪੰਜਾਬੀ ਰਹਿਤਲ ਦੇ ਮੁਹਾਵਰੇ ਵੀ ਸਾਡੇ ਸਮਾਜਿਕ ਵਰਤਾਰੇ ਦੀ ਨਿਸ਼ਾਨਦੇਹੀ ਕਰਦੇ ਹਨ। ਸਮਾਜ ਜਿਸ ਨੂੰ ਮਾਨਤਾ ਦਿੰਦਾ ਹੈ, ਉਹ ਕਿਸੇ ਦੇ ਸਵੈਮਾਣ ਦੀ ਮੌਤ ਵੀ ਹੋ ਸਕਦਾ ਹੈ। ਬਿਨਾਂ ਨੱਕ ਤੋਂ ਬੁੱਤ ਨੂੰ ਕਮਾਲ ਸ਼ਾਹਕਾਰ ਗਰਦਾਨਿਆ ਜਾਂਦਾ ਹੈ। ਸਮਾਜਕ ਸੀਮਾਵਾਂ ਵਿਰੁਧ ਖੜਨ ਵਾਲੇ ਦਾ ਨੱਕ ਹੀ ਨਹੀਂ ਰਹਿਣ ਦਿੱਤਾ ਜਾਂਦਾ। ਸੋ ਪ੍ਰਤੀਕਾਤਮਕ ਰੂਪ ਵਿੱਚ ਇਸ ਕਹਾਣੀ ਬੜਾ ਕੁਝ ਆਖ ਜਾਂਦੀ ਹੈ।

‘ਸਹਿਜਤਾ ਤੱਕ’ ਬੰਦੇ ਦੀ ਮਾਨਸਿਕ ਉਥਲ-ਪੁਥਲ ਨੂੰ ਦਰਸਾਉਂਦੀ ਹੈ। ਬੰਦੇ ਦੀ ਦੂਜਿਆਂ ਪ੍ਰਤੀ ਸੋਚ ਇਕਸਾਰ ਨਹੀਂ ਰਹਿੰਦੀ, ਅਕਸਰ ਬਦਲਦੀ ਰਹਿੰਦੀ ਹੈ। ਜੋ ਅਸੀਂ ਕਿਸੇ ਬਾਰੇ ਧਾਰਨਾ ਬਣਾ ਲੈਂਦੇ ਹਾਂ, ਕਈ ਵਾਰ ਵਾਹ ਪਿਆਂ ਉਸ ਤੋਂ ਬਿਪਰੀਤ ਵਿਹਾਰ ਹੋਣ ’ਤੇ ਸਾਡੀ ਉਸ ਪ੍ਰਤੀ ਸੋਚ ਵੀ ਬਦਲ ਜਾਂਦੀ ਹੈ। ਇਸੇ ਕਸ਼ਮਕਸ਼ ਵਿੱਚੋਂ ਇਸ ਕਹਾਣੀ ਦੇ ਪਾਸਾਰ ਪੇਸ਼ ਹਨ।

‘ਤਾਰੇ ਤਾਂ...।’ ਇੱਕ ਈਮਾਨਦਾਰੀ ਪਟਵਾਰੀ ਦੀ ਕਹਾਣੀ ਹੈ, ਜਿਸਨੂੰ ਭ੍ਰਿਸ਼ਟ ਲੋਕਾਂ ਨਾਲੋਂ ਜ਼ਿੰਦਗੀ ਵਿੱਚ ਪਿੱਛੇ ਰਹਿਣ ਦਾ ਪਛਤਾਵਾ ਹੈ, ਉਸਦੀ ਭ੍ਰਿਸ਼ਟ ਵਸੀਲਿਆਂ ਨਾਲ ਸਮਝੌਤਾ ਨਾ ਕਰ ਸਕਣ ਦੀ ਬੇਵਸੀ ਵੀ ਹੈ। ਭਾਵੇਂ ਜ਼ਮੀਰ ਮਾਰ ਕੇ ਉਹ ਆਪਣੇ ਮੁੰਡੇ ਦੀ ਨੌਕਰੀ ਲਈ ਸਿਫ਼ਾਰਸ਼ ਲਗਾਉਂਦਾ ਹੈ, ਪਰ ਮੁੰਡਾ ਇਸ ਦਾ ਲਾਭ ਨਹੀਂ ਲੈਂਦਾ। ਉਹ ਜ਼ਿੰਦਗੀ ਨੂੰ ਆਪਣੇ ਅਸੂਲਾਂ ਨਾਲ ਜੀਣਾ ਚਾਹੁੰਦਾ ਹੈ। ਰਾਤੀਂ ਸੌਣ ਲੱਗਿਆਂ ਕੋਠੇ ’ਤੇ ਚਮਕਦੇ ਤਾਰੇ ਦੇਖ ਕੇ ਉਸ ਦੇ ਟੁੱਟੇ ਮਨ ਨੂੰ ਆਸ ਮਿਲ ਜਾਂਦੀ ਹੈ।

‘ਜਿਬਾਹ ਹੁੰਦੇ ਪਲ’ ਕਹਾਣੀ ਦੇ ਆਧਾਰ ’ਤੇ ਹੀ ਇਸ ਕਹਾਣੀ ਸੰਗ੍ਰਹਿ ਦਾ ਸਿਰਲੇਖ ਰੱਖਿਆ ਗਿਆ ਹੈ। ਕਹਾਣੀ ਵਿੱਚ ਦਿਹਾੜੀ ਟੁੱਟਣ ਦੇ ਦੁਖਾਂਤ ਨੂੰ ਜਿਬਾਹ ਹੁੰਦੇ ਪਲਾਂ ਦੇ ਰੂਪ ਵਿੱਚ ਬਿਆਨਿਆ ਗਿਆ ਹੈ। ਵਰ੍ਹਦੇ ਮੀਂਹ ਦੇ ਨਾਲ ਨਾਲ ਵਧਦੇ ਫ਼ਿਕਰ ਤੇ ਤਣਾਅ ਨੂੰ ਸਮਾਨੰਤਰ ਵਧਦਿਆਂ ਦਿਖਾਇਆ ਗਿਆ ਹੈ। ਸਾਰੀ ਕਹਾਣੀ ਵਿੱਚ ਪ੍ਰਭਾਵ ਦੀ ਏਕਤਾ ਕਾਇਮ ਰਹਿੰਦੀ ਹੈ। ਸੰਤੋਖ ਸਿੰਘ ਧੀਰ ਦੀ ‘ਸਵੇਰ ਹੋਣ ਤੱਕ’ ਵਾਂਗ ਇਹ ਵੀ ਇੱਕ ਕਮਾਲ ਦੀ ਕਹਾਣੀ ਹੈ, ਫ਼ਰਕ ਦੋਹਾਂ ਕਹਾਣੀਆਂ ਦੇ ਵਾਤਾਵਰਣ ਤੇ ਸਬਜੈਕਟ ਦਾ ਹੈ, ਪਰ ਦੁੱਖ ਦੀ ਸ਼ਿੱਦਤ ਦੋਹਾਂ ਕਹਾਣੀਆਂ ਵਿੱਚ ਲਗਭਗ ਇਕੋ ਜਿਹੀ ਹੈ।

‘ਕੱਜਣ’ ਕਹਾਣੀ ਰਿਸ਼ਤਿਆਂ ਦੇ ਤਣਾਅ ਨੂੰ ਬਾਖ਼ੂਬੀ ਪੇਸ਼ ਕਰਦੀ ਹੋਈ ਸਮਾਜਿਕ ਮਰਿਆਦਾ ਅਧੀਨ ਵਿਚਰਨ ਦੀ ਕੋਸ਼ਿਸ਼ ਦਾ ਬਿਆਨ ਹੈ। ਰਿਸ਼ਤੇ ਲਹੂ ਦੇ ਨਹੀਂ, ਪਰ ਲਹੂ ਦੇ ਰਿਸ਼ਤਿਆਂ ਅਤੇ ਸਮਾਜਿਕ ਮਰਿਆਦਾ ਦੇ ਕੱਜਣ ਹੇਠ ਘਰ ਦੀ ਧੀ-ਧਿਆਣੀ ਦੀ ਲੱਜ ਪਾਲਦੇ ਨਜ਼ਰ ਆਉਂਦੇ ਹਨ।

‘ਪੂਰਨ ਅਪੂਰਨ ਪਿਆਰ’ ਕਹਾਣੀ ਪਿਆਰ ਅਤੇ ਮੌਤ ਦੇ ਅਹਿਸਾਸ ਨੂੰ ਇਕੋ ਸਾਹੇ ਬਿਆਨ ਦਿੰਦੀ ਹੈ। ਇਸ ਕਹਾਣੀ ਵਿੱਚ ਮਨ ਅੰਦਰਲੇ ਕਿਰਦਾਰ ਰੂਪਮਾਨ ਹੋਏ ਹਨ। ‘ਜੀਵਨ ਮੰਥਨ’ ਕਹਾਣੀ ਪਿਆਰ, ਦੋਸਤੀ ਅਤੇ ਬਚਪਨ ਦੀਆਂ ਯਾਦਾਂ ਰਾਹੀਂ ਜੀਵਨ ਨੂੰ ਪੁਨਰ-ਰੂਪ ਵਿੱਚ ਜੀਣ ਦਾ ਆਭਾਸ ਕਰਾਉਂਦੀ ਹੈ। ਜ਼ਿੰਦਗੀ ਦੀ ਅਮੀਰੀ ਪੈਸੇ ਨਾਲ ਨਹੀਂ, ਸਹਿਜ ਰੂਪ ਵਿੱਚ ਵਿਚਰਨ ਨਾਲ ਹੀ ਦੇਖੀ/ਮਾਣੀ ਜਾ ਸਕਦੀ ਹੈ।

‘ਕੁਝ ਪਲ ਹੀ ਸਹੀ’ ਕਹਾਣੀ ਵਿੱਚ ਪਿਉ, ਪੁੱਤਰ ਦੀ ਜ਼ਿੰਦਗੀ ਦੇ ਜਲੌਅ ਨੂੰ ਦੇਖਦਾ ਹੈ, ਜੋ ਖ਼ੁਦ ਨਹੀਂ ਸੀ ਮਾਣ ਸਕਿਆ। ਇਹ ਮੁੱਦਾ ਕਹਾਣੀ ਦਾ ਮੂਲ ਸਰੋਕਾਰ ਹੈ। ਕਹਾਣੀ ਆਦਿ ਤੋਂ ਅੰਤ ਤੱਕ ਇਸ ਵਿਸ਼ੇ ’ਤੇ ਕੇਂਦਰਿਤ ਰਹਿੰਦੀ ਹੈ। ‘ਮੌਤ ਮੰਥਨ’ ਕਹਾਣੀ ਵਿੱਚ ਮੌਤ ਦੇ ਦੁੱਖ ਨਾਲੋਂ ਦਿਖਾਵੇ ਦੀ ਪ੍ਰਧਾਨਤਾ ਨੂੰ ਚਿਤਰਿਆ ਗਿਆ ਹੈ। ਸਮਾਜ ਦਾ ਇਹ ਯਥਾਰਥ ਵੀ ਹੈ। ਲਾਸ਼ ਦੇ ਸਨਮੁਖ ਕਹਾਣੀਕਾਰ ਅੰਦਰਲੇ ਕਿਰਦਾਰ ਦੀ ਮੌਤ ਦਿਖਾ ਰਿਹਾ ਹੈ।

ਅੰਤਲੀ ਕਹਾਣੀ ‘ਅੰਕੁਰ’ ਵਿੱਚ ਉਸ ਲਗਨ ਦੀ ਬਾਤ ਪਾਈ ਗਈ ਹੈ, ਜੋ ਪਾਤਰ ਕੁੜੀ ਅੰਦਰ ਵਧੀਆ ਕਹਾਣੀਕਾਰਾਂ ਦੀਆਂ ਲਿਖਤਾਂ ਪੜ੍ਹਨ ਦੀ ਉਤਸੁਕਤਾ ਪੈਦਾ ਜਗਾਉਂਦੀ ਹੈ। ਘਟਨਾ ਦਾ ਬਿਆਨ ਸੰਖਿਪਤ ਹੈ, ਪਰ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਗਿਆ ਹੈ। ਕਹਾਣੀ ਵਿਚਲਾ ਪਾਤਰ ਮੈਕਸਿਮ ਗੋਰਕੀ ਦੀਆਂ ਕਹਾਣੀਆਂ ਦੀ ਕਿਤਾਬ ਦੇ ਟਾਈਟਲ ਤੋਂ ਪ੍ਰਭਾਵਿਤ ਹੋ ਕੇ ਕਿਸੇ ਫਿਲਮ ਵਿੱਚ ਖਲਨਾਇਕ ਦਾ ਰੋਲ ਕਰਨਾ ਚਾਹੁੰਦਾ ਹੈ। ਕੁੜੀ ਦੀ ਉਤਸੁਕਤਾ ਦਾ ਅੰਕੁਰ ਫੁੱਟ ਪੈਂਦਾ ਹੈ, ਜਿਸਦਾ ਸਬੂਤ ਉਹਦੇ ਹੱਥ ਲੱਗੀ ਮੈਕਸਿਮ ਗੋਰਕੀ ਦੀਆਂ ਕਹਾਣੀਆਂ ਦੀ ਕਿਤਾਬ ਹੈ। ਕੁੜੀ ਦੀ ਇਹ ਠੱਗੀ ਵੀ ਕਾਬਿਲੇ ਤਾਰੀਫ਼ ਹੈ। ਕਹਾਣੀਕਾਰ ਇਸ ਘਟਨਾ ਨੂੰ ਕਹਾਣੀ ਰੂਪ ਦੇ ਦਿੰਦਾ ਹੈ। ‘ਅੰਕੁਰ’ ਲਈ ਜ਼ਮੀਨ ਤਿਆਰ ਕਰਨ ਵਾਲਾ ਨਵਾਂ ਲੇਖਕ ਇਸ ਲਈ ਪ੍ਰਸ਼ੰਸਾਯੋਗ ਹੈ ਕਿ ਅਜਿਹਾ ਕਰਕੇ ਉਸ ਨੇ ਕੁੜੀ ਦੇ ਮਨ ਵਿੱਚ ਸਾਹਿਤ ਦਾ ਅੰਕੁਰ ਵਿਗਸਣ ਦਾ ਮੌਕਾ ਪ੍ਰਦਾਨ ਕੀਤਾ ਹੈ।

ਸਮੁੱਚੇ ਰੂਪ ਵਿੱਚ ਪਰਮਜੀਤ ਦੀਆਂ ‘ਜਿਬਾਹ ਹੁੰਦੇ ਪਲ’ ਵਿੱਚ ਸਮਾਜਿਕ, ਆਰਥਿਕ, ਪਰਿਵਾਰਕ, ਧਾਰਮਿਕ ਪੱਖਾਂ ਨੂੰ ਯਥਾਰਥਮਈ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਵਾਲੀਆਂ ਕਹਾਣੀਆਂ ਦਰਜ ਹਨ। ਪਰਮਜੀਤ ਨੇ ‘ਮੌਤ’ ਦੇ ਵਿਸ਼ੇ ਨਾਲ ਸਬੰਧਿਤ ਕਾਫ਼ੀ ਕਹਾਣੀਆਂ ਵਿੱਚ ਚਿੰਤਨ ਕੀਤਾ ਹੈ। ਲਗਪਗ ਬਹੁਤੀਆਂ ਕਹਾਣੀਆਂ ਵਿੱਚ ਅਪਰੋਖ ਜਾਂ ਸਾਮਰਤੱਖ ਮੌਤ ਦਾ ਵਿਵਰਣ ਦਰਜ ਹੁੰਦਾ ਹੈ। ਪਰਮਜੀਤ ਦੀਆਂ ਇਹ ਕਹਾਣੀਆਂ ਜੀਵਨ ਨਾਲ ਖਹਿ ਕੇ ਤੁਰਦੀ ਮੌਤ ਬਾਰੇ ਆਪਣੇ ਵਿਚਾਰ ਦਰਜ ਕਰਵਾਉਂਦੀਆਂ ਹਨ।

ਡਾ. ਅਮਰਜੀਤ ਕੌਂਕੇ ਦੀ ਭੂਮਿਕਾ ਅਨੁਸਾਰ ਪਰਮਜੀਤ ਦੀਆਂ ਕਹਾਣੀਆਂ ‘ਜੀਵਨ ਯਥਾਰਥ ਦੀਆਂ ਕਹਾਣੀਆਂ’ ਹਨ ਅਤੇ ਇਨ੍ਹਾਂ ਵਿਚਲੇ ਪਾਤਰ ਸਾਡੇ ਆਲੇ-ਦੁਆਲੇ ਵਿੱਚ ਆਮ ਹੀ ਵਿਚਰਦੇ ਮਹਿਸੂਸ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਪਰਮਜੀਤ ਕਹਾਣੀਆਂ ਵਿੱਚ ਨਵੇਂ ਪ੍ਰਯੋਗ ਵੀ ਕਰਦਾ ਹੈ। ਉਸ ਕੋਲ ਪ੍ਰੌਢ ਕਹਾਣੀਕਾਰਾਂ ਵਾਂਗ ਕਹਾਣੀ ਦੀ ਬਣਤਰ ਕਰਨ ਤੇ ਗੱਲ ਕਹਿਣ ਦਾ ਰੁਝਾਨ ਹਾਜ਼ਰ ਹੈ। ਸਮੇਂ ਦੇ ਲੰਮੇ ਅੰਤਰਾਲ ਬਾਅਦ ਇਨ੍ਹਾਂ ਕਹਾਣੀਆਂ ਦਾ ਕਿਤਾਬੀ ਰੂਪ ਉਸਦੇ ਪਹਿਲੇ ਕਹਾਣੀ ਸੰਗ੍ਰਹਿ ‘ਜ਼ਿਬਹ ਹੁੰਦੇ ਪਲ’ ਰਾਹੀਂ ਪ੍ਰਗਟ ਹੋਇਆ ਹੈ। ਖ਼ੁਸ਼ਆਮਦੀਦ! ਉਮੀਦ ਹੈ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਉਹ ਇਸੇ ਤਰ੍ਹਾਂ ਅਗਾਂਹ ਵੀ ਸਿਰਜਨਾਤਮਕ ਅਮਲ ਜਾਰੀ ਰੱਖੇਗਾ।

## ਪਰਮਜੀਤ ਦੀ ਇੱਕ ਮਿੰਨੀ ਕਹਾਣੀ: ‘ਖੜੋਤ’

***‘ਖੜੋਤ’ ਇੱਕ ਛੋਟੇ ਆਕਾਰ ਦੀ ਕਹਾਣੀ ਹੈ, ਜਿਸ ਦਾ ਢਾਂਚਾ ਬਿੰਬਾਤਮਕ ਹੈ। ਇੱਕ ਪਾਸੇ ਮਾਂ ਮਰੀਅਮ ਦੀ ਕੁੱਖੋਂ ਜਨਮ ਲੈਣ ਦੀ ਇੱਛਾ ਤੇ ਦੂਜੀ ਤਰਫ਼ ਸਮਾਜ ਦੀਆਂ ਤੋਹਮਤਾਂ ਦਾ ਸੱਲ ਹੈ। ਇਨ੍ਹਾਂ ਦੋਹਾਂ ਸਿਰਿਆਂ ਵਿਚਕਾਰ ਇਸ ਕਹਾਣੀ ਦੀ ਸਿਰਜਣਾ ਹੋਈ ਹੈ। ਸਮਾਜ ਵਿੱਚ ਪਵਿੱਤਰਤਾ, ਧਾਰਮਿਕ ਆਸਥਾ ਲਈ ਕੋਈ ਜਗ੍ਹਾ ਨਹੀਂ; ਇੱਥੇ ਜੋ ਮਰਿਆਦਾ ਨਜ਼ਰ ਆਉਂਦੀ ਹੈ, ਉਹੀ ਸਵੀਕਾਰੀ ਜਾਂਦੀ ਹੈ। ਇਹ ਕਹਾਣੀ ਸਮਾਜਿਕ ਖੜੋਤ ਨੂੰ ਤੋੜਨ ਦਾ ਹੰਭਲਾ ਮਾਰਦੀ ਹੈ।***

ਸਾਹਮਣੇ ਦੀਵਾਰ ’ਤੇ ਲਟਕ ਰਹੀ ਮਾਂ ਮਰੀਅਮ ਦੀ ਤਸਵੀਰ। ਮਾਂ ਮਰੀਅਮ ਮੁਸਕਰਾ ਰਹੀ ਹੈ-ਮੇਰੇ ਵੱਲ ਦੇਖ ਕੇ ਜਾਂ ਸਾਰੀ ਦੁਨੀਆ ਵੱਲ ਦੇਖ ਕੇ।

ਉਹਦੀ ਸੱਜਰੀ ਸੁੱਚੀ ਝੋਲ ਵਿੱਚ ਇਕ ਫੁੱਲ ਟਹਿਕ ਰਿਹਾ ਹੈ, ਤਰੇਲ ਨਾਲ ਨਿੱਖਰਿਆ, ਮਹਿਕ ਵਿੱਚ ਗੜੁੱਦ।

ਮਾਂ ਮਰੀਅਮ ਮੁਸਕਰਾ ਰਹੀ ਹੈ। ਮੁਸਕਾਨ ਜੀਹਦੇ ਵਿੱਚ ਆਪਾ ਭਿੱਜ ਜਾਵੇ, ਮੁਸਕਾਨ ਜੀਹਦੇ ਵਿਚ ਸਭ ਸ਼ੂਨਯ ਹੋ ਜਾਵੇ, ਮੁਸਕਾਨ ਜੀਹਦੇ ਵਿੱਚ ਸੰਮੋਹਨ ਹੈ, ਮੁਸਕਾਨ ਜੀਹਦੇ ਵਿਚ ਮੋਕਸ਼ ਹੈ।

ਹਵਾ ਦਾ ਕੋਈ ਨਰਮ ਤੇ ਕੋਮਲ ਬੁੱਲਾ ਜਿਵੇਂ ਲੂੰਆਂ ’ਚੋਂ ਗੁਜ਼ਰ ਕੇ ਸਾਰੇ ਸਰੀਰ ਵਿੱਚ ਰਚ ਮਿਚ ਗਿਆ। ਇੱਕ ਝਰਨਾਹਟ-ਜ਼ੇਹਨ ਦੇ ਛੰਨੇ ’ਤੇ ਕੋਈ ਰੂਹਾਨੀ ਛਹਿਬਰ। ਇੱਕ ਨਸ਼ਾ... ਕੋਈ ਸੂਫ਼ੀਆਨਾ ਖ਼ੁਮਾਰੀ... ਇੱਕ ਸਮਾਧੀ ਛਿਣ, ਇਕ ਅਸਾਧ ਝੱਲ।

ਮਾਂ ਮਰੀਅਮ। ਸਿਰਫ਼ ਇੱਕ ਵਾਰੀ ਮੈਨੂੰ ਆਪਣੀ ਕੁੱਖ ਵਿੱਚੋਂ ਜੰਮ ਦੇ! ਸਿਰਫ ਇਕ ਵਾਰੀ!

ਮਾਂ ਮਰੀਅਮ ਅਜੇ ਵੀ ਮੁਸਕਰਾ ਰਹੀ ਹੈ। ਉਹਦੇ ਬੁੱਲ੍ਹਾਂ ’ਚੋਂ ਕਿਰਦੇ ਲਫ਼ਜ਼ ਜੀਕਣ ਮੈਂ ਬੋਚ ਰਿਹਾ ਹਾਂ, “ਮੇਰੀ ਗੋਦ ਸਿਰਫ ਇੱਕੋ ਵਾਰੀ ਹਰੀ ਹੋਣੀ ਸੀ ਸ਼ਾਇਦ, ਸ਼ਾਇਦ ਇੱਕੋ ਮਨੁੱਖ ਵਿੱਚ ਗੋਦ ਦਾ ਦੁੱਖ ਝੱਲਣ ਦੀ ਤਾਕਤ ਸੀ।”



“ਨਹੀਂ... ਨਹੀਂ ਮਾਂ... ਇਹ ਸੋਚ ਸਿਰਫ਼ ਤੇਰੀ ਹੈ। ਸਿਰਫ਼ ਇੱਕ ਵਾਰੀ ਫੇਰ ਤੇਰੀ ਗੋਦ ਹਰੀ ਭਰੀ ਹੋਵੇ... ਸਿਰਫ਼ ਇੱਕ ਵਾਰੀ।

ਮਾਂ ਮਰੀਅਮ ਮੁਸਕਰਾ ਰਹੀ ਹੈ... ਪਰ ਕਿਸੇ ਵੱਖਰੇ ਕੋਣ ਤੋਂ... ਕਿਸੇ ਵੱਖਰੇ ਲਹਿਜ਼ੇ ਤੋਂ, ਜਿਵੇਂ ਆਖ ਰਹੀ ਹੋਵੇ, “ਪਾਗਲ ਹੋ ਗਿਆ... ਘੁੰਮ ਗਿਆ... ਨਾਦਾਨ... ਬੇਸਮਝ! ਦੇਖ... ਤੇਰੇ ਵਿੱਚ ਹੈ ਯੁਗਾਂ ਨੂੰ ਬਦਲਣ ਦੀ ਹਿੰਮਤ... ਦੇਖ।”

ਮੇਰਾ ਸਮਾਧੀ ਛਿਣ, ਮੇਰਾ ਝੱਲ ਜਿਵੇਂ ਹਿੱਲ ਕੇ ਰਹਿ ਗਿਆ। ਮੇਰੀਆਂ ਅੱਖਾਂ ਵਿੱਚ ਹੰਝੂ, ਜਿਵੇਂ ਕਿਸੇ ਸੱਚਾਈ ਨੂੰ ਬਾਹਰ ਕੱਢਣ ਲੱਗੇ। ਕੁਝ ਕਮਜ਼ੋਰ ਆਪਾ ਮਹਿਸੂਸ ਕੀਤਾ ਮੈਂ।

ਤੇ ਇਹੋ ਕਮਜ਼ੋਰੀ ਮੇਰੇ ਵਿੱਚ ਇੱਕ ਵਾਰਗੀ ਦ੍ਰਿੜ੍ਹਤਾ ਲੈ ਆਈ ਤੇ ਮੈਂ ਮਾਂ ਮਰੀਅਮ ਦੀ ਗੋਦ ਮੱਲ ਲਈ... ਮਾਂ ਮਰੀਅਮ ਦੀ ਪਵਿੱਤਰ ਗੋਦ।

ਬਲਦੀਆਂ ਲਾਟਾਂ ਚੁੱਕੀ ਲੋਕਾਂ ਦਾ ਹਜੂਮ... ਵਿਸ਼ ਭਰੀਆਂ ਲਟਕਦੀਆਂ ਜੀਭਾਂ ਦਾ ਸ਼ੋਰ...

ਕੀਹਦਾ ਹੈ ਇਹ ਬੱਚਾ...

ਕੀਹਦਾ ਪਾਪ ਹੈ ਇਹ...

ਗੰਦਾ ਕੀੜਾ...

ਨਾਜਾਇਜ਼... ਨਾਜਾਇਜ਼

ਹਰਾਮੀ... ਹਰਾਮੀ

ਲਿਆਉ... ਇਹਦੇ ਲਈ ਸਲੀਬ ਲਿਆਉ...

ਇਹਦੀ ਜਗ੍ਹਾ ਧਰਤੀ ’ਤੇ ਨਹੀਂ...

ਤੇ ਮੈਂ ਝੱਟ ਮਰੀਅਮ ਦੀ ਗੋਦ ਵਿੱਚੋਂ ਛਾਲ ਮਾਰ ਦਿੱਤੀ...।



ਸਰਬੰਸਦਾਨੀ ਕਲਗੀਧਰ ਦਸਮੇਸ਼ ਪਿਤਾ

# ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ

## ਆਪ ਸਭ ਨੂੰ ਨਵੇਂ ਸਾਲ ਦੀਆਂ ਬਹੁਤ ਬਹੁਤ ਵਧਾਈਆਂ

## Happy New Year 2025

**May the New Year bring you new beginnings, exciting opportunities, and lots of Joy**



**ਡਾ. ਰਛਪਾਲ ਸਿੰਘ ਬਾਜਵਾ**
ਫੋਨ: 630-303-8330



**ਰਘਵਿੰਦਰ ਸਿੰਘ ਮਾਹਲ**
ਫੋਨ: 331-321-6304

**ਵੱਲੋਂ: ਸਮੂਹ ਬਾਜਵਾ ਅਤੇ ਮਾਹਲ ਪਰਿਵਾਰ (ਸ਼ਿਕਾਗੋਲੈਂਡ)**

# ਸਮੂਹ ਪੰਜਾਬੀ ਭਾਈਚਾਰੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਮੁਬਾਰਕਾਂ

*ਆਪਣੇ ਵਿਰਸੇ, ਆਪਣੇ ਸੱਭਿਆਚਾਰ ਨਾਲ ਆਪ ਜੁੜੋ ਅਤੇ ਆਪਣੇ ਬੱਚਿਆਂ ਨੂੰ ਵੀ ਜੋੜੋ

CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ

## Punjabi Cultural Society of Chicago
## ਪੰਜਾਬੀ ਸੱਭਿਆਚਾਰਕ ਸਭਾ-ਸ਼ਿਕਾਗੋ

Celebrating 31 Years of Community Service

*To Celebrate Vaisakhi PCS Presents...*

# ਰੰਗਲਾ ਪੰਜਾਬ

Rangla Punjab **2025!**

**Saturday**
**April 26, 2025**
**Copernicus Center**
5216 W Lawrence Ave Chicago, IL 60630



**Registration Open!**
*Ages 5 and above only
*Participants & Teams should register before 16 February, 2025.
*Rehearsals start on 12 January, 2025 at National India Hub (930 National Pkwy, Schaumburg, IL)

REGISTER NOW!

**More Information at:**
https://www.pcschicago.org
Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

## PCS DRAWING CONTEST 18 JAN 2025

Theme: "Pind Di Saver- ਪਿੰਡ ਦੀ ਸਵੇਰ" "Shaa Vela" in Punjab

*10 AM - 2 PM*

**Categories:**
Ages 5 - 10
Ages 11 - 16

**WIN EXCITING PRIZES!!**
Ages 5 - 10: $100, $50, $25
Ages 11 - 16: $250, $100, $50

NATIONAL INDIA HUB
930 National Parkway,
Schaumburg, IL 60173

REGISTER NOW!

More Information at:
www.pcschicago.org

*One Drawing per participant, original artwork based on theme or provided template.
*All contestants will be judged on their original style and artistic value.
*Drawings must be original and authentic.
*Any medium is accepted: pencil, charcoal, watercolor, oil, etc.
Please note Pastels or charcoal entries must be properly sprayed to prevent smearing.
*Photographs and computer-generated artwork will not be accepted.
*A coded drawing sheet and basic coloring supplies will be provided to all the participants on the contest day, participant can bring their own coloring supplies with them.
*Lunch will be provided to all participants and family members.

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.